


ਚਰਨ ਸਿੰਘ
ਜਨਮ : ਪਿੰਡ ਬੇਗੋਵਾਲ,
(ਨਵੰਬਰ 01, 1947)
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਸ੍ਰੀਮਤੀ ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ।
ਉੱਚ ਵਿੱਦਿਆ : ਲਾਇਲਪੁਰ ਖ਼ਾਲਸਾ ਕਾਲਜ ਜਲੰਧਰ (ਐਮ. ਏ. ਪੰਜਾਬੀ ਸਾਹਿਤ)
1980 ਤੋਂ ਕੈਨੇਡਾ ਵਿਚ ਨਿਵਾਸੀ।

CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com
Website : charan singh.ca@


ਕਰਦਾ ਨਹੀਂ ਜੀਅ
ਚੰਨਾ ਕੁਝ ਕਹਿਣ ਨੂੰ
ਮਹਿਕਾਂ ਵਿਚ ਖਿੜਿਆ ਹੈ
ਫੁੱਲ ਇਸ ਦਿਲ ਦਾ
ਕਰਦਾ ਹੈ ਜੀਅ ਸਦਾ
ਤੇਰੇ ਕੋਲ ਬੈਠੇ ਰਹਿਣ ਨੂੰ


ISBN 818299-657-61
818299-657-61
Rs. 300/-


ਚਲ ਮਨਾ | ਬ੍ਰਿਹਾ ਬੋਲ ਪਿਆ | ਮੌਲੀ ਧਰਤੀ ... ਚਰਨ ਸਿੰਘ

kaav shastar

# ਚਲ ਮਨਾ
# ਬ੍ਰਿਹਾ ਬੋਲ ਪਿਆ
# ਮੌਲੀ ਧਰਤੀ

ਚਰਨ ਸਿੰਘ

ਤੇਰੀ ਜ਼ਫ਼ਾ ਦੀ
ਇੰਤਹਾ ਹੋ ਗਈ
ਇਕ ਪੱਥਰ ਦੀ ਮੂਰਤ
ਖ਼ੁਦਾ ਹੋ ਗਈ
-0-
ਲਥਿਆ ਹੈ ਭਾਰ ਸਿਰ ਤੋਂ
ਆਪਾ ਉਠਾਉਣ ਦਾ
ਮੁਕਿਆ ਹੈ ਫਿਕਰ
ਵਾਅਦੇ ਕਸਮਾਂ ਨਿਭਾਉਣ ਦਾ
ਨਾ ਕੋਈ ਚਿੰਤਾ
ਦਿਲ ਟੁੱਟ ਜਾਣ ਦੀ
ਨਾ ਹੀ ਕੋਈ ਇੱਛਾ ਹੈ
ਦਿਲ ਪ੍ਰਚਾਉਣ ਦੀ
ਕਿਸੇ ਦੇ ਰੁਸਣ ਦੀ ਨਾ ਮਨਾਣ ਦੀ
ਆਪਣੀ ਹੀ ਕੈਦ 'ਚ ਰਿਹਾਅ ਹੋ ਗਏ ਹਾਂ
ਪੱਥਰਾਂ ਤੋਂ ਬੁੱਤ
ਬੁੱਤ ਤੋਂ ਖ਼ੁਦਾ ਹੋ ਗਏ ਹਾਂ
-0-
ਹੱਥਾਂ ਦਾ ਕਰਮ
ਨਾ ਪੈਰਾਂ ਨੂੰ ਬੇੜੀਆਂ
ਮੋਹ ਦਾ ਤਿਆਗ
ਨਾ ਹਸਰਤਾਂ ਤੇਰੀਆਂ
ਨਾ ਮਹਿਫਲ ਸ਼ਮਾਂ
ਬਸ ਉਠਦਾ ਹੈ ਧੂੰਆਂ
ਸੱਚ ਦੀ ਤਲਾਸ਼ ਦਾ
ਦੇਹ ਰਹਿਤ ਰੂਹ ਦੇ ਅਹਿਸਾਸ ਦਾ
ਅਰਥ ਸਮਝ ਪੈ ਗਿਆ ਹੈ
ਪਤਝੜ ਨੂੰ ਬਹਾਰ ਦਾ
ਕਬਰਾਂ ਦੇ ਮੱਥੇ ਜਗਦੇ ਚਿਰਾਗ ਦਾ
-0-

...... ਚਲ ਮਨਾ 'ਚੋਂ

# ਚਲ ਮਨਾ

(ਕਾਵਿ-ਸੰਗ੍ਰਹਿ)

# ਬ੍ਰਿਹਾ ਬੋਲ ਪਿਆ

(ਕਾਵਿ-ਸੰਗ੍ਰਹਿ)

# ਮੌਲੀ ਧਰਤੀ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਕਾਵਿ–ਸ਼ਾਸਤਰ

**Chal Mna**
**Birha Bol Paya**
**Mouli Dharti**
(A Collection of Poems)
by

CHARAN SINGH
8771-143 Street
Surrey B.C.
V3W4G4
CANADA
Phone : 778-564-0331
e-mail : virdycharan@gmail.ca.
website: charansingh.ca

© Author

Edition 2020

Price : 300/-

ISBN : 818299-657-61

Title Designed by: Kalyani Arts

Published by: Kaav Shastar

# ਚਰਨ ਸਿੰਘ ਦਾ ਜੀਵਨ-ਬਿਉਰਾ

| | |
|---|---|
| ਜਨਮ | : ਪਿੰਡ ਬੇਗੋਵਾਲ, ਨਵੰਬਰ 1/1947, ਜ਼ਿਲ੍ਹਾ ਕਪੂਰਥਲਾ |
| ਪਿਤਾ ਦਾ ਨਾਮ | : ਸ੍ਰੀ ਲਾਲ ਸਿੰਘ |
| ਮਾਤਾ ਦਾ ਨਾਮ | : ਸ੍ਰੀਮਤੀ ਸੰਤ ਕੌਰ |
| ਪਤਨੀ | : ਸ੍ਰੀਮਤੀ ਪ੍ਰਕਾਸ਼ ਕੌਰ |
| ਮੁੱਢਲੀ ਵਿੱਦਿਆ | : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ। |
| ਉੱਚ ਵਿੱਦਿਆ | : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ।<br>(ਐਮ. ਏ. ਪੰਜਾਬੀ) |

ਚਰਨ ਸਿੰਘ 1980 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ।

—0—

**ਛਪਾਈ ਅਧੀਨ ਪੁਸਤਕਾਂ**

1. ਉਤਰ ਆਧੁਨਿਕਤਾ ਦਾ ਮੁੱਢ ਅਤੇ ਵਿਕਾਸ (ਵਾਰਤਕ)
2. ਵਿਸ਼ਵ ਰਹੱਸਵਾਦ (ਵਾਰਤਕ)
3. ਬੋਲ-ਕੁਬੋਲ (ਭਾਗ ਦੂਜਾ)
4. ਬੋਲ-ਕੁਬੋਲ (ਭਾਗ ਤੀਜਾ)
5. ਨਾਨਕ ਦਰਸ਼ਨ (ਕਾਵਿ ਨਾਟਕ )
6. ਸਿਲਸਿਲੇ (ਨਾਵਲ)
7. ਪ੍ਰਵਚਨ (ਕਾਵਿ ਸੰਗ੍ਰਹਿ)

**ਪ੍ਰੋ. ਮੁਨੀਸ਼ ਜੀ**

**ਨੂੰ ਸਮਰਪਤ**

# ਇਸੇ ਕਲਮ ਤੋਂ

1. ਤੀਸਰੀ ਅੱਖ
2. ਮਿੱਟੀ 'ਤੇ ਉੱਕਰੇ ਅੱਖਰ
3. ਸ਼ੂਨਯ-ਬੋਧ
4. ਆਪੇ-ਬੋਲ-ਸ੍ਰੋਤ
5. ਗਗਨ ਮੈਂ ਥਾਲ
6. ਸ਼ੀਸ਼ੇ ਵਿਚਲਾ ਸੂਰਜ
7. ਰੁੱਖ ਤੇ ਜੰਗਲ
8. ਮੁੜ੍ਹਕੋ-ਮੁੜ੍ਹਕੀ ਪੌਣ
9. ਵਿਪਰੀਤ
10. ਬਿੰਦੂ ਤੇ ਦਾਇਰੇ
11. ਅੰਤਰੀਵ
12. ਸੂਰਜ ਤੇ ਕਿਰਨਾਂ
13. ਤੁਪਕਾ ਤੁਪਕਾ ਸੂਰਜ
14. ਆਧੁਨਿਕ ਵਿਸ਼ਵ
15. ਪ੍ਰਕਰਮਾ
16. ਦੀਵੇ ਜਗਦੇ ਨੈਣ
17. ਰਿਸ਼ਮਾ
18. ਦਰਪਣ
19. ਅਨੁਭਵ
20. ਪ੍ਰਛਾਵੇਂ
21. ਤ੍ਰੈਕਾਲ
22. ਤ੍ਰਿਵੈਣੀ
23. ਆਗਮਨ
24. ਪ੍ਰਵਾਜ਼
25. ਕੋਰਾ ਕਾਗਜ਼
26. ਸ਼ਬਦਾਂ ਦਾ ਸਫ਼ਰ
27. ਬੁੱਕਲ
28. ਸ਼ੀਸ਼ੇ ਦਾ ਸਫ਼ਰ
29. ਸੁਰਕਸ਼ਾ
30. ਹਸਤਨਾਪੁਰ
31. ਸਮਾਧੀ
32. ਅੰਕੁਰ
33. ਪੱਥਰ ਦਾ ਸਫ਼ਰ
34. ਮੁਕਤੀ
35. ਹੋਂਦ ਦੀ ਤਲਾਸ਼
36. ਮੈਂ ਪਗਡੰਡੀ ਮੰਜ਼ਿਲ ਤੇ ਕਮਰਾ
37. ਨੀਲਾ ਆਸਮਾਨ
38. ਬਾਹਰੋਂ ਆਇਆ ਆਦਮੀ
39. ਕੁਕਨੂਸ
40. ਕਿਵ ਸਚਿਆਰਾ ਹੋਈਐ
41. ਆਧੁਨਿਕਤਾ ਮੁੱਢ ਅਤੇ ਵਿਕਾਸ
42. Beyond The Horizon
43. ਕਵਿਤਾ ਦਾ ਆਬਸ਼ਾਰ
44. ਸੰਤੁਲਨ
45. ਚਰਨ ਸਿੰਘ ਦਾ ਕਾਵਿ ਲੋਕ
    -ਪ੍ਰੋ. ਬ੍ਰਹਮ ਜਗਦੀਸ਼
46. ਚਰਨ ਸਿੰਘ ਕਾਵਿ
    -ਪ੍ਰੋ. ਬ੍ਰਹਮ ਜਗਦੀਸ਼
47. ਆਧੁਨਿਕ ਕਵੀ ਚਰਨ ਸਿੰਘ
    -ਪ੍ਰੋ. ਬ੍ਰਹਮ ਜਗਦੀਸ਼
48. ਚਰਨ ਸਿੰਘ ਕਾਵਿ: ਦ੍ਰਿਸ਼ਟੀ ਅਤੇ ਪਾਸਾਰ
    -ਐੱਸ. ਸਮਰਾਏ

**ਬੋਲ ਕੁਬੋਲ ਭਾਗ ਪਹਿਲਾ**

49. ਉਪ ਭਾਗ ਇੱਕ ਬੋਲ-ਕੁਬੋਲ
50. ਉਪ ਭਾਗ ਦੋ ਬੋਲ-ਕੁਬੋਲ
51. ਉਪ ਭਾਗ ਤਿੰਨ ਬੋਲ-ਕੁਬੋਲ
52. ਉਪ ਭਾਗ ਚਾਰ ਬੋਲ-ਕੁਬੋਲ
53. ਉਪ ਭਾਗ ਪੰਜ ਬੋਲ-ਕੁਬੋਲ
54. ਮਹਿਮਾ (ਕਾਵਿ-ਸੰਗ੍ਰਹਿ)
55. ਸਾਏ ਦਾ ਸਫ਼ਰ (ਕਾਵਿ-ਸੰਗ੍ਰਹਿ)
56. ਪ੍ਰਬੋਧ (ਕਾਵਿ-ਸੰਗ੍ਰਹਿ)
57. ਚਲ ਮਨਾ (ਕਾਵਿ-ਸੰਗ੍ਰਹਿ)
58. ਬ੍ਰਿਹਾ ਬੋਲ ਪਿਆ (ਕਾਵਿ-ਸੰਗ੍ਰਹਿ)
59. ਮੌਲੀ ਧਰਤੀ (ਕਾਵਿ-ਸੰਗ੍ਰਹਿ)
60. ਖਾਲੀਘਰ (ਛੋਟੀਆ ਲੰਮੀਆ ਕਵਿਤਾਵਾਂ)
61. ਅਰਥ (ਛੋਟੀਆ ਲੰਮੀਆ ਕਵਿਤਾਵਾਂ)
62. ਜਗਿਆਸਾ (ਛੋਟੀਆ ਲੰਮੀਆ ਕਵਿਤਾਵਾਂ)
63. ਬਸਤੀ ਤੇ ਸ਼ਹਿਰ (ਛੋਟੀਆ ਲੰਮੀਆ ਕਵਿਤਾਵਾਂ)
64. ਕ੍ਰਾਂਤੀ (ਛੋਟੀਆ ਲੰਮੀਆ ਕਵਿਤਾਵਾਂ)
65. ਪ੍ਰਦਰਸ਼ਨੀ (ਛੋਟੀਆ ਲੰਮੀਆ ਕਵਿਤਾਵਾਂ)
66. ਪ੍ਰਦੂਸ਼ਨ (ਛੋਟੀਆ ਲੰਮੀਆ ਕਵਿਤਾਵਾਂ)

## Awards

1. Award of Distinction
   From Indo-Canadian Times, 1984

2. Shan-e-Punjab Distinction Award
   From Indo-Canadian Times, 1986

3. Prof. Mohan Singh Memorial Foundation Canada
   Award of Distinction

4. Award of Distinction
   From Radio Rim-Jim Canada, 1993

5. NRI Sabha Jalandhar City
   Award of Distinction, 2003

6. Award for the contribution to Punjabi Literature
   From Punjabi Sahit Sabha Kot Eessee Khan (Moga)

7. Award for outstanding contribution to Punjabi Poetry
   From International Association of Punjabi Authors and
   Artists I.N.C. For 2011

8. Award for outstanding contribution toward Punjabi
   Literature From Canadian Punjabi Sahit Academy
   Canada for 2011

9. Award of Honour
   From S.S.D. Girls,College, Bathinda, 2016

10. Award of Distinction
    From Malwa College Bathinda, 2016

11. Award for outstanding contribution to Punjabi Poetry
From Punjabi Sahit Sabha Abbotsford, B.C., 2017-18

12. Award of Honour
From Sant Baba Bhag Singh University
Khiala Jalandhar, 2016

13. Award of Distinction
From Prem Chand Markanda
S.D. College for Women Jalandhar, 2016

14. Award of Distinction
From DAV College Bathinda 2016

15. Award for Lifetime contribution towards Punjabi Poetry and Literature From Central Association of Punjabi Writers of North America, 2019

16. ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ ਸਾਹਿਤਕਾਰਾਂ ਤੇ ਪੀ.ਐੱਚ.ਡੀ. ਕੀਤੀ, ਜਿਨ੍ਹਾਂ ਵਿੱਚੋਂ ਚਰਨ ਸਿੰਘ ਵੀ ਇੱਕ ਹੈ।

17. ਚਰਨ ਸਿੰਘ ਕਾਵਿ 'ਤੇ ਦੋ ਪੀ.ਐੱਚ.ਡੀ. ਹੋਰ ਹੋ ਰਹੀਆਂ ਹਨ। ਦੋ ਐੱਮ.ਫਿਲ ਹੋ ਚੁੱਕੀਆਂ ਹਨ ਅਤੇ ਦੋ ਹੋਰ ਹੋ ਰਹੀਆਂ ਹਨ।

18. ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਐਮ.ਏ. ਪੰਜਾਬੀ ਦੇ ਸਿਲੈਬਸ ਦਾ ਹਿੱਸਾ ਹੈ।

19. ਆਧੁਨਿਕ ਵਿਸ਼ਵ ਕਾਵਿ ਸੰਗ੍ਰਹਿ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿੱਚ ਐਮ.ਏ. ਪੰਜਾਬੀ ਦੇ ਸਿਲੈਬਸ ਦਾ ਹਿੱਸਾ ਹੈ।

20. ਪ੍ਰੋ. ਬ੍ਰਹਮ ਜਗਦੀਸ਼, ਪ੍ਰੋ. ਮੁਨੀਸ਼, ਡਾ. ਸਤਨਾਮ ਸਿੰਘ ਜੱਸਲ ਅਤੇ ਡਾ. ਅਮਰਜੀਤ ਕਾਵਿ 'ਤੇ ਖੋਜ ਪੱਤਰ ਲਿਖ ਰਹੇ ਹਨ।

# ਚਲ ਮਨਾ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਕਾਵਿ-ਸ਼ਾਸਤਰ

# ਤਤਕਰਾ


1. ਢਲ਼ ਗਈਆਂ ਸ਼ਾਮਾਂ
2. ਡੁੱਬ ਗਿਆ ਸੂਰਜ
3. ਹੰਝੂ ਦੇ ਕੇ ਸਾਨੂੰ
4. ਦਿਲ ਨੂੰ ਕੀ ਹੋ ਗਿਆ
5. ਮੱਥੇ ਵਿਚ ਜਗਦਾ
6. ਤੇਰੀਆਂ ਉਡੀਕਾਂ
7. ਪੌਣਾਂ ਵਿਚੋਂ ਸੁਣਦੇ ਨੇ
8. ਭੁਲੇਖੇ ਨਾਲ
9. ਲਾ ਕੇ ਅੱਖਾਂ
10. ਅੰਬਰੀਂ ਚੰਨ ਚੜ੍ਹਿਆ
11. ਲੰਮੀਆਂ ਜੁਦਾਈਆਂ
12. ਚਲ ਮਨਾ
13. ਮੁਕੇ ਨਹੀਉਂ ਪੈਂਡੇ
14. ਮੈਲ਼ੇ ਕੱਪੜੇ
15. ਜ਼ਰਾ ਠਹਿਰ ਨੀ ਹਵਾਏ
16. ਤੇਰੇ ਮੇਰੇ ਪਿਆਰ ਦੇ
17. ਚੰਨ ਦੀ ਹੈ ਚਾਂਦਨੀ
18. ਤਾੜਦੇ ਲੋਕ
19. ਸੁੱਖੀ ਵਸੇਂ ਸੱਜਣਾ
20. ਤੇਰੀ ਜ਼ਫਾ
21. ਗਲੀ ਦੇ ਵਿਚੋਂ ਕੌਣ ਲੰਘਿਆ
22. ਆ ਵੜ ਵਿਹੜੇ ਮੇਰੇ ਵੇ
23. ਭੁਲ ਗਿਉਂ ਲਾ ਕੇ ਅੱਖੀਆਂ
24. ਫੁੱਲਾਂ ਵਿੱਚੋਂ ਭਾਲਾਂ
25. ਉਡੀਕਾਂ
26. ਰੁੱਸ ਗਿਉਂ ਸਾਡੇ ਨਾਲ
27. ਘਰ ਆ ਜਾ ਸੋਹਣਿਆਂ
28. ਜ਼ਖ਼ਮ ਦਿਲ ਦੇ

# ਢਲ਼ ਗਈਆਂ ਸ਼ਾਮਾਂ

ਢਲ਼ ਗਈਆਂ ਸ਼ਾਮਾਂ
ਹੋ ਗਈ ਰਾਤ
ਮੁਕੀ ਨਹੀਉਂ ਅਜੇ
ਤੇਰੀ ਮੇਰੀ ਮੁਲਾਕਾਤ

-0-

ਬੀਤ ਗਈ ਰਾਤ
ਯਾਰ ਦੀ ਆਗੋਸ਼ ਵਿਚ
ਦੇਹ ਹੋਈ ਦਿਲ ਦਿਲ
ਹੜ੍ਹ ਮਦਹੋਸ਼ ਵਿਚ
ਹੋਸ਼ ਦੇ ਚਿਰਾਗ ਬੁਝੇ
ਡੁਬ ਗਏ ਕਿਨਾਰੇ
ਨੈਣਾਂ ਵਿਚ ਤੈਰਦੇ ਨੇ ਰੂਹ ਦੇ ਨਜ਼ਾਰੇ
ਨੈਣਾਂ ਕਹੀ ਦਿਲ ਦੀ ਰਹਿ ਕੇ ਖ਼ਾਮੋਸ਼
ਸੁਣਕੇ ਦਿਲ ਨੂੰ
ਰਹੀ ਦਿਲ ਦੀ ਨਾ ਹੋਸ਼
ਨਿੱਘਾ ਨਿੱਘਾ ਅੰਗਾਂ ਵਿਚ
ਯਾਰ ਦਾ ਅਹਿਸਾਸ
ਉੱਠਦੀਆਂ ਚਿਣਗਾਂ
ਤੇ ਮਘਦੇ ਅੰਗਿਆਰ
ਕਰਦਾ ਹੈ ਜੀਅ
ਤੇਰੇ ਕੋਲ ਬੈਠੇ ਰਹਿਣ ਨੂੰ
ਨੈਣਾਂ 'ਚ ਵਸਾ ਕੇ ਤੇਰਾ ਘੁਟ ਭਰ ਲੈਣ ਨੂੰ!

-0-

ਮਰ ਜਾਈਏ
ਪਿਆਰ ਦੀ ਚੁੱਪ ਦੇ ਅਹਿਸਾਸ 'ਚ
ਪਿਘਲ ਜਾਈਏ ਇਕ ਹੋਈਏ
ਮਿਟ ਜਾਏ ਸ਼ਨਾਖਤ ਸਵਾਸ ਦੀ ਸਵਾਸ 'ਚ

ਕਰਦਾ ਨਹੀਂ ਜੀਅ
ਚੰਨਾ ਕੁੱਝ ਕਹਿਣ ਨੂੰ
ਮਹਿਕਾਂ ਵਿਚ ਖਿੜਿਆ ਹੈ
ਫੁੱਲ ਇਸ ਦਿਲ ਦਾ
ਕਰਦਾ ਹੈ ਜੀਅ ਸਦਾ
ਤੇਰੇ ਕੋਲ ਬੈਠੇ ਰਹਿਣ ਨੂੰ!
-0-
ਚੜ੍ਹਿਆ ਹੈ ਦਿਨ
ਲਗੀ ਸਰਘੀ ਦੀ ਲੋਅ
ਤੇਰਿਆਂ ਖਿਆਲਾਂ ਵਿਚ ਗਈ ਸਾਂ ਮੈਂ ਖੋਹ
ਤੂੰ ਵੀ ਚੰਨਾ ਆਪਣੇ 'ਚ ਸਾਨੂੰ ਉਤਾਰ ਲੈ
ਦਿਲ 'ਚ ਵਸਾ ਕੇ
ਮੀਚ ਅੱਖਾਂ ਦੇ ਦੁਆਰ ਲੈ
ਨਾ ਕੋਈ ਵਿੱਥ ਰਹੇ
ਨਾ ਹੀ ਵਿੱਥ ਦਾ ਅਹਿਸਾਸ
ਪਤਾ ਹੀ ਨਾ ਲਗੇ ਕੌਣ ਕਿਹਦੇ ਪਾਸ
ਮੁਹੱਬਤ ਅਹਿਸਾਸ ਹੈ
ਆਪਣੀ ਪਹਿਚਾਣ ਦਾ
ਚੁੱਪ ਵਿਚ ਚੁਪ ਦਾ
ਪਿਆਰ ਦੇ ਜਹਾਨ ਦਾ
ਧਾਰਦਾ ਹੈ ਰੂਪ
ਜੋ ਪਹਿਚਾਣ ਸਤਿਕਾਰ ਦਾ
ਮਿਟ ਜਾਂਦਾ ਆਪਾ
ਦਿਸਦਾ ਹੈ ਚਿਹਰੇ ਵਿੱਚੋਂ ਚਿਹਰਾ ਦਿਲਦਾਰ ਦਾ
ਥਾਲ ਜਾਪੇ ਧਰਤੀ ਤਰੇਲ ਦਿਆਂ ਮੋਤੀਆਂ ਦੀ
ਉਤਾਰਦੀ ਲਿਬਾਸ ਦੇਹ ਤੋਂ
ਜਾਪਦੀ ਹੈ ਨੂਰ
ਨੂਰ ਦੀਆਂ ਜੋਤੀਆਂ ਦੀ
ਖਿੜ ਜਾਂਦੀ ਰੂਹ

ਚਿਹਰੇ ਦਿਸਦੇ ਗੁਲਾਬ
ਵੰਡ ਵਿਚ ਜਗਦਾ ਇਕਾਈ ਦਾ ਚਿਰਾਗ
ਕੁਦਰਤ ਰੱਬ ਜਾਪੇ
ਰੱਬ ਦਿਸੇ ਕੁਦਰਤ ਦਾ ਸ਼ਬਾਬ
ਰੁੱਤਾਂ ਤੇ ਬਹਾਰਾਂ ਗਾਉਣ ਮਲਿਹਾਰ
ਖੰਭ ਲਾ ਕੇ ਮੁਹੱਬਤਾਂ ਦੇ ਉਡਾਂ ਮੈਂ ਅਕਾਸ਼ ਵਿਚ
ਭਿਜ ਭਿਜ ਜਾਏ ਪਿੰਡਾ
ਨਿਹਮਤਾਂ ਦੇ ਨਾਲ
ਪਤਾ ਨਹੀਂ ਕੌਣ ਆ ਕੇ ਵਸਿਆ ਸਰੀਰ ਵਿਚ
ਖਿੜਿਆ ਹੈ ਚੰਬਾ
ਦਿਲ ਦੀ ਜ਼ਮੀਰ ਵਿਚ
ਯਾਰ ਦੀ ਆਗੋਸ਼
ਕਿਹਾ ਹੈ ਸਬੱਬ
ਰੱਬ ਕੋਲ ਬੈਠਾ ਜਾਪਦਾ ਹੈ ਕੋਈ ਰੱਬ
–0–
ਯੁੱਗਾਂ ਯੁੱਗਾਂ ਤਕ ਚੰਨਾ
ਤੇਰਾ ਮੇਰਾ ਸਾਥ ਹੈ
ਮੇਰਾ ਕਲਬੂਤ ਮੇਰੀ ਰੂਹ ਦੀ ਪਿਆਸ
ਲਾਲਗੀ ਹੈ ਅੰਬਰੀਂ ਰੁੱਖ ਪਏ ਨੇ ਜਾਗ
ਢਲ਼ ਗਈ ਸ਼ਾਮਾ ਹੋ ਗਈ ਰਾਤ
ਮੁਕੀ ਨਹੀਉਂ ਅਜੇ ਤੇਰੀ ਮੇਰੀ ਮੁਲਾਕਾਤ!
–0–

## ਡੁਬ ਗਿਆ ਸੂਰਜ

ਵਫ਼ਾ ਦੀ ਪਹਿਚਾਣ ਉਹਦੀ
ਦਿਲ ਦੇ ਨੇ ਦਾਗ
ਖ਼ੁਸ਼ੀਆਂ ਦੇ ਵਟੇ
ਸਾਨੂੰ ਗ਼ਮ ਆਇਆ ਰਾਸ
-0-
ਦਾਗ
ਚੰਨਾ ਸੂਰਜਾਂ ਤਾਰਿਆਂ ਜਿਹੇ ਲਗਦੇ
ਕਲੀਆਂ ਦੀ ਮਹਿਕ ਤੇ ਸ਼ੋਖੀਆਂ ਦੇ ਰੰਗ ਦੇ
ਮਹਿਬੂਬ ਦੇ ਇਸ਼ਾਰਿਆਂ
ਤੇ ਅੱਖੀਆਂ ਦੇ ਸੰਗ
ਗ਼ਮਾਂ ਦੇ ਹਨੇਰਿਆਂ 'ਚ ਦਿਲ ਜਦ ਡੁੱਬ ਜਾਂਦਾ
ਦੀਵਿਆਂ ਦੇ ਵਾਂਗ ਹਨੇਰਿਆਂ 'ਚ ਜਗਦੇ
-0-
ਦਾਗਾਂ ਦੀ ਰੌਸ਼ਨੀ 'ਚ
ਦਿਸਦਾ ਹੈ ਚਿਹਰਾ ਉਹ
ਆਤਮਾ ਦੀ ਜੋਤ ਜਿਹਾ
ਰੱਬ ਸੀ ਮੇਰਾ ਜੋ
ਵਿਛੋੜਾ ਜਿਹਦਾ
ਦਿਲ ਨਹੀਂ ਸੀ ਪਲ਼ ਵੀ ਸਹਾਰਦਾ
ਪ੍ਰਾਣਾਂ ਨਾਲ ਸਦਾ ਜਿਹਦਾ ਨਾਮ ਸੀ ਉਚਾਰਦਾ
ਭਰਦਾ ਸੀ ਦਮ ਦਿਲ ਉਹਦੇ ਹੀ ਪਿਆਰ ਦਾ
ਪੂਜਦਾ ਸੀ ਰਾਤ ਦਿਨ
ਆਰਤੀ ਸੀ ਫੁੱਲ ਜਿਹੇ ਚਿਹਰੇ ਦੀ ਉਤਾਰਦਾ
-0-
ਕੌਣ ਕਿਹੜਾ ਜਾਣਦਾ ਸੀ
ਦਿਲ ਹੋ ਕੇ ਅੱਖੀਆਂ 'ਚ
ਅੱਥਰੂ ਬਣ ਆਏਗੀ

ਫੇਰ ਲਏਗੀ ਅੱਖੀਆਂ
ਤੇ ਪਾਸਾਵੱਟ ਜਾਏਗੀ
-0-
ਦਿਲ ਦੀਆਂ ਗੰਢਾਂ
ਉਸ ਗੈਰਾਂ ਨਾਲ ਖੋਲ੍ਹੀਆਂ
ਤ੍ਰਿਸ਼ਨਾਂ ਦੀ ਅੱਗ ਨੇ
ਧੂਣੀਆਂ ਕਈ ਫੋਲੀਆਂ
ਗ਼ੈਰਾਂ ਦੀਆਂ ਮਹਿਫਲ਼ਾਂ 'ਚ
ਜਗਦੀ ਸ਼ਮ੍ਹਾਂ ਸੀ ਉਹ
ਨਿੱਤ ਨਵੇਂ ਚਿਹਰੇ ਸੇਜਾਂ
ਉਸ ਦੇ ਹੰਢਾਉਣ ਲਈ
ਬਲਦੀ ਸੀ ਨਿਤ
ਨਵੇਂ ਚਿਰਾਗਾਂ ਨੂੰ ਜਲਾਉਣ ਲਈ
ਕੀ ਕੋਈ ਪੜ੍ਹਦਾ
ਉਹਦੇ ਮੁਖ ਦੀ ਕਿਤਾਬ
ਸੱਜਣਾਂ ਲਈ ਮਹੁਰਾ
ਰਕੀਬਾਂ ਲਈ ਸ਼ਬਾਬ ਨੂੰ
-0-
ਕੱਟਦੀ ਉਹ ਰਾਤਾਂ
ਆਲ੍ਹਣੇ ਬੇਗਾਨਿਆਂ 'ਚ
ਭਾਲ਼ਦੀ ਰਹੀ ਆਪਾ
ਰੂਪ ਦੇ ਦੀਵਾਨਿਆਂ 'ਚ
ਉਸ ਨੂੰ ਤਾਂ
ਆਪਣੇ ਆਪ ਦੀ ਤਲਾਸ਼ ਸੀ
ਆਪਣੀ ਹੀ ਸੁਰ ਉਹਦੀ
ਆਪਣਾ ਹੀ ਸਾਜ਼ ਸੀ
ਆਪਣੇ ਹੀ ਪਾਣੀਆਂ ਦੀ ਅੱਗ 'ਚ
ਰਹੀ ਸੜਦੀ ਉਹ
ਆਪਣਾ ਹੀ ਪਾਣੀ

ਆਪ ਹੀ ਭਰਦੀ ਉਹ
ਆਪਣੇ ਹੀ ਸ਼ੀਸ਼ੇ 'ਚ
ਆਪਣੇ ਹੀ ਚਿਹਰੇ ਦੀ
ਗੰਢ ਖੁਲ੍ਹ ਗਈ
ਆਪਣੇ ਹੀ ਚਿਹਰੇ ਦੀ
ਪਛਾਣ ਭੁਲ ਗਈ
-0-

# ਹੰਝੂ ਦੇ ਕੇ ਸਾਨੂੰ

ਆਪਣਾ ਬਣਾ ਕੇ ਸਾਨੂੰ
ਭੁਲ ਗਏ ਨੇ ਉਹ
ਬਾਲ਼ ਦੀਵੇ ਅੱਖੀਆਂ ਦੇ
ਅੱਥਰੀ ਹਨੇਰੀ ਵਾਂਗ
ਝੁਲ ਗਏ ਨੇ ਉਹ
–0–
ਆਇਆ ਨਾ ਖਿਆਲ
ਦਿਲ ਸਾਡਾ ਤੋੜ ਕੇ
ਖੰਡ ਦੇ ਖਿਡਾਉਣੇ ਨੂੰ
ਅੱਖੀਆਂ ਨਾਲ ਭੋਰ ਕੇ
ਦਿਲ ਦੀਆਂ ਕੱਚੀਆਂ
ਸੱਧਰਾਂ ਮਰੋੜ ਕੇ
ਚੰਬੇ ਦਿਆਂ ਗੀਤਾਂ ਵਿਚ
ਸੋਗੀ ਚੁੱਪ ਘੋਲ਼ ਕੇ
–0–
ਥਲ ਦੀ ਹਨੇਰੀ ਵਾਂਗ
ਅੰਬਰਾਂ 'ਤੇ ਚੜ੍ਹੀ ਤੂੰ
ਸਾਉਣ ਦੀ ਘਟਾ ਵਾਂਗ
ਦਿਲ ਉੱਤੇ ਵਰ੍ਹੀ ਤੂੰ
ਜਲ ਥਲ ਹੋਇਆ ਵਿਹੜਾ
ਐਸੀ ਲਾਈ ਝੜੀ ਤੂੰ
ਭਿੱਜ ਗਏ ਚੁੱਪ ਸ਼ੋਰ
ਭਿੱਜੀ ਪੱਥਰਾਂ ਦੀ ਕੁੱਖ
ਪੱਤਿਆਂ ਤੋਂ ਜੜ੍ਹਾਂ ਤੀਕ
ਭਿੱਜ ਗਏ ਸੀ ਰੁੱਖ
–0–
ਮੌਸਮਾਂ ਬਹਾਰਾਂ ਰੁੱਤਾਂ

ਗਾਇਆ ਮਲਿਹਾਰ
ਰੱਬ ਆਇਆ ਘਰ
ਤੇਰੇ ਪਏ ਵਿਹੜੇ ਪੈਰ
ਮਹਿਕ ਗਿਆ ਪਿੰਡਾ
ਮਹਿਕੀ ਸਾਰੀ ਕਾਇਨਾਤ
ਮੋਰਾਂ ਪੈਲਾਂ ਪਾਈਆਂ
ਨੱਚੇ ਘੁੱਗੀਆਂ ਗੁਟਾਰ
ਭੁੱਲਿਆ ਖ਼ੁਦਾ
ਤੇਰੇ ਕਰਕੇ ਦੀਦਾਰ
-0-
ਚਲੀ ਐਸੀ ਹਵਾ
ਲਈਆਂ ਅੱਖੀਆਂ ਤੂੰ ਫੇਰ
ਸੂਰਜ ਚੜ੍ਹਾ ਕੇ
ਫਿਰ ਕੀਤਾ ਤੂੰ ਹਨੇਰ
ਭੁਲ ਗਈਉ ਅੱਖਾਂ
ਲਾਈਆਂ ਸਾਡੇ ਨਾਲ
ਬੁਝ ਗਏ ਬਨੇਰਿਆਂ ਤੋਂ
ਜਗਦੇ ਚਿਰਾਗ
ਗੈਰਾਂ ਦੀਆਂ ਮਹਿਫਲਾਂ 'ਚ
ਚਰਚਾ ਹੈ ਤੇਰੀ
ਜਲ਼ਦੀ ਤੂੰ ਸ਼ਮਾ ਲੱਗੇ
ਮੜੀ ਬਲ਼ਦੀ ਹੋਈ ਮੇਰੀ
ਨਸ਼ੇ ਦੀ ਖੁਮਾਰੀ ਵਾਂਗ
ਚੜ੍ਹ ਜਾਣ ਵਾਲੀਏ
ਰੇਤ ਦੀਆਂ ਕੰਧਾਂ ਵਾਂਗ
ਖਰ ਜਾਣ ਵਾਲੀਏ
ਜਗਦੀ ਏ ਮਹਿਫਲਾਂ 'ਚ
ਬਣਕੇ ਚਿਰਾਗ ਤੂੰ
ਭੁਲ ਗਈਉਂ ਲਾਏ

ਸਾਡੇ ਦਿਲ ਉੱਤੇ ਦਾਗ ਤੂੰ
-0-
ਰੁੱਖ ਹੰਝੂ ਕੇਰਦੇ ਨੇ
ਪੌਣਾਂ ਪਈਆਂ ਰੋਣ ਨੀ
ਗਲੀਆਂ ਉੱਡੀਕਦੀਆਂ
ਵਿਹੜੇ ਬ੍ਰਿਹਾ ਗਾਉਣ ਨੀ
ਛਤ ਦੇ ਬੰਨੇਰਿਆਂ 'ਤੇ
ਦੋ ਨੈਣ ਪਏ ਭੌਣ ਨੀ
ਨਜ਼ਰਾਂ ਦੇ ਲੇਲੇ
ਉਡੀਕਾਂ 'ਚ ਨਾ ਸੌਣ ਨੀ
ਤੱਕ ਤੱਕ ਰਾਹ ਤੇਰਾ
ਬੂਹਾ ਅੱਖਾਂ ਹੋ ਗਿਆ
ਛੱਡ ਗਿਆ ਘਰ ਤੇ
ਗਲ਼ੀ 'ਚ ਖਲੋ ਗਿਆ।
-0-
ਕੱਟਦੀ ਰਾਤ ਜਿਸ ਵੀ ਤੂੰ ਆਲ੍ਹਣੇ
ਪੰਛੀਆਂ ਨੂੰ ਉਮਰਾਂ ਲਈ
ਹੱਡ ਪੈਂਦੇ ਬਾਲਣੇ
ਕਾਨਾ ਹੋਈ ਦੇਹ
ਸੁੱਕੇ ਅੱਖੀਆਂ ਦੇ ਖੂਹ ਨੀ
ਮਿੱਟੀ ਦੀ ਢੇਰੀ ਹੋਇਆ
ਉੱਡ ਗਈ ਏ ਰੂਹ ਨੀ
ਲਾਸ਼ ਚੁਕੀ ਮੋਢਿਆਂ 'ਤੇ
ਭੌਂਦੀ ਫਿਰੇ ਜ਼ਿੰਦਗੀ
ਮੌਤ ਦੇ ਤਰਾਨੇ ਜਿਉਂਦੀ
ਗਾਉਂਦੀ ਫਿਰੇ ਜ਼ਿੰਦਗੀ
ਚਟ ਲਿਆ ਲਹੂ
ਜਿੰਨ੍ਹਾ ਸਕਦੀ ਸੈਂ ਚਟ ਨੀ
ਭੁਲੇ ਨਹੀਉਂ ਆਸ਼ਕਾਂ ਨੂੰ

ਤੇਰੇ ਲਾਏ ਫੱਟ ਨੀ!
ਹੰਝੂਆਂ ਦਾ
ਹਾਸਿਆਂ ਨਾਲ ਮੁੱਲ ਪਾਉਣ ਵਾਲੀਏ
ਕੌਲਾਂ ਤੇ ਇਕਰਾਰਾਂ ਤਾਂਈ ਭੁਲ ਜਾਣ ਵਾਲੀਏ
ਉਡੀਕਦਾ ਹੈ ਦਿਲ
ਕਦ ਫੇਰਾ ਪਾਏਂਗੀ!
ਕਬਰਾਂ 'ਚ ਸੁੱਤੀ ਜਿੰਦ
ਕਦ ਆਣ ਕੇ ਜਗਾਏਗੀ!
-0-
ਆਪਣਾ ਬਣਾ ਕੇ ਸਾਨੂੰ
ਭੁਲ ਗਏ ਨੇ ਉਹ
ਬਾਲ ਦੀਵੇ ਅੱਖੀਆਂ ਦੇ
ਅੱਥਰੀ ਹਨੇਰੀ ਵਾਂਗ
ਝੁਲ ਗਏ ਨੇ ਉਹ!
-0-

# ਦਿਲ ਨੂੰ ਕੀ ਹੋ ਗਿਆ

ਪਤਾ ਨਹੀਂ
ਦਿਲ ਨੂੰ ਕੀ ਹੋ ਗਿਆ
ਆਪਣੀ ਹੀ ਦੁਨੀਆਂ 'ਚ
ਕਿੱਧਰੇ ਹੈ ਖੋ ਗਿਆ!
-0-
ਵੇਖਦਾ ਨਹੀਂ ਵੇਖਿਆਂ
ਬੁਲਾਇਆ ਨਹੀਂ ਬੋਲਦਾ
ਘੁੰਡੀ ਲਾ ਕੇ ਬਹਿ ਗਿਆ ਹੈ
ਆਪਣੀ ਹੀ ਚੁੱਪ ਵਿਚ
ਦਰ ਖੜਕਾਇਆ
ਦਿਲ ਬੂਹਾ ਨਹੀਉਂ ਖੋਲ੍ਹਦਾ
ਭਜ ਭਜ ਜਾਂਦਾ ਸੀ
ਰੰਗਾਂ ਖੁਸ਼ਬੂਆਂ ਪਿੱਛੇ
ਦਰ ਆਈ ਮਹਿਕ ਦੀ ਹੁਣ
ਗੱਲ ਵੀ ਨਹੀਂ ਗੌਲ਼ਦਾ
ਵਰ੍ਹ ਵਰ੍ਹ ਥਕੀਆਂ
ਬੱਦਲੀਆਂ ਸਾਉਣ ਦੀਆਂ
ਪੁੰਗਰੇ ਨੇ ਫੁੱਲ ਬੂਟੇ
ਦਿਲ ਨਹੀਉਂ ਮੌਲਦਾ
ਕੂੰਜਾਂ ਨੇ ਬੁਝਾਈ ਅੱਗ
ਸਾਉਣ ਵਿਚ ਭਿਜ-ਭਿਜ
ਇਕੱਲ ਵਿਚ ਬੈਠਾ ਦਿਲ
ਚੁੱਪ ਨਹੀਉਂ ਤੋੜਦਾ
ਯਾਰ 'ਵਾਜਾਂ ਮਾਰਦਾ ਹੈ
ਬੂਹੇ ਉੱਤੇ ਖੜ੍ਹ ਕੇ
ਆਪੇ 'ਚ ਗੁਆਚਾ ਦਿਲ
ਸੁਣਦਾ ਨਾ ਬੋਲਦਾ

-0-
ਬੜਾ ਸਮਝਾਇਆ
ਗਲ਼ ਨਾਲ ਲਾਇਆ
ਚੁੰਮਿਆ ਹੈ ਮੱਥਾ
ਨਾਲੇ ਪਲਕੀਂ ਬਿਠਾਇਆ
ਧੁਖਦਾ ਨਾ ਬਲ਼ਦਾ
ਆਪਣੇ ਹੀ ਆਪ ਨਾਲ
ਰੁਸ ਗਿਆ ਲਗਦਾ
-0-
ਆਪਣਾ ਹੀ ਮੁਰਦਾ
ਜਦ ਮੋਢੇ 'ਤੇ ਉਠਾਈ ਦਾ
ਫਿਰ ਇਹ ਅਹਿਸਾਸ ਹੁੰਦਾ
ਭਾਰ ਕਿਵੇਂ ਚਾਈ ਦਾ
ਭਾਰ ਹੇਠ ਆਏ
ਕਿਵੇਂ ਦਿਲ ਨੂੰ ਮਨਾਈ ਦਾ
ਇਸ ਭਾਰ ਹੇਠਾਂ
ਆ ਗਿਆ ਹੈ ਦਿਲ
ਫੁੱਲਾਂ ਦੇ ਬਹਾਨੇ
ਧੋਖਾ ਪੱਥਰਾਂ ਦਾ
ਖਾਹ ਗਿਆ ਹੈ ਦਿਲ
ਉਠਦਾ ਹੈ ਧੂੰਆ ਦਿਲ 'ਚੋਂ
ਪਿਆਰ ਦਾ
ਧੁਖਦਾ ਹੈ ਦਿਲ ਭੁੱਜਾ ਗੁਲਜ਼ਾਰ ਦਾ
ਯਾਰ ਦੇ ਭੁਲੇਖੇ ਦਿਲ
'ਵਾਜਾਂ ਆਪੇ ਨੂੰ ਹੈ ਮਾਰਦਾ
ਹਾਸਿਆਂ 'ਚੋਂ ਢੂੰਡਦਾ
ਉਦਾਸੀਆਂ 'ਚੋਂ ਭਾਲਦਾ
ਲੱਭਿਆ ਨਾ ਯਾਰ
ਦਿਲ ਸਾਗਰ ਹੰਗਾਲਦਾ

ਯਾਰਾਂ ਦੇ ਵੈਰਾਗ ਵਿਚ
ਸਭ ਕੁੱਝ ਭੁਲਿਆ
ਯਾਰ ਦਾ ਭੁਲੇਖਾ ਦਿਲ
ਆਪਣੇ 'ਚੋਂ ਖਾ ਗਿਆ
ਚੁੱਪ ਧਾਰੀ ਦਿਲ ਨੇ
ਦਿਲ ਦਿਲ 'ਚ ਸਮਾ ਗਿਆ
ਤੱਕਿਆ ਉਹ ਆਪ ਹੀ ਸੀ
ਜਿਨੂੰ ਸੀ ਉਹ ਭਾਲਦਾ
ਜਿਹਦੇ ਵਿਚ ਵਾਰ-ਵਾਰ
ਆਪਾ ਸੀ ਉਤਾਰਦਾ
-0-
ਮੌਸਮਾਂ ਰੁੱਤਾਂ ਨੂੰ
ਆਪੇ 'ਚੋਂ ਨਿਚੋੜ ਕੇ
ਸ਼ੋਰ ਤਾਈਂ ਸ਼ੋਰ ਚੁੱਪ ਤਾਂਈ ਚੁੱਪ
ਦੁਨੀਆ ਦੀ
ਦੁਨੀਆ ਨੂੰ ਮੋੜ ਕੇ
ਕਾਸਾ ਫੜ
ਆਪਣੇ ਹੀ ਦਰ ਆ ਖਲੋ ਗਿਆ
ਆਪਣੇ 'ਚੋਂ ਤੱਕਿਆ
ਚਿਹਰਾ ਜਦ ਯਾਰ ਦਾ
ਆਪਣੇ ਹੀ ਆਪ ਦਾ
ਦੀਵਾਨਾ ਦਿਲ ਹੋ ਗਿਆ
-0-
ਤੱਕ ਤੱਕ ਚਿਹਰਾ
ਹੁਣ ਆਪਣਾ ਹੈਰਾਨ ਹੈ
ਆਪਣਾ ਹੀ ਚਿਹਰਾ
ਯਾਰ ਹੈ ਤੇ ਯਾਰ ਦੀ ਪਹਿਚਾਣ ਹੈ
ਆਪਣੇ ਲਈ ਆਪਣਾ ਹੋ
ਦਿਲ ਹੋਇਆ ਯਾਰ ਦਾ

ਉਜਾੜਾਂ ਤੇ ਵੀਰਾਨੀਆਂ 'ਚੋਂ
ਵੇਖਦਾ ਹੈ
ਦਿਲ ਹੁਣ ਮੁਖੜਾ ਬਹਾਰ ਦਾ
-0-
ਆਪਣਾ ਕੀ ਹੋਇਆ ਦਿਲ
ਯਾਰ ਦਾ ਹੋ ਰਹਿ ਗਿਆ
ਬਲ਼ਦੀ ਸ਼ਮਾ 'ਤੇ
ਪ੍ਰਵਾਨਾ ਜਾ ਕੇ ਬਹਿ ਗਿਆ
ਸਾੜਿਆ ਕੀ ਆਪਾ
ਮੀਂਹ ਚਾਨਣੇ ਦਾ ਪੈ ਗਿਆ
ਫਨਾਹ ਹੋ ਕੇ ਉੱਗਿਆ
ਬਣਕੇ ਗੁਲਾਬ ਦਿਲ
ਸੂਰਜੇ ਦਾ ਤੇਜ਼
ਚੰਨ ਦਾ ਸ਼ਬਾਬ ਦਿਲ
ਕਬਰਾਂ ਲਈ ਜ਼ਿੰਦਗੀ
ਸਮੇਂ ਦਾ ਰਬਾਬ ਦਿਲ
ਇਸ਼ਕੇ 'ਚ ਆਪਣੀ
ਹਸਤੀ ਮਿਟਾ ਗਿਆ
ਰੂਹ ਤੋਂ ਉਤਾਰ ਦੇਹੀ
ਰੂਹ ਦਾ ਸੱਚ ਪਾ ਗਿਆ
ਜਮ੍ਹਾਂ ਕਰ ਖ਼ੂਬੀਆਂ
ਸਾਰੇ ਸੰਸਾਰ ਦੀਆਂ
ਲਹੂ ਨਾਲ ਰੰਗ
ਬੁੱਤ ਯਾਰ ਦਾ ਬਣਾ ਗਿਆ
ਦਿਲ ਤਾਂ ਪੂਜਾਰੀ ਰਿਹਾ ਸੀ
ਪੁਜਾਰੀ ਦਾ ਪੁਜਾਰੀ ਰਿਹਾ
ਬੁੱਤ ਵਿੱਚੋਂ ਰੱਬ
ਲੋਕਾਂ ਨੂੰ ਵਿਖਾ ਗਿਆ।
-0-

ਪਤਾ ਨਹੀਂ
ਦਿਲ ਨੂੰ ਕੀ ਹੋ ਗਿਆ
ਆਪਣੀ ਹੀ ਦੁਨੀਆ 'ਚ
ਕਿੱਧਰੇ ਹੈ ਖੋਹ ਗਿਆ!
-0-

## ਮੱਥੇ ਵਿਚ ਜਗਦਾ

ਮੱਥੇ ਵਿਚ ਜਗਦਾ
ਜਿਉਂਣ ਦਾ ਚਿਰਾਗ ਹੈ
ਪੈਰਾਂ ਵਿਚ ਮੰਜ਼ਿਲਾਂ
ਸਾਹਾਂ 'ਚ ਧਮਾਲ ਹੈ
-0-
ਜਲ ਹੋਵਾਂ ਥਲ ਹੋਵਾਂ
ਕੱਖਾਂ ਦੇ ਵਿਚ ਬਲ ਹੋਵਾਂ
ਜੰਗਲ ਪਹਾੜ ਹੋਵਾਂ
ਭੁਖਾ ਪ੍ਰਵਾਜ਼ ਹੋਵਾਂ
ਯੁੱਗਾਂ ਦੀ ਪਿਆਸ ਹੋਵਾਂ
ਪੱਥਰਾਂ 'ਚ ਆਸ ਹੋਵਾਂ
ਸਮੇਂ ਦੀ ਇਕਾਈ ਹੋਵਾਂ
ਪਲ ਪਲ 'ਚ ਸਮਾਈ ਹੋਵਾਂ
ਰੁਕਾਂ ਨਾ ਮੈਂ ਬੁਝਾ ਨਾ ਮੈਂ
ਦਿਸਹੱਦਿਆ ਤੋਂ ਪਾਰ
ਤੱਕਦੀ ਨਿਗਾਹ ਹੋਵਾਂ
ਸਫ਼ਰਾਂ ਦੇ ਸਫ਼ਰਾਂ ਦਾ
ਸਫ਼ਰ ਅਥਾਹ ਹੋਵਾਂ
-0-
ਦੂਰ ਦੂਰ ਰੁੱਖਾਂ ਦੀਆਂ
ਹਰੀਆਂ ਕਤਾਰਾਂ ਦੇ
ਮਹਿਕਾਂ ਖੁਸ਼ਬੂਆਂ ਰੁੱਤਾਂ
ਮੌਸਮ ਬਹਾਰਾਂ ਦੇ
ਬਾਹਾਂ ਖੋਲ ਹਿਕ ਦੇ ਉਭਾਰ ਨੇ ਪੁਕਾਰਦੇ
ਚਿਹਰੇ ਤੋਂ ਹਟਾ ਕੇ ਘੁੰਡ
ਨੈਣ 'ਵਾਜਾਂ ਮਾਰਦੇ
ਉੱਚੀ-ਉੱਚੀ ਬੋਲ ਸੱਚ ਦੇ ਉਚਾਰਦੇ

"ਮਾਨਵ ਹੀ ਖ਼ੁਦਾ ਹੋਵੇ
ਮਾਨਵਤਾ 'ਚ ਵਸਦਾ
ਬੰਦਿਆਂ ਨੂੰ ਬੰਦਿਆਂ ਦਾ
ਰਾਹ ਹੋਵੇ ਦਸਦਾ!"
-0-
ਬੋਲਾਂ ਪਿੱਛੇ ਲਗ
ਸੱਚ ਜ਼ਿੰਦਗੀ ਦਾ ਪਾ ਲਿਆ
ਆਪਣਾ ਹੀ ਭਾਰ
ਹੱਥੀਂ ਆਪਣੀ ਉਠਾ ਲਿਆ
ਮਿੱਟੀ ਦੇ ਚਿਰਾਗ
ਸੂਰਜ ਅੱਖੀਆਂ 'ਚ ਪਾ ਲਿਆ
ਕਿਰਨਾਂ ਖਿਲਾਰੀਆਂ
ਧਰਤ ਤੇ ਅਕਾਸ਼ 'ਚ
ਰੱਬ ਪਾਇਆ ਆਪਣਾ
ਆਪਣੇ ਹੀ ਸਾਥ 'ਚ
-0-
ਵਖ ਕੀਤਾ ਮੈਨੂੰ ਮੇਰੇ ਆਪੇ
ਚਿਹਰਿਆਂ ਦੀ ਭੀੜ 'ਚੋਂ
ਵਿਖਾਇਆ ਸੱਚ ਮੈਨੂੰ ਮੇਰਾ
ਮੇਰੇ ਹੀ ਸਰੀਰ 'ਚੋਂ
ਆਪਣੀ ਹੀ ਦੇਹ 'ਚ
ਉਹ ਜਗਦਾ ਚਿਰਾਗ ਹੈ
ਜੱਗ ਜਿਨੂੰ ਭਾਲਦਾ ਜਗ ਜਿਹਦੀ ਭਾਲ ਹੈ
ਆਪਣੇ ਨਾਲ ਆਪਣੇ ਦਾ ਆਪਣਾ ਹੀ ਭਾਅ ਹੈ
ਆਪ ਹੀ ਬੰਦਾ ਆਪਣਾ ਖ਼ੁਦਾ ਹੈ
-0-
ਜਗ ਹੈ ਜਿਉਂਦਿਆਂ ਦਾ
ਮੋਇਆ ਲਈ ਮਿੱਟੀ ਹੈ
ਕਬਰਾਂ 'ਚ ਜ਼ਿੰਦਗੀ

ਜਿਉਂਦੀ ਕਿਸੇ ਡਿੱਠੀ ਹੈ
ਜਾਗਦਾ ਹੈ ਉਹ
ਜਿਹਦੀ ਜਗਣ ਦੀ ਚਾਹ ਹੈ
ਚਾਹ ਹੈ ਤਾਂ
ਬੁਝੇ ਦੀਵੇ ਬਾਲ਼ਦੀ ਹਵਾ ਹੈ
-0-
ਜੀਣਾ ਹੈ ਤਾਂ ਜੀਉ
ਕਰੋ ਮਰਨ ਦਾ ਗ਼ਮ ਨਾ
ਜ਼ਿੰਦਗੀ ਹੰਢਾਉਣ ਬਿਨਾਂ
ਗੁਜ਼ਰੇ ਕੋਈ ਪਲ ਨਾ
ਕੀ ਭਰੋਸਾ ਜ਼ਿੰਦਗੀ ਦਾ
ਕੀ ਦਮਾਂ ਦਾ ਵਿਸਾਹ ਹੈ
ਮਰ ਗਏ ਜੀਉਂਦੇ
ਮੋਈ ਜੀਣ ਦੀ ਜੇ ਚਾਹ ਹੈ
-0-
ਬਹਿ ਜਾ ਮੇਰੇ ਕੋਲ
ਕੋਈ ਦਿਲ ਦੀ ਤੂੰ ਫੋਲ
ਗ਼ਮਾਂ ਵਾਲੀ ਗੰਢ
ਮੇਰੀ ਬੁੱਕਲ 'ਚ ਖੋਲ੍ਹ
ਜਗਾ ਲੈ ਜੋਤ ਮੱਥੇ ਦੀ
ਹਨੇਰੇ ਮੁਕ ਜਾਣਗੇ
ਰਾਤਾਂ ਵਿਹੜੇ ਸੂਰਜਾਂ ਦੇ
ਪੂਰ ਲੁੱਡੀ ਪਾਉਣਗੇ!
-0-
ਪੁੱਟਣਾ ਹੈ ਪੈਰ ਤੂੰ
ਦੀਵੇ ਪੈਣੇ ਬਲ਼ ਨੇ
ਤੇਰਿਆਂ ਹੀ ਹੱਥਾਂ ਵਿਚ
ਤੇਰੇ ਅੱਜ ਕੱਲ੍ਹ ਨੇ
ਤੇਰੀ ਤਕਦੀਰ

ਤੇਰੇ ਆਪਣੇ ਹੀ ਵਸ ਹੈ
ਦਸ ਕਿਹੜੇ
ਰੱਬ ਨਾਲੋਂ ਤੂੰ ਘੱਟ ਹੈਂ
ਮਨ ਕਰ ਤੱਕੜਾ
ਦੁੱਖ ਜ਼ਿੰਦਗੀ ਦੀ ਰਾਸ ਹੈ
-0-
ਮੱਥੇ ਵਿਚ ਜਗਦਾ
ਜਿਉਂਣ ਦਾ ਚਿਰਾਗ ਹੈ
ਪੈਰਾਂ ਵਿਚ ਮੰਜ਼ਿਲਾਂ
ਸਾਹਾਂ 'ਚ ਧਮਾਲ ਹੈ
-0-

## ਤੇਰੀਆਂ ਉਡੀਕਾਂ

ਤੇਰੀਆਂ ਉਡੀਕਾਂ
ਸੁੱਕੇ ਨੈਣਾਂ ਦੇ ਖੂਹ
ਲੰਘੇ ਕਈ ਸਾਉਣ
ਚੰਨਾ ਆਇਓਂ ਨਾ ਤੂੰ
-0-
ਪੋਟਿਆਂ 'ਤੇ ਗਿਣ ਗਿਣ ਦਿਨ ਅਸਾਂ
ਸਮੇਂ ਨੂੰ ਲੰਘਾ ਲਿਆ
ਨੈਣਾਂ ਦੇ ਦੀਵਿਆਂ ਨੂੰ
ਰਾਤ ਦਿਨ ਬਾਲ਼ਿਆ
ਹਾਉਕਿਆਂ ਨੂੰ ਪੀ ਲਿਆ
ਤੇ ਹੰਝੂਆਂ ਨੂੰ ਖਾ ਲਿਆ
ਦਿਸਿਆ ਨਾ ਮੁਖ ਤੇਰਾ
ਸਾਰਾ ਜਗ ਗਾਹ ਲਿਆ
ਚੌਬਾਰੇ ਦਾ ਚਿਰਾਗ ਗਿਆ
ਜਗ ਜਗ ਬੁਝ
ਰਾਤ ਦੀ ਪਰਾਤ 'ਚ ਦਿਨ ਗਿਆ ਗੁੱਝ
ਤੇਰੀਆਂ ਦਲੀਲਾਂ ਵਿਚ ਮਨ ਗਿਆ ਰੁੱਝ
ਮਰਨ ਵੀ ਨਹੀਂ ਦਿੰਦੀ
ਸਾਨੂੰ ਲਗੀ ਤੇਰੀ ਝਾਤ
ਜਿਉਣ ਵੀ ਨਹੀਂ ਦਿੰਦੀ ਲੰਬੀ ਹਿਜਰਾਂ ਦੀ ਰਾਤ
-0-
ਪੌਣਾਂ ਵਿਚੋਂ ਆਵੇ
ਦਿਲ ਧੁਖਦੇ ਦੀ ਬੂਅ
ਬਲ਼-ਬਲ਼ ਦੇਹੀ ਵਿਚ ਕੋਲੇ ਹੋਈ ਰੂਹ
ਪੀਚਿਆ ਨਾ ਗਿੱਠ ਬ੍ਰਿਹਾ
ਸਾਰੀ ਰਾਤ ਗਿੜਦੇ ਰਹੇ ਅੱਖੀਆਂ ਦੇ ਖੂਹ
ਤੱਕਾਂ ਜਦ ਚਿਹਰਾ

ਤਾਂ ਕਲੇਜੇ ਪੈਂਦੀ ਧੂ
-0-
ਰੁੱਸ ਗਈਆਂ ਕੰਧਾਂ ਛੱਤਾਂ
ਘਰ ਸਾਡੇ ਨਾਲ
ਗਲ਼ੀਆਂ ਨੇ ਚੁੱਪ
ਚੜ੍ਹੇ ਵਿਹੜਿਆਂ ਨੂੰ ਤਾਪ
ਛੱਡ ਖੁਸ਼ਬੂਆਂ ਗਈਆਂ
ਕਲੀਆਂ ਦੇ ਆਲ੍ਹਣੇ
ਲਹੂ ਵਿਚ ਡੁਬਕੇ ਕਿਨਾਰੇ ਪੈਂਦੇ ਭਾਲਣੇ
-0-
ਹੰਝੂ ਹੋਏ ਸਾਡੇ
ਮਹੀਨਾ ਚੰਨਾ ਸਾਉਣ ਦਾ
ਭੁਲ ਗਿਆ ਕਾਂਵਾਂ ਨੂੰ
ਬਨੇਰੇ ਉੱਤੇ ਬੋਲਣਾ
ਮੋਰਾਂ ਤਾਈਂ ਨੱਚਣਾ
ਭੌਰਾਂ ਤਾਈਂ ਡੋਲ੍ਹਣਾ
ਖੜਕੇ ਬੂਹਾ ਆਵੇ ਬੁੱਲ੍ਹਾ ਜਦੋਂ ਪੌਣ ਦਾ
ਪੈਂਦਾ ਏ ਭੁਲੇਖਾ ਚੰਨਾ ਤੇਰੇ ਆਉਣ ਦਾ
ਨਸ ਨਸ ਜਾਵੇ ਦਿਲ ਬੂਹੇ ਵੱਲ
ਭੁਲ ਜਾਂਦੀ ਜਿੰਦ ਲੈਣਾ ਦਮ
-0-
ਚੜ੍ਹਿਆ ਸਿਰ ਨੂੰ ਸ਼ੁਦਾਅ ਬਣ ਤੂੰ
ਤੇਰੇ ਲਈ ਕੱਤਦੀ ਦੇਹ ਦਾ ਮੈਂ ਰੂੰ
ਕੱਤ ਕੱਤ ਸੂਤ
ਪਈ ਖੇਸੀ ਮੈਂ ਬਣਾਨੀ ਆਂ
ਮਿੱਟੀ ਦਾ ਬਣਾ ਕੇ ਬਾਵਾ
ਹਿੱਕ ਨਾਲ ਲਾਉਨੀ ਆਂ
ਰੋਨੀ ਹਾਂ ਮੈਂ ਆਪ
ਚੁੱਪ ਬਾਵੇ ਨੂੰ ਕਰਾਉਨੀ ਆਂ

ਖੇਸੀ 'ਚ ਲਪੇਟ ਬਾਵਾ
ਪੀੜ੍ਹੀ 'ਤੇ ਸੁਆਨੀ ਆਂ
ਤੇਰਿਆਂ ਖਿਆਲਾਂ ਦੀਆਂ
ਝਲਣੀਆਂ ਪੱਖੀਆਂ
ਖਿਆਲਾਂ 'ਚ ਗੁਆਚੀ
ਸੁੱਤਾ ਬਾਵਾਂ ਭੁਲ ਜਾਨੀ ਆਂ
ਆਪੇ ਵਿਚੋਂ ਭਾਲਦੀ ਹਾਂ
ਆਪੇ 'ਚੋਂ ਜਗਾਨੀ ਹਾਂ
ਲਭਦਾ ਨਹੀਂ ਬਾਵਾ
ਮੈਂ ਗੁਆਚ ਆਪ ਜਾਨੀ ਆਂ
–0–
ਸ਼ੀਸ਼ੇ ਸਾਹਵੇਂ ਬਹਿ ਕੇ
ਮੈਂ ਅੰਗ ਹਾਂ ਨਿਹਾਰਦੀ
ਰੰਗ ਰੂਪ ਆਪਣਾ ਮੈਂ
ਤੇਰੇ ਵਿਚ ਢਾਲ਼ਦੀ
ਕੂਚ ਕੂਚ ਅੱਡੀਆਂ
ਲਾਈਆਂ ਲਿਸ਼ਕਾਂ
ਸ਼ੀਸ਼ਾ ਕਰ ਦੇਹੀ
ਪੀੜ੍ਹੀ ਵਿਹੜੇ ਲਈ ਡਾਹ
ਢਲੀਆਂ ਤ੍ਰਿਕਾਲਾਂ ਪਰਿੰਦੇ ਮੁੜੇ ਘਰ
ਤੇਰੀਆਂ ਉਡੀਕਾਂ
ਖੁਲ੍ਹਾ ਰਖਿਆ ਏ ਦਰ
–0–
ਛੁਪ ਗਏ ਤਾਰੇ
ਚੰਨ ਟੁਰ ਗਿਆ ਘਰ
ਵਾਗਾਂ ਜ਼ਰਾ ਵਤਨਾਂ ਦੇ ਵੱਲ ਤੂੰ ਵੀ ਕਰ
ਢਲ਼ੇ ਪਰਛਾਵੇਂ ਬੁੱਢੇ ਹੋਏ ਰੁੱਖ
ਉਮਰੋਂ ਲਮੇਰੇ ਚੰਨਾ
ਸਾਨੂੰ ਤੇਰੇ ਦੁਖ

ਝਾਕਦਾ ਹੈ ਵਿਹੜਾ
ਅੱਖਾਂ ਬੂਹੇ ਉੱਤੇ ਲਗੀਆਂ
ਤੇਰੀਆਂ ਉਡੀਕਾਂ ਵਿਚ ਸੁੱਤੀਆਂ ਨਾ ਗਲ਼ੀਆਂ
ਖੜਕਾਇਆ ਨਹੀਉਂ ਅਜੇ ਤਾਈਂ
ਚੰਨਾ ਸਾਡਾ ਦਰ ਵੇ
ਲਹੂ 'ਚ ਵਸਾਇਆ ਸੀ ਜੋ
ਭੁਲਿਉ ਉਹ ਘਰ ਵੇ!
-0-
ਸਿਖ਼ਰ ਜੁਆਨੀ ਸਿਰ
ਮਚਦੇ ਨੇ ਅੰਗ ਵੇ
ਹੋਰ ਸੂਹਾ ਹੋਇਆ
ਮੇਰੇ ਮੁਖੜੇ ਦਾ ਰੰਗ ਵੇ!
ਗਿੱਠ ਗਿੱਠ ਲਾਲੀਆਂ
ਤੇ ਕਪੜੇ ਨੇ ਤੰਗ ਵੇ
ਦਿਲ ਕਰੇ ਧੱਕ ਧੱਕ ਵੇ
ਰੰਗੀ ਗਈ ਜੋਗੀਆ
ਤੇਰੇ ਮੈਂ ਰੰਗ ਵੇ
ਵੇਖ ਆ ਕੇ ਪਾਣੀਆਂ ਨੂੰ
ਕਿੰਜ ਲਗਦੀ ਏ ਅੱਗ ਵੇ!
-0-
ਲਾ ਕੇ ਅੱਖਾਂ ਤੇਰੇ ਨਾਲ
ਹੋਈ ਗੁਲਜ਼ਾਰ ਮੈਂ
ਮਹਿਕਦੀ ਹੈ ਦੇਹ
ਰਖਾਂ ਦੀਵਾ ਤੇਰਾ ਬਾਲ਼ ਮੈਂ
ਸੁਣਦੀ ਹਾਂ ਗਲ਼ੀ 'ਚੋਂ
ਜੇ ਜੁੱਤੀ ਕੋਈ ਚੀਕਦੀ
ਬੂਹੇ ਵਲ ਨੱਸਦੀ
ਤੇ ਗਲ਼ੀ ਵਿਚ ਵੇਖਦੀ
ਅੱਗ ਵੇ ਵਿਛੋੜੇ ਵਾਲੀ

ਦੇਹ ਮੇਰੀ ਸੇਕ ਦੀ
ਚੜ੍ਹ ਆਇਆ ਦਿਲ
ਮੁਕ ਗਈ ਏ ਰਾਤ ਵੇ
ਅੱਖ ਵੀ ਨਾ ਲਗੀ
ਨਾ ਕੋਈ ਹੋਈ ਕਰਾਮਾਤ ਵੇ!
-0-
ਤੇਰੀਆਂ ਉਡੀਕਾਂ
ਸੁਕੇ ਨੈਣਾਂ ਦੇ ਖੂਹ
ਲੰਘੇ ਕਈ ਸਾਉਣ ਚੰਨਾ
ਆਇਉਂ ਨਾ ਤੂੰ
ਤੇਰਿਆਂ ਖਿਆਲਾਂ ਵਿਚ
ਦਿਰ ਰਾਤ ਡੁਬੀ ਰਹਿੰਨੀ ਆਂ
ਤੱਕਦੀ ਹਾਂ ਰਾਹ
ਬੂਹੇ ਵਿਚ ਬੈਠੀ ਰਹਿੰਨੀ ਆਂ !
-0-

# ਪੌਣਾਂ ਵਿਚੋਂ ਸੁਣਦੇ ਨੇ

ਪੌਣਾਂ ਵਿਚੋਂ ਸੁਣਦੇ ਨੇ
ਚੰਨਾ ਤੇਰੇ ਬੋਲ
ਵਸਣਾ ਤੇ ਵਸ ਬੀਬਾ
ਅੱਖੀਆਂ ਦੇ ਕੋਲ
-0-
ਬੱਦਲਾਂ ਦੀ ਰੁੱਤ
ਪਏ ਨਿੰਮੀ ਨਿੰਮੀ ਫੂਰ
ਮਚਦੀ ਹੈ ਅੱਗ ਪਿੰਡੇ
ਡੁਲ੍ਹਦਾ ਸਰੂਰ
ਸ਼ੂਕਦੀ ਜਵਾਨੀ
ਮਾਰੇ 'ਵਾਜਾਂ ਬਾਹਾਂ ਖੋਲ੍ਹ
ਕੋਇਲ ਦਾ ਬ੍ਰਿਹਾ
ਤੇ ਬੱਦਲਾਂ ਦਾ ਸ਼ੋਰ
ਅੰਗ ਅੰਗ
ਅੱਗ ਦੀ ਜ਼ੁਬਾਨ ਰਿਹਾ ਬੋਲ
ਰੂਪ ਦਾ ਦੁਪਹਿਰਾ
ਰੁੱਖ ਛਾਵਾਂ ਕੋਲੋਂ ਦੂਰ
ਤਪਦਾ ਏ ਤਨ
ਜਿਵੇਂ ਤਪਦਾ ਤੰਦੂਰ
ਪਤਾ ਨਹੀਂ ਬਹਿ ਰਿਹਾ ਹੈ
ਜਾ ਕੇ ਕਿਹਦੇ ਕੋਲ
ਠਾਰਾਂ ਕਿਵੇਂ ਅੱਗ
ਸੀਨੇ ਵਿਚ ਮਚਦੀ
ਪਿਘਲੇ ਨੇ ਚੰਨਾ
ਮੇਰੇ ਅੰਗ ਗੋਲ ਗੋਲ
ਨਿਕਲਾਂ ਮੈਂ ਘਰੋਂ
ਮੈਨੂੰ ਤਾੜਦੇ ਨੇ ਲੋਕ

ਚਾਨਣੀ ਦੀ ਮਹਿਕ
ਵਾਸਨਾਂ ਦੀ ਅੱਗ 'ਚ
ਉਤਾਰਦੇ ਨੇ ਲੋਕ
ਅੱਖੀਆਂ 'ਚ ਰਿੰਨਦੇ ਨੇ
ਕੋਲ਼ਿਆਂ ਤੇ ਸੇਕ
ਆਪਾ ਠਾਰਦੇ ਨੇ ਲੋਕ
ਧੁਖ ਧੁਖ ਰਾਖ ਹੋ ਗਿਆ ਸਰੀਰ
ਤੇਰੀਆਂ ਜੁਦਾਈਆਂ
ਦਿੱਤਾ ਪੋਟਾ ਪੋਟਾ ਚੀਰ
ਕਟੇ ਵਢੇ ਚਿਹਰੇ ਵਿੱਚੋਂ
ਸਾਬਤੀ ਪਈ ਦਿਸਦੀ ਏ
ਤੇਰੀ ਤਸਵੀਰ
–0–
ਦੁਨੀਆ ਦੇ ਰੰਗਾਂ
ਤੇ ਰੰਗੀਨੀਆਂ ਦਾ ਝੱਲ
ਜ਼ਿੰਦਗੀ 'ਚ ਹੋਈ ਜਾਂਦਾ
ਭਾਰੂ ਪਲ ਪਲ
ਸਾਂਭਿਆ ਹੈ ਅੱਜ
ਹੋਣਾ ਪਤਾ ਨਹੀਂ ਕੀ ਕੱਲ੍ਹ
ਦਿਲ ਹੀ ਹੈ
ਭਰੋਸਾ ਕੀ ਹੈ ਕਦੋ ਜਾਏ ਡੋਲ
ਗੰਢ ਇਹ ਜਵਾਨੀ ਵਾਲੀ
ਕਦੋਂ ਦੇਵੇ ਖੋਲ੍ਹ !
–0–
ਗਲ਼ ਗਲ਼ ਤੀਕ
ਅਜੇ ਰੂਪ ਦੀ ਹੈ ਰੁੱਤ
ਅੱਗ ਵਾਂਗ ਮਚਦਾ ਹੈ
ਮਿੱਟੀ ਦਾ ਇਹ ਬੁੱਤ
ਚੋਅ ਚੋਅ ਪੈਂਦਾ ਮੁਖੜੇ ਦਾ ਰੰਗ

ਪਰ ਲਾ ਕੇ ਉੱਡ ਗਈ ਹੈ
ਅੰਗਾਂ ਨਖਸ਼ਾਂ ਦੀ ਸੰਗ
ਪੱਥਰਾਂ 'ਚ ਸੁੱਤੇ
ਮੈਨੂੰ ਝਾਕਦੇ ਨੇ ਬੁੱਤ
ਰੱਬ ਜਾਣੇ ਕਦੋਂ
ਮੇਰੀ ਖੱਲ੍ਹ ਜਾਣੀ ਗੁੱਤ !
–0–
ਝੁੱਲ ਜਾਣਾ ਜੁਲਫ਼ਾਂ
ਪਸੀਜ ਜਾਏ ਚਿੱਤ
ਜਵਾਨੀ ਤੇ ਜਵਾਨੀ ਹੁੰਦੀ
ਆਪਣੇ ਸਿਵਾ ਨਾ ਹੁੰਦੀ ਕਿਸੇ ਦੀ ਵੀ ਮਿੱਤ
ਕਾਂਵਾਂ ਦੀ ਚੁੰਝਾਂ ਹੇਠਾਂ
ਮੱਖਣੀ ਦਾ ਕੌਲ
ਸੁੱਕ ਜਾਣਾ ਵੇਲਾ
ਢੋਲ ਜਿਨ੍ਹਾਂ ਦੇ ਨੇ ਦੂਰ
ਆਇਓਂ ਨਾ ਜੇ ਇਸ ਰੁੱਤੇ
ਉੱਡ ਜਾਣੈ ਭੌਰ
ਸੁੱਕ ਜਾਣਾ ਜਵਾਨੀ ਦੀਆਂ ਪੁੰਗਰਾਂ ਦਾ ਦੌਰ
ਪਾਣੀਆਂ ਨੂੰ ਲਗਦੀ ਹੈ ਚੰਨਾ ਜਦੋਂ ਅੱਗ
ਸਾਗਰਾਂ ਦੇ ਪਿੰਡਿਆਂ 'ਚੋਂ ਉੱਗ ਪੈਂਦੇ ਥਲ
–0–

# ਭੁਲੇਖੇ ਨਾਲ

ਭੁਲੇਖੇ ਨਾਲ ਤੈਨੂੰ
ਆਪਣਾ ਬਣਾ ਲਿਆ
ਫੁੱਲਾਂ ਦੇ ਭੁਲੇਖੇ
ਧੋਖਾ ਪੱਥਰਾਂ ਦਾ ਖਾ ਲਿਆ।
-0-
ਲਾ ਕੇ ਦਿਲ
ਦਿਲ ਸਾਡਾ ਤੋੜ ਜਾਣ ਵਾਲੀਏ
ਰੰਗ ਦੀਏ ਗੋਰੀਏ
ਦਿਲ ਦੀਏ ਕਾਲ਼ੀਏ
ਸਪਣੀ ਏਂ ਥਲ ਦੀਏ
ਭੂਰੇ ਨੈਣਾਂ ਵਾਲੀਏ
ਮਾਰਿਆ ਤੂੰ ਡੰਗ
ਕਿਵੇਂ ਜ਼ਹਿਰ ਨੂੰ ਉਤਾਰੀਏ
ਮੰਦਾਰੀਆਂ ਦੇ ਮੰਤਰਾਂ ਨੂੰ
ਭਸਮ ਜਾਣ ਵਾਲੀਏ
ਪਛਾਣਿਆ ਨਾ ਅਸਾਂ
ਤੇਰੇ ਲਹੂ ਦੀ ਜ਼ਮੀਰ ਨੂੰ
ਸ਼ਹਿਦ ਵਿਚ ਲਿਪਟੇ
ਮਾਹੁਰੇ ਦੀ ਤਾਸੀਰ ਨੂੰ
ਰੱਬੀ ਘਰ ਦਿਲ ਦਾ
ਢਾਅ ਜਾਣ ਵਾਲੀਏ
ਆਰਤੀ ਦੇ ਦੀਵੇ ਨੂੰ
ਬੁਝਾ ਜਾਣ ਵਾਲੀਏ
-0-
ਨਿੱਤ ਨਵੇਂ ਆਲ੍ਹਣੇ
ਨਵੀਆਂ ਉਡਾਰੀਆਂ
ਦਿਨ ਕਿਤੇ ਹੋਰ

ਰਾਤਾਂ ਹੋਰ ਥਾਂ ਗੁਜ਼ਾਰੀਆਂ
ਪੰਖੇਰੂਆਂ ਕਲੇਜਿਆਂ ਦੇ
ਭਰਦੀ ਤੂੰ ਰੁੱਗ ਨੀ
ਕੱਟੀ ਜਿੱਥੇ ਰਾਤ
ਆਲ੍ਹਣੇ ਦੇ ਨਾਲ ਗਏ
ਰੁੱਖ ਵੀ ਉਹ ਸੁੱਕ ਨੀ
ਗ਼ਮ ਦੇ ਤੰਦੂਰ 'ਚ
ਗਏ ਪੰਛੀ ਉਹ ਭੁੱਜ ਨੀ
ਜਿਉਂਦੀਆਂ ਉਹ ਲਾਸ਼ਾਂ
ਨਾ ਰਿਹਾ ਪੱਲੇ ਕੁੱਝ ਵੀ
-0-
ਗ਼ੈਰਾਂ ਦੀਆਂ ਸੇਜ਼ਾਂ ਦੀ
ਰੌਣਕ ਕਹਾਏਂ ਤੂੰ
ਮੰਡੀਆਂ 'ਚ ਉੱਤਰੇਂ
ਬਜ਼ਾਰੀਂ ਵਿਕ ਜਾਏਂ ਤੂੰ
ਬੁੱਲ੍ਹੇ ਵਾਂਗ ਆਵੇ
ਤੇ ਹਨੇਰੀ ਵਾਂਗ ਜਾਏਂ ਤੂੰ
ਵਸਦਿਆਂ ਘਰਾਂ ਵਿਚ
ਕਬਰਾਂ ਉੱਗਾਏ ਤੂੰ
ਵਿਖਾ ਕੇ ਰੰਗ ਰੂਪ
ਲਹੂ ਲੋਕਾਂ ਦਾ ਤੂੰ ਚੱਟਿਆ
ਸ਼ਰਮੋ ਹਯਾ ਵੇਚ
ਮੁੱਲ ਦੇਹੀ ਦਾ ਤੂੰ ਵਟਿਆ
ਤੇਰਾ ਕੀ ਏ ਸੱਚ
ਤੇਰਾ ਕੀ ਏ ਇਤਬਾਰ
ਨਿਤ ਨਵੀਂ ਯਾਰੀ
ਤੇ ਨਿਤ ਨਵੇਂ ਯਾਰ
ਸਾੜ ਨਾ ਦੇਵੇ ਰੌਣਕਾਂ
ਰੰਗੀਨੀਆਂ ਤੂੰ ਦਿਲਾਂ ਦੀਆਂ

ਮੌਤ ਦਾ ਤੂੰ ਚੋਗਾ ਦੇਵੇ
ਹਰ ਥਾਂ ਖਿਲਾਰ
-0-
ਭੁਲੇਖੇ ਨਾਲ ਤੈਨੂੰ
ਆਪਣਾ ਬਣਾ ਲਿਆ
ਫੁੱਲਾਂ ਦੇ ਭੁਲੇਖੇ
ਧੋਖਾ ਪੱਥਰਾਂ ਦਾ ਖਾਹ ਲਿਆ!
-0-

## ਲਾ ਕੇ ਅੱਖਾਂ

ਲਾ ਕੇ ਅੱਖਾਂ
ਅੱਖਾਂ 'ਚ ਗੁਆਚ ਗਿਉਂ ਤੂੰ
ਬਣਾ ਕੇ ਸਾਨੂੰ ਆਪਣਾ
ਵਿਸਾਰ ਗਿਉਂ ਤੂੰ
-0-
ਬਾਲ਼ ਕੇ ਚਿਰਾਗ਼
ਸਾਡੇ ਦਿਲ ਦੇ ਵਿਹੜੇ
ਸੂਰਜਾਂ ਦੀ ਥਾਂ
ਬੀਜ ਗਿਉਂ ਤੂੰ ਹਨੇਰੇ
ਅੰਨ੍ਹੇ ਖੂਹ ਕਾਲਖਾਂ ਦੇ
ਅਸੀਂ ਤੇਰੇ ਲਈ ਗੇੜੇ
ਚੜ੍ਹਿਆ ਨਾ ਚੰਨ
ਦੂਰ ਹੋਏ ਨਾ ਹਨੇਰੇ
-0-
ਬੁਝ ਬੁਝ ਜਗਿਆ
ਜਿੰਦ ਦਾ ਚਿਰਾਗ
ਆਪਣਾ ਹੀ ਚਿਹਰਾ
ਅਸਾਂ ਦਿਤਾ ਏ ਵਿਸਾਰ
ਤੇਰੀ ਹੀ ਨੁਹਾਰ ਹੋਈ
ਰੰਗ ਰੂਪ ਮੇਰਾ
ਮਾਰਦੇ ਨੇ ਵਾਜਾਂ ਲੋਕ
ਨਾਂਅ ਲੈ ਲੈ ਤੇਰਾ
ਭੁਲ ਗਿਆ ਅੱਗਾ
ਰਿਹਾ ਪਿੱਛਾ ਵੀ ਨਾ ਯਾਦ
ਵਿਛੋੜੇ ਤੇਰੇ ਕੀਤਾ
ਸਾਡਾ ਡਾਢਾ ਮੰਦਾ ਹਾਲ
-0-

ਆਪਣਾ ਬਣਾ ਕੇ ਸਾਨੂੰ
ਗ਼ੈਰਾਂ ਦਾ ਤੂੰ ਹੋ ਗਿਉ
ਬੇਗਾਨਿਆਂ ਰੁੱਖਾਂ ਦੀ
ਛਾਵੇਂ ਜਾ ਖਲੋ ਗਿਉਂ
ਦਿਲ ਦਾ ਸੈਂ ਅੱਥਰੂ
ਅੱਖੀਆਂ 'ਚ ਖੋ ਗਿਉਂ
ਜਲ ਦਾ ਨਾ ਜਲ ਹੋਇਉਂ
ਥਲ ਵਿਹੜੇ ਬੋਅ ਗਿਉਂ
-0-
ਬਰਸਾਤਾਂ ਵਿਚ ਚੋਂਦੀਆਂ ਨੇ
ਘਰਾਂ ਦੀਆਂ ਛੱਤਾਂ
ਛੱਤ ਸਾਡੇ ਪਿਆਰ ਦਾ
ਧੁੱਪਾਂ ਵਿਚ ਚੋਅ ਗਿਆ
ਹਿਲ ਗਈਆਂ ਕੰਧਾਂ ਨੀਂਹਾਂ
ਉਦਾਸ ਵਿਹੜਾ ਹੋ ਗਿਆ
ਕੁੱਝ ਵੀ ਨਾ ਰਿਹਾ ਸਾਡਾ
ਚੁੱਲ੍ਹਾ ਚੌਂਕਾ ਢਹਿ ਗਿਆ
ਖਿੜੇ ਗੁਲਜ਼ਾਰ ਦਾ
ਖੰਡਰ ਰੋਂਦਾ ਰਹਿ ਗਿਆ
ਦਿਲ ਵਾਲ਼ੇ ਦਾਗ
ਅਸਾਂ ਹੰਝੂਆਂ ਨਾਲ ਧੋ ਲਏ
ਚਿਹਰਾ ਹੋਇਆ ਦਾਗ ਸਾਡਾ
ਦਾਗ ਚਿਹਰਾ ਹੋ ਗਏ
ਸ਼ੀਸ਼ੇ ਅੱਗੇ ਬਾਰ ਬਾਰ
ਉਠਦੀ ਤੇ ਬਹਿੰਦੀ ਹਾਂ
ਸ਼ੀਸ਼ੇ ਵਿਚੋਂ ਚਿਹਰਾ
ਚਿਹਰੇ ਵਿਚੋਂ ਸ਼ੀਸ਼ਾ ਤੱਕਦੀ ਹੀ ਰਹਿੰਦੀ ਹਾਂ
ਆਪਣੀ ਹੀ ਲਾਈ ਵਿਚ
ਸੜ ਸੜ ਜਾਣੀਆਂ

ਆਪਣੀ ਲਗਾਈ ਪਈ
ਆਪ ਹੀ ਬੁਝਾਣੀਆਂ
ਅੱਗ ਵੀ ਤੇ ਜਲ ਵੀ
ਮੈਂ ਆਪ ਹੀ ਕਹਾਉਂਨੀ ਹਾਂ
-0-
ਤੂੰ ਕੀ ਜਾਣੇ
ਦੁਖ ਕੀ ਹੁੰਦਾ ਹੈ ਜੁਦਾਈ ਦਾ
ਕੱਖਾਂ ਵਿਚ ਸਾਂਭ-ਸਾਂਭ
ਕਿਵੇਂ ਅੱਗ ਨੂੰ ਲੁਕਾਈਦਾ
ਆਉਂਦੀ ਹੈ ਬਹਾਰ ਜਦੋਂ
ਜਵਾਨੀ ਦੇ ਅੰਗਾਂ ਉੱਤੇ
ਨੱਚਦੀ ਹੈ ਅੱਗ ਜਦੋਂ ਨਕ਼ਸ਼ਾਂ
ਤੇ ਰੰਗਾਂ ਉੱਤੇ
ਆਪਣਾ ਹੀ ਚਿਹਰਾ
ਫਿਰ ਆਪੇ ਤੋਂ ਲੁਕਾਈ ਦਾ
ਅੱਗ 'ਚ ਜਿਉਂਦੇ
ਜਲ ਵਿਚ ਮਰ ਜਾਈਦਾ
ਮੋਇਆਂ ਨੂੰ ਕੀ ਪਤਾ
ਬੁਝੀ ਹੈ ਕਿ ਮਚਦੀ ਹੈ
ਮਚਦੀ ਨੂੰ ਰੱਬ ਜਾਣੇ
ਕਿੰਜ ਹੈ ਬੁਝਾਈਦਾ
ਆਪਣੇ ਤੋਂ ਵੱਖ ਹੋ ਕੇ
ਆਪਣੇ ਹੀ ਆਪ ਦੇ ਹੈ
ਗਲ਼ ਲਗ ਜਾਈਦਾ
-0-
ਤੂੰ ਤੇ ਖੰਭ ਖੋਹ ਕੇ ਸਾਡੇ
ਮਾਰੀਆਂ ਉੱਡਾਰੀਆਂ
ਹੰਝੂਆਂ 'ਚ ਭਿੱਜੀਆਂ
ਅਸਾਂ ਉਮਰਾਂ ਗੁਜ਼ਾਰੀਆਂ

ਢੂੰਢਦੇ ਹਾਂ ਆਪਾਂ
ਆਪਣੇ ਹਨੇਰੇ 'ਚੋਂ
ਬਾਲ-ਬਾਲ ਦੀਵੇ
ਨੈਣਾਂ ਤੇਰਿਆਂ ਦੇ ਤੇਰੇ 'ਚੋਂ

-0-

ਲਾ ਕੇ ਅੱਖਾਂ
ਅੱਖਾਂ 'ਚ ਗੁਆਚ ਗਿਉਂ ਤੂੰ
ਬਣਾ ਕੇ ਸਾਨੂੰ ਆਪਣਾ
ਵਿਸਾਰ ਗਿਉਂ ਤੂੰ

-0-

# ਅੰਬਰੀਂ ਚੰਨ ਚੜ੍ਹਿਆ

ਅੰਬਰੀਂ ਚੰਨ ਚੜ੍ਹਿਆ
ਨਿੰਮੀ ਨਿੰਮੀ ਤਾਰਿਆਂ ਦੀ ਲੋਅ
ਪ੍ਰਹਾਉਣਾ ਸੁਫ਼ਨੇ ਦਾ
ਆ ਵਿਹੜੇ ਵਿਚ ਗਿਆ ਨੀ ਖਲੋ !
-0-
ਭਰ ਗਿਆ ਵਿਹੜਾ
ਚਾਨਣ ਦੇ ਨਾਲ
ਮਾਹੀ ਦੇ ਦੀਦਾਰ ਵਿਚ
ਜਗ ਪਏ ਚਿਰਾਗ
ਇੰਨੇ ਚਿਰ ਪਿੱਛੋਂ
ਮਾਹੀ ਵਾਜ ਮੈਨੂੰ ਮਾਰ ਲਈ
ਕਲਬੂਤ ਚੁਬਾਰੇ
ਰੂਹ ਵਿਹੜੇ 'ਚ ਉਤਾਰ ਲਈ
ਗਲ਼ ਲੱਗ ਮਾਹੀ ਦੇ
ਮੈਂ ਨੂਰ ਨੂਰ ਹੋ ਗਈ
ਰਹੀ ਨਾ ਪਹਿਚਾਣ ਮੇਰੀ
ਮਾਹੀ ਮਾਹੀ ਹੋ ਗਈ
-0-
ਰਲ਼ ਗਈ ਬੂੰਦ
ਸਾਗਰੇ ਦੇ ਜਲ 'ਚ
ਬੱਦਲਾਂ ਦੇ ਕਾਫ਼ਲੇ
ਉੱਤਰੇ ਜਿਉਂ ਥਲ 'ਚ
ਝੜੀਆਂ ਨੇ ਦਿੱਤਾ
ਮੂੰਹ ਔੜਾਂ ਦਾ ਧੋ
ਚਿਰਾਂ ਦੀ ਪਿਆਸ ਬੁਝੀ
ਗਈ ਜਲ ਹੋ
-0-

ਪੌਣਾਂ ਬ੍ਰਿਹਾ ਗਾਇਆ
ਰੁੱਤਾਂ ਸੁਹਾਗ
ਚੰਨ ਤਾਰੇ ਸੁਰ ਹੋਏ
ਸੂਰਜ ਰਬਾਬ
ਤੂਤਾਂ ਵਿਚ ਘੁੱਗੀ ਬੋਲੇ
ਬਾਗਾਂ ਵਿਚ ਮੋਰ
ਅਰਸ਼ਾਂ ਤੋਂ ਦਿਲ ਵਿਹੜੇ
ਉਤਰਿਆ ਕੌਣ
ਖਿਆਲਾਂ ਵਿਚ ਝੱਲੀ
ਰਹੀ ਤੱਕਦੀ ਖਲੋ
ਅੰਬਰੀਂ ਚੰਨ ਚੜ੍ਹਿਆ
ਨਿੰਮੀ ਨਿੰਮੀ ਤਾਰਿਆਂ ਦੀ ਲੋਅ
ਪ੍ਰਹਾਉਣਾ ਸੁਫ਼ਨੇ ਦਾ
ਆ ਵਿਹੜੇ ਵਿਚ ਗਿਆ ਨੀ ਖਲੋ
-0-
ਕਿਹੜੇ ਨੀ ਮੈਂ ਪੀੜ੍ਹੇ ਉੱਤੇ
ਚੰਨ ਨੂੰ ਬਿਠਾਵਾਂ
ਚਾਨਣੀ ਦੀ ਸੇਜ
ਦੇਹ ਦੇ ਪਲੰਘੀ ਵਿਛਾਵਾਂ
ਸੂਰਜੇ ਦਾ ਤਕੀਆ
ਸਿਰਹਾਨੇ ਨੀ ਟਿਕਾਵਾਂ
ਤੱਕਦੀ ਮੈਂ ਮਾਹੀ ਨੂੰ
ਝਪਕਾਂ ਨਾ ਅੱਖੀਆਂ
ਪੌਣਾਂ ਦੀਆਂ ਮਾਹੀ ਨੂੰ
ਮੈਂ ਝਲਣੀਆਂ ਪੱਖੀਆਂ
-0-
ਸੁਗਾਤਾਂ ਨੀ ਮੈਂ ਰੂਪ ਦੀਆਂ
ਮਾਹੀ ਅੱਗੇ ਰੱਖੀਆਂ
ਮੇਰੇ ਤੋਂ ਛੁਪਾ ਕੇ ਮਾਹੀ

ਚੋਰੀ ਚੋਰੀ ਚਖੀਆਂ
ਭਿਜ ਗਈ ਮੈਂ ਸਾਰੀ
ਉਹਦੇ ਮੁਖੜੇ ਦੀ ਸੰਗ 'ਚ
ਰੰਗੀ ਗਈ ਚਾਂਦਨੀ
ਚੰਨ ਦੇ ਨੀ ਰੰਗ 'ਚ
ਗੁੰਨ੍ਹ ਲਿਆ ਮਾਹੀ ਮੈਨੂੰ
ਦੇਹ ਦੀ ਪਰਾਤ 'ਚ
ਮਹਿਕ ਜਿਵੇਂ ਫੁੱਲਾਂ ਵਿੱਚ
ਤਾਰੇ ਜਿਉਂ ਅਕਾਸ਼ 'ਚ
ਕਿਰਨਾਂ ਜਿਉਂ ਸੂਰਜੇ ਨੂੰ
ਲੈਂਦੀਆਂ ਪਰੋ
ਮਾਹੀ ਮੈਨੂੰ
ਆਪਣੇ 'ਚ ਲਿਆ ਨੀ ਲੁਕੋ!
-0-
ਅੰਬਰੀਂ ਚੰਨ ਚੜ੍ਹਿਆ
ਨਿੰਮੀ ਨਿੰਮੀ ਤਾਰਿਆਂ ਦੀ ਲੋਅ
ਪ੍ਰਾਹੁਣਾ ਸੁਫ਼ਨੇ ਦਾ
ਆ ਵਿਹੜੇ ਵਿਚ ਗਿਆ ਨੀ ਖਲੋ
-0-

## ਲੰਮੀਆਂ ਜੁਦਾਈਆਂ

ਲੰਮੀਆਂ ਜੁਦਾਈਆਂ
ਉਮਰਾਂ ਨੇ ਥੋੜ੍ਹੀਆਂ
ਉੱਡੀਕ ਨੇ ਮੁਹਾਰਾਂ
ਵਲ ਕਬਰਾਂ ਦੇ ਮੋੜੀਆਂ
-0-
ਅੱਖੀਆਂ ਨੂੰ ਹੋਣਗੇ
ਕਦੋਂ ਜੀ ਦੀਦਾਰ
ਆਉ ਚੰਨ  ਹੋ ਕੇ
ਕਿਹੜੀ ਪੌਣ 'ਤੇ ਸਵਾਰ
ਮਲ਼ ਮਲ਼ ਵਟਨਾ ਦੇਹ ਨੂੰ ਨਿਖਾਰਿਆ
ਅੱਖਾਂ ਦੀਆਂ ਝੀਲਾਂ ਵਿਚ
ਚੰਨ ਨੂੰ ਉਤਾਰਿਆ
ਖੁੱਲ੍ਹੇ ਰਖੇ ਦਿਲ ਦੇ ਅਸੀਂ ਬੂਹੇ ਬਾਰੀਆਂ
ਕਰਦੇ ਉਡੀਕ ਤੇਰੀ
ਉਮਰਾਂ ਗੁਜ਼ਾਰੀਆਂ
ਅੱਖਾਂ ਵਿਚ ਅੱਥਰੂ
ਚੰਨਾ ਤੇਰੀ ਦੀਦ ਦਾ
ਉਡੀਕਦਾ ਹੈ ਰੱਬ ਤੈਨੂੰ
ਦਿਲ ਦੀ ਮਸੀਤ ਦਾ
-0-
ਬਹਾਰਾਂ ਦੇ ਮੁਖੜੇ 'ਤੇ
ਪਤਝੜਾਂ ਛਾਈਆਂ ਨੇ
ਕਲੀਆਂ ਨੇ ਅੱਖਾਂ
ਪੱਥਰਾਂ ਨਾਲ ਲਾਈਆਂ ਨੇ
ਪੱਥਰ ਨਾ ਪਿਘਲੇ
ਮਹਿਕਾਂ ਪੱਥਰਾਈਆਂ ਨੇ
ਕਿਹੋ ਜਿਹੀ ਲਾਈ

ਨਾ ਮੇਲ ਨਾ ਜੁਦਾਈ ਹੈ
ਨੈਣਾਂ ਦੀ ਸੂਲ਼ੀ ਜਿੰਦ
ਨੈਣਾਂ 'ਚ ਚੜ੍ਹਾਈ ਹੈ
ਚਾਂਦਨੀ ਦੇ ਦੀਦਿਆਂ 'ਚ
ਚੰਨ ਦਾ ਵਸੇਰਾ ਹੈ
ਚੰਨ ਨੂੰ ਨਾ ਚਿੱਤ ਚੇਤੇ
ਚਾਂਦਨੀ ਦਾ ਚਿਹਰਾ ਹੈ
-0-
ਆਪਣੀ ਵੀ ਰਹੀ
ਨਾ ਚੰਨ ਦੀ ਵੀ ਹੋਈ
ਜ਼ਿੰਦਗੀ ਹੈ
ਕਿਹੜੇ ਆਣ ਮੋੜ 'ਤੇ ਖਲੋਈ
ਨਾ ਜਿਉਂਦਿਆਂ ਵਿਚ ਜੀਂਦੀ
ਨਾ ਮੋਇਆਂ ਵਿਚ ਮੋਈ
ਜਗ ਜਗ ਬੁਝ ਗਏ
ਚਿਰਾਗ ਸੰਗ ਮੇਰੇ
ਦੁਖਾਂ ਦੇ ਹਨੇਰੇ ਹੋਏ ਸੰਘਣੇ ਲਮੇਰੇ
ਦਿਲ ਦੇ ਕੇ ਦਿਲ ਵਟੇ
ਅਸਾਂ ਜੋ ਸੁਹੇੜੇ
ਮਰਨ ਤੇ ਜੀਉਣ ਵੀ ਨਹੀਂ ਦਿੰਦੇ
ਤੇਰੇ ਜਾਣ ਦੇ ਬਹਾਨੇ
ਤੇਰੇ ਆਉਣ ਦੇ ਬਖੇੜੇ
-0-
ਤੇਰਾ ਤੱਕ ਤੱਕ ਰਾਹ
ਰਾਹ ਹੋਏ ਸਾਹ
ਆਉਣਾ ਹੈ ਕਿ ਨਹੀਂ
ਸਾਨੂੰ ਤੇਰਾ ਨਹੀਂ ਵਿਸਾਹ
ਤੇਰੇ ਬਿਨਾਂ
ਕਢੀਆਂ ਕਢਾਈਆਂ ਚੰਨਾ ਕੋਰੀਆਂ

ਆਇਉਂ ਨਾ ਤੂੰ
ਛਿੱਜ ਗਈਆਂ ਵਿਛ ਵਿਛ
ਸਾਹਾਂ ਦੀਆਂ ਡੋਰੀਆਂ
-0-
ਟੁਟ ਟੁਟ ਪੈਂਦੇ ਚੰਨਾ
ਰੁੱਖਾਂ ਨਾਲੋਂ ਪਤ
ਹਾਰ ਗਈ ਮੈਂ ਚੰਨਾਂ
ਤੇਰਾ ਸੂਤ ਕੱਤ ਕੱਤ
ਹੋਰ ਵੀ ਨੇ ਗਹਿਰੇ ਹੋਏ
ਲਗੇ ਚਿਹਰੇ ਉੱਤੇ ਫੱਟ
ਹੁਣ ਵੀ ਨਾ ਆਇਉਂ
ਤਾਂ ਦਿਸਨਾ ਨਹੀਂ ਭੌਰ
ਨਿਤ ਨਿਤ ਬਾਗਾਂ ਵਿਚ
ਨਚਦੇ ਨਹੀਂ ਮੋਰ!
-0-
ਨਾ ਮਾਰਨੀਆਂ 'ਵਾਜਾਂ
ਬਾਗ ਖੋਲ੍ਹ ਖੋਲ੍ਹ ਬਾਰੀਆਂ
ਚੜ੍ਹ ਚੜ੍ਹ ਆਉਣਾ ਨਹੀਂ
ਘਟਾਵਾਂ ਜ਼ੁਲਫ਼ਾਂ ਦੀਆਂ ਕਾਲ਼ੀਆਂ
ਰੁੱਖਾਂ ਦੀ ਉੱਡੀਕ ਵਿਚ
ਛਾਂਵਾਂ ਹੋਈਆਂ ਬੌਰੀਆਂ
ਪਰਤਿਆ ਨਾ ਘਰ ਮਾਹੀ
ਉੱਡੀਕਾਂ ਵਿਚ
ਰਾਤਾਂ ਹੋਈਆਂ ਧੁੱਪਾਂ ਗੋਰੀਆਂ
ਉਮਰਾਂ ਨੇ ਥੋੜ੍ਹੀਆਂ
ਉੱਡੀਕਾਂ ਨੇ ਮੁਹਾਰਾਂ
ਵਲ ਕਬਰਾਂ ਦੇ ਮੋੜੀਆਂ !
-0-

# ਚਲ ਮਨਾ

ਹੋ ਜਾ ਉਦਾਸ ਮਨਾ
ਰੌਣਕਾਂ ਨੂੰ ਜੀਣ ਲਈ
ਖ਼ੁਸ਼ੀਆਂ ਨੂੰ ਭੁਲ
ਗ਼ਮ ਜ਼ਿੰਦਗੀ ਦਾ ਪੀਣ ਲਈ
-0-
ਜੀਵੇਂਗਾ ਇਕੱਲ
ਸੱਚ ਚੁੱਪ ਦਾ ਹੰਢਾਏਂਗਾ
ਉਜਾੜਾਂ ਤੇ ਵੀਰਾਨੀਆਂ
ਦਿਲ 'ਚ ਵਸਾਵੇਂਗਾ
ਮੌਤ ਦੇ ਸੱਚ ਨੂੰ
ਜੀਂਦੇ ਜੀ ਨਾ ਪਾਵੇਂਗਾ
ਮਰਜੀਵੜਾ ਕਹਾਵੇਂਗਾ !
-0-
ਮੁਕ ਜਾਏਗੀ ਚਿੰਤਾ
ਤੈਨੂੰ ਤੇਰੇ ਵਿਨਾਸ਼ ਦੀ
ਜਗੀ ਰਹੇਗੀ ਜੋਤ ਸਦਾ
ਜੀਵਨ ਦੀ ਆਸ ਦੀ
ਫਿਰ ਕੁੱਖ ਜਗ ਦੀ
ਮਨਾ ਤੂੰ ਕਹਾਏਂਗਾ
ਖਿਜ਼ਾਂ ਦੇ ਪਿੰਡੇ ਦੀ
ਬਹਾਰ ਬਣ ਜਾਏਂਗਾ
ਇਕੱਲਤਾ ਵੀਰਾਨੀ ਚੁੱਪ
ਅਲਾਪ ਸੁਰ ਸਾਜ ਹਨ
ਜੀਵਨ ਦਾ ਸ਼ਬਦ ਅਰਥ ਬੋਲ ਤੇ
ਆਵਾਜ਼ ਹਨ
ਹੋ ਕੇ ਮਰਜੀਵੜਾ
ਜੇ ਜੀਵਨ ਬਿਤਾਏਂਗਾ

ਸ਼ਬਦ ਤੋਂ
ਅਰਥ ਦਾ ਸੱਚ ਹੋ ਜਾਏਗਾ
-0-
ਰੰਗਾਂ ਮਹਿਕਾਂ ਰੂਪ ਦਾ
ਜੋ ਖਿੜਿਆ ਗੁਲਜ਼ਾਰ ਹੈ
ਘੜੀ ਦਾ ਪ੍ਰਾਹੁਣਾ
ਪਲ ਦੀ ਬਹਾਰ ਹੈ
ਖੁਸ਼ੀਆਂ ਤੇ ਰੌਣਕਾਂ
ਜ਼ਿੰਦਗੀ ਦਾ ਕੱਚ ਨੇ
ਚੁੱਪ ਤੇ ਉਦਾਸੀਆਂ
ਜ਼ਿੰਦਗੀ ਦਾ ਸੱਚ ਨੇ
-0-
ਸੱਚ ਨੂੰ
ਜੇ ਦਿਲ 'ਚ ਵਸਾਏਂਗਾ
ਜ਼ਿੰਦਗੀ ਤੋਂ
ਜ਼ਿੰਦਗੀ ਦਾ ਸੱਚ ਹੋ ਜਾਏਗਾ
ਸਮਝੇਂਗਾ ਜ਼ਿੰਦਗੀ ਨੂੰ
ਜ਼ਿੰਦਗੀ ਨੂੰ ਜੀਣ ਲਈ
ਜਿਉਣਾ ਹੁੰਦੈ
ਫੱਟ ਜ਼ਿੰਦਗੀ ਦੇ ਸੀਣ ਲਈ
ਜ਼ਿੰਦਗੀ 'ਚ ਆਰੋਗਤਾ
ਤੇ ਊਰਜਾ ਭਰਨ ਲਈ
ਸੂਰਜਾਂ ਦੇ ਕਾਫ਼ਲੇ
ਜ਼ਿੰਦਗੀ 'ਚ ਧਰਨ ਲਈ
-0-
ਓੜ ਲੈ ਹਨੇਰਿਆਂ ਨੂੰ
ਆਪਣੇ ਦੁਆਲੇ ਤੂੰ
ਬੁਝਾ ਦੇ ਚਿਰਾਗ
ਜੋ ਭਰਮਾਂ ਦੇ ਬਾਲ਼ੇ ਤੂੰ

ਪੱਥਰਾਂ 'ਚੋਂ ਉੱਗ
ਪੌਣ ਵਗਦੀ ਜੇ ਵੇਖਣੀ
ਜਿਉਂਦੇ ਜੀਅ ਮਰ
ਜਿਉਂਦੀ ਜ਼ਿੰਦਗੀ ਜੇ ਵੇਖਣੀ
ਰਾਖ ਹੋ ਪਹਿਲਾਂ
ਅੱਗ ਮੱਚਦੀ ਜੇ ਵੇਖਣੀ
-0-
ਹਨੇਰਾ ਹੀ ਚਾਨਣ ਦਾ
ਅੱਜ ਭਲਕ ਕੱਲ੍ਹ ਹੈ
ਸਹਿਰਾਂ 'ਚ ਸਾਗਰ
ਸਾਗਰ 'ਚ ਥਲ ਹੈ
ਜਿਉਂਦੇ ਜੀਅ ਹੋਵੇ
ਤੇਰਾ ਕਬਰੀਂ ਬਸੇਰਾ
ਹਸ਼ਰ ਹੋਵੇ ਜ਼ਿੰਦਗੀ ਦਾ
ਤੇਰਾ ਚੜ੍ਹਦਾ ਸਵੇਰਾ
ਜੀਅ ਮਾਣ ਜ਼ਿੰਦਗੀ
ਰੱਜ ਰੱਜ ਮਰਨ ਲਈ
ਜ਼ਿੰਦਗੀ ਦੀ ਤਲੀ
ਸੱਚ ਜ਼ਿੰਦਗੀ ਦਾ ਧਰਨ ਲਈ
-0-
ਜ਼ਿੰਦਗੀ ਦੇ ਬਲ਼ਦੇ
ਭਾਂਬੜਾਂ ਨੂੰ ਠਾਰ ਲੈ
ਆਪਣੇ ਤੋਂ
ਆਪਣੇ ਪਿੰਡੇ ਨੂੰ ਉਤਾਰ ਲੈ
ਜਾਣ ਲੈ ਸੱਚ
ਆਪਣੇ ਅਖੀਰ ਲਈ
ਹੋ ਜਾਹ ਉਦਾਸ ਮਨਾ
ਰੌਣਕਾਂ ਨੂੰ ਜੀਣ ਲਈ
ਖੁਸ਼ੀਆਂ ਨੂੰ ਭੁੱਲ
ਗ਼ਮ ਜ਼ਿੰਦਗੀ ਦਾ ਪੀਣ ਲਈ
-0-

# ਮੁੱਕੇ ਨਹੀਉਂ ਪੈਂਡੇ

ਮੁੱਕੇ ਨਹੀਉਂ ਪੈਂਡੇ
ਮੁੱਕ ਗਏ ਨੇ ਸਾਹ
ਉੱਠ ਉੱਠ ਕਬਰਾਂ 'ਚੋਂ
ਤੱਕਾਂ ਤੇਰਾ ਰਾਹ !
-0-
ਤੇਰੇ ਮੇਰੇ ਪਾਣੀਆਂ 'ਚੋਂ
ਉਠੇ ਅੱਗ ਦੇ ਉਬਾਲ਼
ਦੋਹਾਂ ਦੀਆਂ ਝੀਲਾਂ
ਲਏ ਸੂਰਜ ਉਤਾਰ
ਅੱਗ ਦੀ ਸੀ ਉਮਰਾ
ਭਾਂਬੜਾਂ ਦੇ ਸਾਲ
ਅੱਗ ਹੀ ਸੀ ਮੌਸਮ
ਸੀ ਅੱਗ ਹੀ ਬਹਾਰ
ਨੈਣ ਲੜੇ
ਅੱਗ ਨੇ ਅੱਗ ਪਿੰਡੇ
ਅਗ ਲਈ ਉਤਾਰ
ਸੀਤ ਹੋਈ ਨਦੀ
ਦਰਿਆ ਗਿਆ ਠਰ
ਅੱਗ ਦੀ ਪਿਆਸ ਗਈ
ਜਲ ਸੰਗ ਭਰ
ਕੰਢਿਆਂ ਦੇ ਕੰਢੇ ਹੋਏ
ਨਦੀ ਦਰਿਆ
ਅਜੇ ਵੀ ਉਬਾਲ਼ੇ ਖਾਂਦਾ
ਪਾਣੀ ਦਾ ਵਹਾਅ
-0-
ਕੰਢੇ 'ਤੇ ਉਡੀਕਦੀ
ਸੀਤ ਨਦੀ ਦੀ ਨਿਗਾਹ

ਅੱਗ ਨੂੰ ਬੁਝਾਉਣ ਵਾਲੇ
ਪਾਣੀ ਦਾ ਰਾਹ
ਨੈਣਾਂ ਵਿਹੜੇ ਨਦੀ ਦੇ
ਨੀਂਦਰਾਂ ਨਹੀਂ ਆਉਂਦੀਆਂ
ਸਾਰੀ ਰਾਤ
ਚਰਖੀ ਵਿਛੋੜੇ ਦੀ ਨੇ ਡਾਹੁੰਦੀਆਂ
ਭਜਦੀਆਂ ਸਾਇਆਂ ਪਿੱਛੇ
ਪਲ ਵੀ ਨਾ ਬਹਿੰਦੀਆਂ
ਉੱਡੀਕਾਂ ਦੀਆਂ ਰਾਹਾਂ ਉੱਤੇ
ਲਗੀਆਂ ਹੀ ਰਹਿੰਦੀਆਂ
-0-
ਭੁਲ ਗਈਆਂ ਖ਼ੁਸ਼ੀਆਂ
ਵਿਸਰੇ ਨੇ ਚਾਅ
ਰੋਂਦੀਆਂ ਤ੍ਰੇਲਾਂ
ਡੁਬੇ ਹੰਝੂਆਂ 'ਚ ਘਾਹ
ਲਗੀਆਂ ਨਿਭਾਉਣ ਦਾ
ਇਹ ਕੀ ਹੋਇਆ ਰਾਹ
ਬਾਲ਼ ਕੇ ਚਿਰਾਗ
ਦਿਤੇ ਆਪ ਹੀ ਬੁਝਾ
ਮੁਕੇ ਨਹੀਉਂ ਪੈਂਡੇ
ਮੁਕ ਗਏ ਨੇ ਸਾਹ
ਉਠ ਉਠ ਕਬਰਾਂ 'ਚੋਂ
ਤੱਕਾਂ ਤੇਰਾ ਰਾਹ
-0-
ਚੱਟਿਆ ਏ ਲਹੂ
ਸਾਡੇ ਤੂੰ ਸਰੀਰ ਦਾ
ਅੰਗਿਆਰਿਆਂ ਤੋਂ
ਰਾਖ ਹੋਇਆ
ਪਿੰਡਾ ਨਦੀ ਹੀਰ ਦਾ
ਨੈਣਾਂ ਸਾਹਵੇਂ ਆਇਆ

ਨੈਣਾਂ ਦਾ ਹੀ ਲਿਖਿਆ
ਨੈਣਾਂ ਰਾਹੀਂ ਉਤਰੇਦਾ
ਸਿਲਾ
ਦਿਲ ਨੂੰ ਹੈ ਮਿਲਿਆ
ਪਤਾ ਹੁੰਦਾ
ਜੇ ਲਗੀਆਂ ’ਚ ਵਿੱਥਾਂ
ਪੈ ਜਾਣੀਆਂ
ਸਾਡੀਆਂ ਉਮੀਦਾਂ ਦੀਆਂ
ਕੰਧਾਂ ਢਹਿ ਜਾਣੀਆਂ
ਢੂੰਢਦੇ ਨਾ ਤੀਲੇ
ਕਦੇ ਆਲ੍ਹਣਾ ਬਣਾਉਣ ਨੂੰ
ਮਿੱਟੀ ਵਿਚ ਮਿੱਟੀ
ਪਾਣੀ ਵਿਚ ਪਾਣੀ ਰਹਿੰਦੇ
ਭਰਦੇ ਉਡਾਰੀਆਂ ਨਾ
ਰਾਖ ਹੋ ਜਾਣ ਨੂੰ
–0–
ਬੀਤ ਗਈਆਂ ਉਮਰਾਂ
ਅੱਗਾ ਨੇੜੇ ਆ ਗਿਆ
ਜਲ ਦਾ ਹੀ ਜਲ
ਦਰਿਆ ਨਦੀ ਤਾਈਂ ਖਾ ਗਿਆ।
ਨੈਣਾਂ ਦਾ ਮਿਲਾਪ
ਦੀਵੇ ਨੈਣਾਂ ਦੇ ਬੁਝਾ ਗਿਆ
ਵਿਖਾ ਕੇ ਚੰਬਾ ਦੋਹਾਂ ਤਾਈਂ
ਰਾਹ ਖੰਡਰਾਂ ਦੇ ਪਾ ਗਿਆ
–0–
ਮੁੱਕੇ ਨਹੀਉਂ ਪੈਂਡੇ
ਮੁੱਕ ਗਏ ਨੇ ਸਾਹ
ਉਠ ਉਠ ਕਬਰਾਂ ’ਚੋਂ
ਤੱਕਾਂ ਤੇਰਾ ਰਾਹ !
–0–

## ਮੈਲ਼ੇ ਕੱਪੜੇ

ਧੋਬੀ ਮੈਲ਼ੇ ਕਪੜੇ ਧੋਂਦੇ
ਨਵਿਆਂ ਨੂੰ ਦਿੰਦੇ ਰੰਗ
ਰੰਗ ਲਿਆ ਅਸਾਂ ਆਪਣਾ ਆਪਾ
ਸੱਜਣਾਂ ਦੇ ਵਿਚ ਰੰਗ
–0–
ਸਾਨੂੰ ਨਾ ਕੋਈ ਪਹਿਚਾਣੇ
ਗਲ਼ੀਆਂ ਕੂਚੇ ਹੋਏ ਬੇਗਾਨੇ
ਕੰਧਾਂ ਵਿਹੜੇ ਛੱਤਾਂ ਬੂਹੇ
ਸਭਨਾਂ ਨੈਣ ਵਟਾਏ
ਲਾਈ ਕੀ ਅਸਾਂ ਸੰਗ ਤੇਰੇ
ਗ਼ੈਰ ਹੋਏ ਹਮਸਾਏ
ਕੀਹਨੂੰ ਪੁਛੀਏ ਕੀਹਨੂੰ ਦਸੀਏ
ਨਾ ਕੋਈ ਸੁਣੇ ਸੁਣਾਏ
ਤੂੰ ਨਹੀਂ ਤਾਂ ਇੰਜ ਲਗਦਾ ਹੈ
ਅਸੀਂ ਆਪਣੇ ਲਈ ਪਰਾਏ
–0–
ਪਤਝੜਾਂ ਨੂੰ ਪੁੰਗਰ ਪਈਆਂ
ਪੱਤ ਰੁੱਖਾਂ ਦੇ ਨਿਕਲੇ
ਤੇਰੀਆਂ ਵਿਚ ਉਡੀਕਾਂ
ਸੱਜਣਾਂ ਪੱਥਰ ਪਿਘਲੇ
ਆਇਉ ਨਾ
ਰੌਣਕਾਂ ਤਾਈਂ ਗਈ ਉਦਾਸੀ ਡੰਗ
ਡਾਲੀ ਡਾਲੀ ਪੱਤਾ ਪੱਤਾ
ਰੁੱਖ ਬ੍ਰਿਹਾ ਦਾ ਰੰਗ
ਖੁਲ੍ਹੀ ਹੋ ਗਈ ਕੁੜਤੀ ਚੰਨਾ
ਭੀੜੇ ਹੋ ਗਏ ਅੰਗ
ਦਿਲ ਦੀ ਉਜੜੀ ਨਗਰੀ ਤੋਂ
ਕਈ ਸਾਵਣ ਗਏ ਲੰਘ

ਨਾ ਰਾਂਝੇ ਦੀ ਵੰਝਲੀ ਸੁਣੀ
ਨਾ ਹਰਿਆ ਹੋਇਆ ਮਨ
ਨਾ ਹੋਈ ਮੈਂ ਖੇੜਿਆਂ ਜੋਗੀ
ਨਾ ਵਸੀ ਮੈਂ ਝੰਗ
ਦਿਲ ਦੇ ਦਾਗ
ਅੱਥਰੂਆਂ ਸੰਗ
ਮਲ ਮਲ ਪਈ ਮੈਂ ਧੋਵਾਂ
ਜਿਉਂ ਜਿਉਂ ਖ਼ੂਹ ਗਿੜਣ ਨੈਣਾਂ ਦੇ
ਮੈਂ ਨਦੀਉ ਸਾਗਰ ਹੋਵਾਂ
-0-
ਸਾਵਣ ਧੋਵੇ ਫੁੱਲਾਂ ਦੇ ਪਿੰਡੇ
ਰੂਪ ਨਿਖਾਰਨ ਕਲੀਆਂ
ਸਾਡੇ ਵਿਹੜੇ ਡੁੱਬਿਆ ਸੂਰਜ
ਹਨੇਰੀਆਂ ਹੋਈਆਂ ਗਲੀਆਂ
ਸੁਫ਼ਨੇ ਭਾਂਬੜ ਹੋਏ ਸਾਡੇ
ਨੈਣੀਂ ਸੱਧਰਾਂ ਸੜੀਆਂ
ਮੁੜ ਨਾ ਪਰਤੇ ਊਠਾਂ ਵਾਲੇ
ਸੱਸੀਆਂ ਥਲਾਂ 'ਚ ਸੜੀਆਂ
-0-
ਤੈਨੂੰ ਯਾਦ ਕਰਦਿਆਂ
ਮੈਂ ਹੁਣ ਨਾ ਸੱਜਣਾਂ ਰੋਵਾਂ
ਆਪਣੇ 'ਚੋਂ ਮੈਂ ਤੈਨੂੰ ਤੱਕਾਂ
ਜਦ ਵੀ ਸਾਂਵੇ ਹੋਵਾਂ
ਮੈਨੂੰ ਤੱਕ ਕੇ ਮੇਰੇ ਉੱਤੇ
ਮੌਸਮ ਰੁੱਤਾਂ ਰੋਵਣ
ਕਲੀਆਂ ਦੇ ਹਸਦੇ ਨੈਣੀਂ
ਅੱਥਰੂ ਵਹਾ ਖਲੋਵਣ
ਕਲੀਆਂ ਤੇ ਮੈਂ ਇਕੱਠੀਆਂ ਬਹਿ ਕੇ
ਮਨ ਦਾ ਮੈਲਾ ਧੋਈਏ
ਆਪਣੇ ਉੱਤੇ ਹੱਸੀਏ ਸੱਜਣਾ

ਆਪਣੇ ਉੱਤੇ ਰੋਈਏ
ਆਪਾਂ ਭੁੱਲ ਕੇ
ਤੇਰੀ ਮਿੱਟੀ ਵਿਚ ਗਏ ਸਾਂ ਗੋਏ
ਨਾ ਰਹੇ ਆਪਣੇ ਮਿੱਟੀ ਦੇ
ਨਾ ਤੇਰੀ ਦੇ ਹੋਏ
-0-
ਧੋਬੀ ਮੈਲੇ ਕਪੜੇ ਧੋਂਦੇ
ਤੇ ਨਵਿਆਂ ਨੂੰ ਰੰਗ ਦੇ
ਰੰਗ ਲਿਆ ਅਸਾਂ ਆਪਾ
ਸੱਜਣਾਂ ਦੇ ਵਿਚ ਰੰਗ ਦੇ
-0-

# ਜ਼ਰਾ ਠਹਿਰ ਨੀ ਹਵਾਏ

ਜ਼ਰਾ ਠਹਿਰ ਨੀ ਹਵਾਏ
ਯਾਦ ਸੱਜਣਾ ਦੀ ਆਈ
ਤੇਰੀ ਲਹਿਰਾਂ ਜਿਹੀ ਚਾਲ
ਅੱਗ ਪਾਣੀਆਂ ਨੂੰ ਲਾਈ
ਆਇਆ ਨਿੱਘ ਮੱਠਾ ਮੱਠਾ
ਸੋਚ ਗਈ ਸਧਰਾਈ
ਬਲ਼ੇ ਨੈਣਾਂ ਦੇ ਚਿਰਾਗ
ਰੁੱਤ ਵਸਲਾਂ ਦੀ ਆਈ
–0–
ਮਾਹੀ ਦੀ ਉਡੀਕ
ਜਿੰਦ ਭਰੇ ਠੰਡੇ ਸਾਹ
ਅੰਗ ਅੰਗ ਤੱਕੇ
ਸੱਜਣਾਂ ਦਾ ਰਾਹ
ਸਿੰਮੇ ਅੱਗ ਪਿੰਡੇ ਵਿੱਚੋਂ
ਉੱਠੇ ਅੱਖੀਆਂ 'ਚੋਂ ਤਾਅ
ਚਾਅ ਰਾਹਾਂ ਗਲ਼ ਲੱਗੇ
ਹੋਏ ਸੜਕੇ ਸਵਾਹ
ਸਾਡੀਆਂ ਮੁਹੱਬਤਾਂ ਦੇ
ਚੰਨ ਤਾਰੇ ਨੇ ਗਵਾਹ
ਜਗਦੇ ਨੈਣ ਭਾਵੇਂ ਸੁੱਤੀ ਕਾਇਨਾਤ
ਜਗ ਵਿਚ ਮਹਿਕੇ
ਸਾਡੇ ਪਿਆਰ ਦੀ ਸੁਗਾਤ
ਬਾਲ਼ ਬਾਲ਼ ਦੀਵੇ
ਰਖਦੀ ਬਨੇਰੇ
ਨੈਣ ਹਰਕਾਰੇ ਖੜ੍ਹੇ ਰਾਹਾਂ ਵਿਚ ਤੇਰੇ
ਦਰਾਂ 'ਤੇ ਉੱਡੀਕ ਬੈਠੀ
ਖੋਲ੍ਹ ਦੇਹ ਦਾ ਦਰ

ਲੰਘ ਜਾਵੇ ਅੱਗੇ ਕਿਤੇ
ਭੁਲ ਜਾਵੇ ਘਰ
–0–
ਗੋਰਾ ਗੋਰਾ ਚੰਨ
ਅੰਬਰਾਂ 'ਤੇ ਚੜ੍ਹਿਆ
ਯਾਦਾਂ ਦਾ ਪ੍ਰਾਹੁਣਾ
ਆਣ ਵਿਹੜੇ ਵਿਚ ਵੜਿਆ
ਸ਼ੀਸ਼ੇ ਸਾਹਵੇਂ ਆਪਾ
ਆਪਾ ਸ਼ੀਸ਼ੇ ਸਾਹਵੇਂ ਧਰਿਆ
ਆਪਣੇ ਹੀ ਚਿਹਰੇ 'ਚੋਂ
ਤੈਨੂੰ ਅਸਾਂ ਤੱਕਿਆ
ਕੱਜਲਾ ਵੀ ਪਾਵਾਂ
ਬਿੰਦੀ ਸੁਰਖੀ ਵੀ ਲਾਵਾਂ
ਕਰਾਂ ਕਿਹੜਾ ਨੀ ਸ਼ਿੰਗਾਰ
ਮਨ ਮਾਹੀ ਦੇ ਮੈਂ ਭਾਵਾਂ
ਲਾਹ ਕੇ ਦੇਹ ਰੂਹ ਉੱਤੋਂ
ਰੂਹ ਪਲੰਘੀ ਵਿਛਾਵਾਂ
ਚੜ੍ਹੀ ਖੁਸ਼ੀ ਦੇ ਸਿੰਗੀਂ
ਮੈਂ ਸ਼ੁਦਾਈ ਹੁੰਦੀ ਜਾਵਾਂ
ਰਾਤ ਮੁਕੀ ਅੱਖ ਖੁੱਲ੍ਹੀ
ਦਿਲ ਘਬਰਾਇਆ
ਅਜੇ ਵੀ ਪ੍ਰਾਹੁਣੇ ਨਹੀਉਂ
ਬੂਹਾ ਖੜਕਾਇਆ!
–0–
ਠਹਿਰ ਜਾਅ ਹਵਾਏ
ਰਤਾ ਦਸਾਂ ਤੈਨੂੰ ਖੋਲ੍ਹ
ਹੋਈ ਆਪਣੇ ਤੋਂ ਦੂਰ
ਨਹੀਉਂ ਆਪਾ ਮੇਰੇ ਕੋਲ
ਰੁਸ ਗਈ ਏ ਮਹਿੰਦੀ

ਚੁੱਪ ਵੰਗਾਂ 'ਚ ਹੈ ਸ਼ੋਰ
ਮੇਰੀ ਸੁਰ ਨਾ ਪਛਾਣੇ
ਮੇਰਾ ਆਪਣਾ ਹੀ ਬੋਲ
ਮੇਰਾ ਤਿੜਕਿਆ ਚਿਹਰਾ
ਮੇਰੇ ਬਿਖਰੇ ਨੇ ਅੰਗ
ਮੇਰਾ ਸਾਇਆ ਹੋਇਆ
ਦੇਹ ਆਪਣੀ ਤੋਂ ਵੱਖ
ਮੇਰੀ ਟੁੱਕੀ ਗਈ ਜੀਭਾ
ਹੋਏ ਗੂੰਗੇ ਅਲਫਾਜ਼
ਨਾ ਮੈਂ ਕਿਸੇ ਦੀ ਹੋਈ
ਨਾ ਰਹੀ ਆਪਣੇ ਹੀ ਪਾਸ
-0-
ਜਦ ਜਦ ਵਗੇ ਹਵਾਏ ਨੀ ਤੂੰ ਤੇਜ਼
ਖੁਲ੍ਹ-ਖੁਲ੍ਹ ਜਾਣ ਮੇਰੇ ਲੰਮੇ-ਲੰਮੇ ਕੇਸ
ਓਪਰਾ ਲੱਗੇ ਮੈਨੂੰ ਆਪਣਾ ਹੀ ਚਿਹਰਾ
ਖੁੱਲ੍ਹ ਜਾਏ ਗੰਢ ਤੇ ਨੰਗੇਜ਼ ਦਿਸੇ ਮੇਰਾ
ਦਿਲ 'ਚੋਂ ਉੱਠਣ
ਤੂਫ਼ਾਨ ਤੇ ਹਨੇਰੀਆਂ
ਉਮਰਾਂ ਨੇ ਕੱਚੀਆਂ
ਤੇ ਲਗੀਆਂ ਪਕੇਰੀਆਂ
ਫਿਕੇ ਫਿਕੇ ਬੋਲ ਠਰੇ ਠਰੇ ਅੰਗ
ਵਸਾਰ ਹੋਇਆ ਮੁਖੜਾ
ਤੇ ਦੇਹ ਗਈ ਕੰਬ
ਜਾਨ ਜਾਂਦੀ ਏ ਤੇ ਜਾਏ
ਛੁਟੇ ਨਾ ਨੀ ਸੰਗ
ਹਵਾ ਬਣ ਫੈਲ ਗਈ ਸਾਡੀ ਖੁਸ਼ਬੂ
ਲਾਸ਼ ਹੋਈ ਦੇਹ 'ਚੋਂ
ਜਾਗ ਪਈ ਏ ਰੂਹ
-0-

ਜ਼ਰਾ ਠਹਿਰ ਨੀ ਹਵਾਏ
ਯਾਦ ਸੱਜਣਾਂ ਦੀ ਆਈ
ਤੇਰੀ ਲਹਿਰਾਂ ਜਿਹੀ ਚਾਲ
ਅੱਗ ਪਾਣੀਆਂ ਨੂੰ ਲਾਈ
ਆਇਆ ਨਿੱਘ ਮੱਠਾ ਮੱਠਾ
ਸੋਚ ਗਈ ਸਧਰਾਈ
ਬਲ਼ੇ ਨੈਣਾਂ ਦੇ ਚਿਰਾਗ
ਰੁੱਤ ਵਸਲਾਂ ਦੀ ਆਈ
–0–

## ਤੇਰੇ ਮੇਰੇ ਪਿਆਰ ਦੇ

ਤੇਰੇ ਮੇਰੇ ਪਿਆਰ ਦੇ
ਨਜ਼ਾਰੇ ਗਵਾਹ ਨੇ
ਝੂਲਦਿਆਂ ਰੁੱਖਾਂ ਦੇ
ਇਸ਼ਾਰੇ ਗਵਾਹ ਨੇ
-0-
ਬੁੱਤ ਭਾਵੇਂ ਦੋ ਸਾਡੇ
ਇਕ ਸਾਡੀ ਰੂਹ
ਮੌਸਮਾਂ ਬਹਾਰਾਂ ਵਿਚ
ਸਾਡੀ ਖੁਸ਼ਬੂ
ਚੰਨ 'ਚ ਜਿਉਂ ਚਾਂਦਨੀ
ਤਾਰਿਆਂ 'ਚ ਲੋਅ
ਸਾਰੀ ਕਾਇਨਾਤ ਲਈ ਆਪਣੇ 'ਚ ਗੋ
ਸੂਰਜ ਦਾ ਤੇਜ਼
ਧਰਤੀ ਦੀ ਮਹਿਕ ਅਸੀਂ ਅੰਬਰੀਂ ਸਰੂਪ
ਲੋਕਾਈ ਦਾ ਰੰਗ ਰੂਪ
ਸਾਡੀ ਹੀ ਨੁਹਾਰ
ਸਾਡਾ ਹੀ ਵਸੇਰਾ
ਦਿਸਹਦਿਆਂ ਤੋਂ ਪਾਰ
-0-

ਦਿਲ ਵਿਚ ਧੜਕਣ
ਬਣਕੇ ਸਮਾਇਆ ਤੂੰ
ਨੈਣਾਂ ਵਿਹੜੇ
ਮਹਿਕਾਂ ਰੰਗਾਂ ਵਾਂਗ ਆਇਆ ਤੂੰ
ਅੱਲ੍ਹਾ ਦੀਆਂ ਰਹਿਮਤਾਂ
ਸਾਰੇ ਨੇ ਗਵਾਹ
ਗਲ਼ੀਆਂ ਦੇ ਕੱਖ ਵੀ

ਖਾਂਦੇ ਨਹੀਂ ਵਿਸਾਹ
ਬੈਠਾ ਰਹੁ ਕੋਲ
ਦਿਲ ਆਪਣਾ ਤੂੰ ਖੋਲ੍ਹ ਕੇ
ਘੋਲ ਦੇ ਸੁਗੰਧੀਆਂ
ਪੌਣਾਂ ਵਿਚ ਬੋਲ ਕੇ
ਕਰ ਕੋਈ ਦਿਲ ਵਾਲੀ
ਦਿਲ ਨਾਲ ਖੋਲ੍ਹ ਕੇ
ਧਰਤੀ ਦੇ ਜ਼ਰੇ 'ਤੇ
ਸਿਤਾਰੇ ਨੇ ਗਵਾਹ
ਝੂਲਦਿਆਂ ਰੁੱਖਾਂ ਦੇ
ਇਸ਼ਾਰੇ ਨੇ ਗਵਾਹ

–0–

ਦੱਸ ਕੌਣ ਤੇਰੇ ਕੋਲ
ਤੂੰ ਕਿਹਦੇ ਕੋਲ ਹੈ
ਬੋਲ ਵਿਚ ਚੁੱਪ ਕੇ
ਚੁੱਪ ਵਿੱਚ ਬੋਲ ਹੈ
ਕੋਲ ਹੋ ਜਾਹ ਇੰਨਾ
ਕੁੱਝ ਵੀ
ਕੁੱਝ ਕੋਲ ਰਹੇ ਨਾ
ਕੁੱਝ ਨੂੰ ਭੁਲੇਖਾ
ਕੁੱਝ ਦਾ ਵੀ ਪਵੇ ਨਾ!
ਨਾ ਕੁੱਝ ਹੋਣਾ
ਹੋਣ ਦੀ ਪਹਿਚਾਣ ਹੈ
ਨਾ ਹੋਣ ਵਿਚ ਹੀ
ਹੋਣ ਦੀ ਸਿਆਣ ਹੈ
ਨਾ ਹੋਣ ਵਿਚ ਹੀ ਹੈ
ਹੋਣ ਦੀ ਸ਼ਫ਼ਾ
ਤੇਰੇ ਮੇਰੇ ਪਿਆਰ ਦੇ

ਨਜ਼ਾਰੇ ਨੇ ਗਵਾਹ
ਝੂਲਦਿਆਂ ਰੁੱਖਾਂ ਦੇ
ਇਸ਼ਾਰੇ ਨੇ ਗਵਾਹ!
–0–

# ਚੰਦ ਦੀ ਹੈ ਚਾਂਦਨੀ

ਚੰਦ ਦੀ ਹੈ ਚਾਂਦਨੀ
ਚੰਨ ਧਰਤੀ ਤੋਂ ਦੂਰ
ਅੰਬਰਾਂ ਦਾ ਚੰਨ
ਥਲਾਂ ਵਿਚ ਹੂਰ
–0–
ਰੁੱਖਾਂ ਦੀਆਂ ਛਾਂਵਾਂ
ਭੁਲੇਖਾ ਤੇਰਾ ਪਾਉਂਦੀਆਂ
ਤੇਰੀਆਂ ਜੁਦਾਈਆਂ ਕਰ
ਪੋਟਾ ਪੋਟਾ ਖਾਂਦੀਆਂ
ਕੰਧਾਂ ਉੱਤੇ ਮਾਰ ਲੀਕਾਂ
ਔਸੀਆਂ ਪਈ ਪਾਨੀ ਆਂ
ਨੈਣਾਂ ਦੇ ਚਿਰਾਗ
ਤੇਰੇ ਰਾਹਾਂ 'ਚ ਜਗਾਨੀ ਆਂ
ਮਿੱਟੀ ਦਾ ਬਣਾ ਕੇ ਬਾਵਾ
ਸਾਹਮਣੇ ਬਿਠਾਨੀ ਆਂ
ਪ੍ਰਦੇਸੀਆਂ ਦੇ ਕਿੱਸੇ ਪਈ
ਬਾਵੇ ਨੂੰ ਸੁਣਾਨੀ ਆਂ
ਰੋਂਦੇ ਹੋਏ ਬਾਵੇ ਨੂੰ
ਮੈਂ ਚੁੱਪ ਪਈ ਕਰਾਨੀ ਆਂ
ਆਪੇ ਹੀ ਰਵਾ ਕੇ ਬਾਵਾ
ਆਪੇ ਹੀ ਹਸਾਂਦੀ ਆਂ
ਆਪਣੀ ਕਹਾਣੀ ਬਾਵੇ ਰਾਹੀਂ
ਖ਼ੁਦ ਨੂੰ ਸੁਣਾਨੀ ਆਂ
ਬਿਨਾਂ ਹੀ ਹੁੰਗਾਰਾ ਮਿਲੇ
ਚੁੱਪ ਹੋ ਜਾਨੀ ਆਂ!
–0–
ਤੋਸਾ ਤੇਰੇ ਹਿਜ਼ਰਾਂ ਦਾ

ਟੁੱਕ ਟੁੱਕ ਖਾਨੀ ਆਂ
ਉੱਡੀਕ ਦੀਆਂ ਬੁਰਕੀਆਂ
ਹਾਂ ਗਲ਼ੇ 'ਚ ਉਤਾਰਦੀ
ਨੈਣਾਂ ਦੀਆਂ ਲੱਗੀਆਂ ਦਾ
ਸੁਖ ਪਈ ਪਾਨੀ ਆਂ
ਹੰਝੂਆਂ ਦੀ ਸੇਜੇ
ਜੂਨ ਪੀੜਾਂ ਦੀ ਹੰਢਾਣੀਆਂ
-0-
ਦੇਹ ਦਾ ਚਿਰਾਗ
ਬੁਝ ਬੁਝ ਜਗਦਾ
ਭੁਲੇਖਾ ਤੇਰੇ ਆਉਣ ਦਾ
ਸੱਚ ਹੋਇਆ ਲੱਗਦਾ
ਬਾਗਾਂ ਵਿਚ ਸ਼ੂਕਦੇ ਨੇ
ਕੋਇਲ ਤੇ ਮੋਰ
ਉਬਾਲਦੇ ਨਾ ਅੱਖੀਆਂ
ਜੇ ਤੂੰ ਹੁੰਦਾ ਕੋਲ
-0-
ਡੁਲ੍ਹ-ਡੁਲ੍ਹ ਪੈਂਦਾ
ਅੱਖੀਆਂ 'ਚੋਂ ਇਸ਼ਕੇ ਦਾ ਨੂਰ
ਸੱਚ ਆਖਾਂ
ਕਿਨਾਰਿਆਂ 'ਤੇ
ਕਈ ਵਾਰੀ ਡੁਬ ਜਾਂਦੇ ਤਾਰੂਆਂ ਦੇ ਪੂਰ
-0-
ਭਿਜ ਜਾਂਦੀ ਰੂਹ
ਮੱਠਾ ਪੈ ਜਾਂਦਾ ਸੇਕ
ਲਾਕੇ ਕਲੇਜੇ ਨਾਲ
ਜੇ ਲੈਂਦੀ ਤੈਨੂੰ ਵੇਖ
ਦਿਲ 'ਚ ਬਿਠਾ ਕੇ ਮਾਹੀ
ਮੀਚ ਲੈਂਦੀ ਅੱਖੀਆਂ

ਮਾਹੀ ਨੂੰ ਚੜ੍ਹਾਉਂਦੀ ਰੀਝਾਂ
ਸਾਂਭ-ਸਾਂਭ ਰਖੀਆਂ
ਅੰਗ ਅੰਗ ਖੋਲ੍ਹਦੀ
ਮੈਂ ਮਾਹੀ ਦੇ ਹਜ਼ੂਰ
ਕੋਲ ਹੁੰਦੀ ਆਪਣੇ
ਨਾ ਆਪਣੇ ਤੋਂ ਦੂਰ
ਡੁੱਬ ਜਾਂਦੀ ਦੇਹ ਵਿਚ ਆਪਣੇ ਸਰੂਰ
ਦੇਹ ਦੀ ਉਪਾਦੀ ਬਿਨਾਂ ਹੁੰਦੀ ਤੇਰਾ ਨੂਰ
-0-
ਝੜ ਗਏ ਨੇ ਪੱਤ
ਰੁੱਤਾਂ ਫੇਰ ਲਏ ਨੇ ਮੁਖ
ਤੇਰੀਆਂ ਉਡੀਕਾਂ ਵਿਚ
ਕੁੱਬੇ ਹੋਏ ਰੁੱਖ
ਢਲ਼ ਗਿਆ ਰੂਪ
ਕੰਡ ਦੇ ਗਈ ਜਵਾਨੀ
ਪੁੰਗਰਨ ਤੋਂ ਪਹਿਲਾਂ
ਸਾਡੀ ਮੁੱਕ ਗਈ ਕਹਾਣੀ
ਢਲ਼ੀਆਂ ਤ੍ਰਿਕਾਲਾਂ
ਰਾਤ ਦਰ ਖੜਕਾਉਂਦੀ
ਨੇੜੇ ਆਇਆ ਸਮਾਂ
ਤੇ ਹਯਾਤੀ ਮੁਕੀ ਜਾਂਦੀ
ਬੁਝਦਾ ਚਿਰਾਗ ਵੇਖ
ਆਣ ਕੇ ਜ਼ਰੂਰ
ਚੰਨ ਦੀ ਹੈ ਚਾਂਦਨੀ
ਚੰਨ ਧਰਤੀ ਤੋਂ ਦੂਰ
ਅੰਬਰਾਂ ਤੇ ਚੰਨ
ਤੇ ਥਲਾਂ ਵਿਚ ਹੂਰ
-0-

# ਤਾੜਦੇ ਨੇ ਲੋਕ

ਤਾੜਦੇ ਨੇ ਲੋਕ
ਗਲ਼ ਪੈਂਦੀਆਂ ਨਿਗਾਹਾਂ
ਰੂਪ ਦੀ ਪਟਾਰੀ ਨੂੰ
ਮੈਂ ਕਿੱਥੇ ਲੈ ਜਾਵਾਂ ?
–0–
ਤਿਪ ਤਿਪ ਚੋਵੇ
ਸੰਧੂਰੀ ਮੇਰਾ ਰੰਗ
ਚੁੰਮ ਲਈ ਸੂਲ਼ੀ ਕਈਆਂ
ਵੇਖ ਮੇਰੀ ਸੰਗ
ਤਿੱਖੇ –ਤਿੱਖੇ ਨੈਣ
ਲੱਕ ਪਤਲਾ ਪਤੰਗ
ਝੂਲਦੇ ਨੇ ਰੁੱਖ ਪੀ ਕੇ
ਨੈਣਾਂ ਦੇ ਪਿਆਲਿਆਂ ’ਚੋਂ
ਚੜ੍ਹਦੀ ਜਵਾਨੀ ਵਾਲਾ ਰੰਗ
–0–
ਚੁੱਪ ਮੇਰੇ ਬੋਲ ਨੈਣ ਕਜਿਆਰੇ
ਤੱਕ ਤੱਕ ਮੈਨੂੰ
ਟੁੱਟਦੇ ਨੇ ਅੰਬਰਾਂ ਤੋਂ ਤਾਰੇ
ਚਾਂਦਨੀ ਦੀ ਸੇਜ
ਮੇਰੇ ਰੂਪ ਦੇ ਨਜ਼ਾਰੇ
ਮਾਰਦੀ ਫੁੰਕਾਰੇ ਮੇਰੀ ਪੌਣਾਂ ਜਿਹੀ ਟੋਰ
ਲੱਕ ਦੇ ਹੁਲਾਰੇ ਤੱਕ ਪੈਲਾਂ ਪਾਂਦੇ ਮੋਰ
ਘੁੱਗੀ ਜਿਹੇ ਸੋਹਲ
ਮੇਰੇ ਮੈਨਾ ਜਿਹੇ ਬੋਲ
ਇਨ੍ਹਾਂ ਬਿਨ ਹੁੰਦਾ ਕੀ
ਗਰੀਬਾਂ ਕੋਲ ਹੋਰ
–0–

ਫੁੱਲਾਂ ਲਿਆ ਰੰਗ ਸਾਥੋਂ
ਕਸਤੂਰੀਆਂ ਨੇ ਮਹਿਕ
ਰੁੱਤਾਂ ਲਈ ਤਾਜ਼ਗੀ
ਤੇ ਕਲੀਆਂ ਨੇ ਟਹਿਕ
ਭਰਦੇ ਕਲ਼ਾਵੇ ਸਾਡੇ
ਰੁੱਖ ਬਾਹਾਂ ਖੋਲ੍ਹ
ਪੌਣਾਂ ਵਿਚ ਗੂੰਜਦੇ ਨੇ
ਚੁੱਪ ਸਾਡੇ ਬੋਲ
ਪੰਛੀਆਂ ਪ੍ਰਵਾਜ਼ ਲਈ
ਅੱਡੀ ਸਾਡੇ ਅੱਗੇ ਝੋਲ
ਮੌਸਮਾਂ ਬਹਾਰਾਂ ਸਿੱਖੀ
ਸਾਥੋਂ ਕਰਨੀ ਕਲੋਲ
-0-
ਤੱਕਦਾ ਨਹੀਂ ਤੂੰ ਇਕ
ਦੇਵੇਂ ਕਿਹੜੀਆਂ ਸਜ਼ਾਵਾਂ
ਇਕ ਵਾਰੀ ਤੱਕੇਂ
ਮੈਂ ਜਿਉਂਦੀ ਮਰ ਜਾਵਾਂ
ਸ਼ੀਸ਼ੇ ਵਿੱਚੋਂ ਤੱਕਾਂ
ਜਦ ਆਪਣੇ ਮੈਂ ਆਪ ਨੂੰ
ਗਸ਼ ਖਾਵੇ ਸ਼ੀਸ਼ਾ
ਮੇਰੇ ਤੱਕ ਕੇ ਸ਼ਬਾਬ ਨੂੰ
ਆਪਣੇ ਆਪ ਤੋਂ
ਕਿੰਜ ਆਪਾ ਮੈਂ ਲੁਕਾਵਾਂ
ਤਾੜਦੇ ਨੇ ਲੋਕ
ਗਲ਼ ਪੈਂਦੀਆਂ ਨਿਗਾਹਾਂ
ਰੂਪ ਦੀ ਪਟਾਰੀ ਨੂੰ
ਮੈਂ ਕਿੱਥੇ ਲੈ ਜਾਵਾਂ?
-0-
ਲੁਟ ਕਿਤੇ ਲੈਣ ਨਾ

ਅੱਖਾਂ ਜਗ ਵਾਲੀਆਂ
ਰੂਪ ਦੀਆਂ ਮਹਿਕਾਂ
ਮਾਰ ਗੰਢਾਂ ਜੋ ਸੰਭਾਲੀਆਂ
ਜਵਾਨੀ ਦੀਆਂ ਰੀਝਾਂ
ਦੁੱਧ ਮੱਖਣਾਂ ਨਾਲ ਪਾਲ਼ੀਆਂ
ਤਿੱਤਲੀ ਜਿਹਾ ਲੱਕ
ਮੋਰਨੀ ਜਿਹੀ ਧੌਣ
ਤੇਰੀਆਂ ਉੱਡੀਕਾਂ 'ਚ
ਹਿੱਕ ਦੇ ਉਭਾਰਾਂ 'ਚ
ਲੁਕਾਏ ਅਸਾਂ ਸਾਉਣ
ਤੇਰੇ ਬਿਨਾਂ ਔਖਾ ਹੈ
ਜਿਉਣਾ ਵਿਚ ਜੱਗ ਦੇ
ਕੱਢਿਆ ਹੈ ਘੁੰਡ ਭਾਵੇਂ
ਨੈਣਾਂ ਦੇ ਚਿਰਾਗ
ਫਿਰ ਵੀ ਨੇ ਜਗਦੇ
ਲਾਟ ਲਗਾ ਟੁਰੀ ਜਾਂਦੀ
ਕੱਢ ਕੱਢ ਦਿਲ ਲੋਕੀਂ
ਕਦਮਾਂ 'ਚ ਧਰ ਦੇ
-0-
ਇਕੱਲੀ-ਇਕੱਲੀ ਜਿੰਦ
ਤੇ ਨਾਗ ਨੇ ਦੁਆਲੇ
ਲੁਟਦੇ ਨੇ ਦੇਹ ਤਾਂਈਂ
ਸਾਏ ਪਹਿਰੇ ਜੋ ਬਿਠਾਲੇ
ਆਪਣੇ ਹੀ ਆਪ ਤੋਂ
ਮੈਂ ਆਪਾ ਪਈ ਲੁਕਾਵਾਂ
ਆਪਣੇ ਹੀ ਸਿਰ ਤੋਂ
ਮੈਂ ਟਾਲ਼ਦੀ ਬਲਾਵਾਂ
-0-
ਤਾੜਦੇ ਨੇ ਲੋਕ

ਗਲ਼ ਪੈਂਦੀਆਂ ਨਿਗਾਹਾਂ
ਰੂਪ ਦੀ ਪਟਾਰੀ ਨੂੰ
ਮੈਂ ਕਿੱਥੇ ਲੈ ਜਾਵਾਂ ?
–0–

## ਸੁਖੀ ਵਸੇ ਸੱਜਣਾ

ਸੁਖੀ ਵਸੇ ਸੱਜਣਾ
ਭੁਲ ਜਾਣ ਵਾਲਿਆ
ਜੋਤ ਸਾਡੇ ਪਿਆਰ ਦੀ
ਬੁਝਾ ਜਾਣ ਵਾਲਿਆ
-0-
ਤੈਨੂੰ ਮੁਬਾਰਕਾਂ ਮਹਿਫਲਾਂ ਤੇ ਯਾਰੀਆਂ
ਰੌਣਕਾਂ ਤੇ ਸੂਰਤਾਂ ਜੋ ਨੈਣੀਂ ਤੂੰ ਉਤਾਰੀਆਂ
ਲੂਸੇ ਹੋਏ ਪੈਰ ਉਸ ਲਾਲੜੀ ਦੇ ਤੱਕ
ਰੁੱਖਾਂ ਦੀ ਛਾਂਵਾਂ ਜਿਸ ਥਲਾਂ 'ਚ ਗੁਜ਼ਾਰੀਆਂ
ਅੱਥਰੂ ਨਾ ਡਿਗਾ ਜਿਹਦਾ ਇਕ ਵੀ
ਦਿਲ ਜਿਹਦੇ ਧਾਹਾਂ ਚੁੱਪ ਵਿਚ ਮਾਰੀਆਂ
ਬਾਲ਼ ਦੀਵੇ ਨੈਣਾਂ ਦੇ
ਰਾਤਾਂ ਰੁਸ਼ਨਾਈਆਂ ਜਿਸ
ਪਲ ਪਲ ਝਲੇ ਜਿਸ ਫਰੇਬ ਦੁਸ਼ਵਾਰੀਆਂ
ਤਪਦੇ ਤੰਦੂਰ ਵਾਂਗ ਥਲ
ਜਿਸ ਠਾਰਿਆ
ਸੂਰਜਾਂ ਦੇ ਵਿਹੜੇ
ਜਿਸ ਦੇਹ ਨੂੰ ਉਤਾਰਿਆ
ਸੂਰਜਾਂ ਦਾ ਸੇਕ
ਕਤਰਾ-ਏ-ਸ਼ਬਨਮ
ਪਿੰਡੇ 'ਤੇ ਸਹਾਰਿਆ
ਲਾਜ ਰਖੀ ਇਸ਼ਕੇ ਦੀ
ਡੁਬ ਗਈ ਆਪ
ਬੇੜਾ ਇਸ਼ਕੇ ਦਾ ਤਾਰਿਆ
ਖੁਸ਼ੀ ਖੁਸ਼ੀ ਵਸੇ ਚੰਨਾ ਤੂੰ ਸੰਸਾਰ 'ਚ
ਖਿੜਿਆ ਰਹੇ ਚੰਬਾ ਤੇਰਾ
ਹਰ ਮੌਸਮ ਬਹਾਰ 'ਚ

-0-

ਪਲਕੀਂ ਬਿਠਾ ਕੇ ਸਾਨੂੰ
ਕੱਖਾਂ ਵਿਚ ਰੋਲ਼ਿਆ
ਜਿੰਦ ਜਾਨ ਹੋ ਕੇ ਸਾਡੀ
ਪਰਾਇਆ ਕਾਹਨੂੰ ਹੋ ਗਿਆ
ਜ਼ੁਲਫ਼ਾਂ ਦੀ ਛਾਂਵੇਂ
ਇਕ ਪਲ ਨਾ ਬਿਤਾਇਆ ਤੂੰ
ਘੁੱਟ ਕੇ ਕਲੇਜੇ ਨਾਲ
ਕਦੀ ਵੀ ਨਾ ਲਾਇਆ ਤੂੰ
ਕੋਲ ਸੈਂ ਕਿ ਦੂਰ ਸੈਂ
ਪਤਾ ਹੀ ਨਹੀਂ ਲੱਗਾ
ਕਦੋਂ ਗਿਆ ਕਦੋਂ ਆਇਆ ਸੋਚੇ ਦਿਲ ਝੱਲਾ
ਨਾ ਕੁੱਝ ਦਿਸਦਾ ਨਾ ਕੁੱਝ ਸੁਣਦਾ
ਦਿਲ ਉੱਤੇ ਛਾਲਾ ਨਹੀਉਂ ਚੰਨਾ ਫਿਸਦਾ

-0-

ਛੁਟ ਗਿਆ ਜਗ
ਆਈ ਕਬਰਾਂ ਦੇ ਵਲ
ਹੋ ਗਿਆ ਹੈ ਸਾਇਆ
ਸਾਡੀ ਦੇਹ ਤੋਂ ਅਲੱਗ
ਨਜ਼ਰਾਂ ਨੇ ਤੱਕਿਆ
ਦੋ ਮਿੱਟੀ ਦੀਆਂ ਢੇਰੀਆਂ
ਕੋਲ ਕੋਲ ਹੁੰਦੀਆਂ ਵੀ
ਵਿੱਥਾਂ ਨੇ ਵੱਡੇਰੀਆਂ
ਇਕ ਦਾ ਹੈ ਅੰਤ ਜਿੱਥੇ
ਦੂਸਰੀ ਦਾ ਆਦਿ ਹੈ
ਲੀਕ ਵਾਂਗੂੰ ਟੁੱਟਦੀ
ਤੇ ਜੁੜਦੀ ਜਿਹੀ ਬਾਤ ਹੈ

-0-

ਪਿਆਰ ਹੈ ਕਿ ਝੱਲ ਹੈ ਇਹ

ਕੱਲ੍ਹ ਹੈ ਕਿ ਅੱਜ ਹੈ ਇਹ
ਲੱਗੀਆਂ ਵਿਸਾਰ ਗਿਉਂ
ਜੀਉਂਦੇ ਜੀਅ ਹੀ ਮਾਰ ਗਿਉਂ
ਤੈਨੂੰ ਹੀ ਮੈਂ ਸਿਮਰਾਂ
ਤੈਨੂੰ ਹੀ ਧਿਆਵਾਂ
ਤੇਰੇ ਵਿੱਚੋਂ ਰੱਬ
ਤੈਨੂੰ ਰੱਬ ਵਿੱਚੋਂ ਪਾਵਾਂ ।

-0-

ਜਿਉਂਦਾ ਰਹੇ
ਰਹੇ ਮਾਣਦਾ ਜੁਆਨੀਆਂ
ਅਸੀਂ ਹੀ ਸਾਂ ਮੈਲ਼ੇ
ਸਾਫ਼ ਪਾਣੀਆਂ ਦੇ ਪਾਣੀਆਂ !
ਮੌਤ ਲੜ
ਜ਼ਿੰਦਗੀ ਨੂੰ ਲਾ ਜਾਣ ਵਾਲਿਆ
ਸੁਖੀ ਵਸੇ ਸੱਜਣਾਂ
ਭੁਲਾ ਜਾਣ ਵਾਲਿਆ
ਜੋਤ ਸਾਡੇ ਪਿਆਰ ਦੀ
ਬੁਝਾ ਜਾਣ ਵਾਲਿਆ!

-0-

## ਤੇਰੀ ਜ਼ਫ਼ਾ

ਤੇਰੀ ਜ਼ਫ਼ਾ ਦੀ
ਇੰਤਹਾ ਹੋ ਗਈ
ਇਕ ਪੱਥਰ ਦੀ ਮੂਰਤ
ਖੁਦਾ ਹੋ ਗਈ
-0-
ਲਥਿਆ ਹੈ ਭਾਰ ਸਿਰ ਤੋਂ
ਆਪਾ ਉਠਾਉਣ ਦਾ
ਮੁਕਿਆ ਹੈ ਫਿਕਰ
ਵਾਅਦੇ ਕਸਮਾਂ ਨਿਭਾਉਣ ਦਾ
ਨਾ ਕੋਈ ਚਿੰਤਾ
ਦਿਲ ਟੁੱਟ ਜਾਣ ਦੀ
ਨਾ ਹੀ ਕੋਈ ਇੱਛਾ ਹੈ
ਦਿਲ ਪ੍ਰਚਾਉਣ ਦੀ
ਕਿਸੇ ਦੇ ਰੁਸਣ ਦੀ ਨਾ ਮਨਾਣ ਦੀ
ਆਪਣੀ ਹੀ ਕੈਦ 'ਚ ਰਿਹਾਅ ਹੋ ਗਏ ਹਾਂ
ਪੱਥਰਾਂ ਤੋਂ ਬੁੱਤ
ਬੁੱਤ ਤੋਂ ਖੁਦਾ ਹੋ ਗਏ ਹਾਂ
-0-
ਹੱਥਾਂ ਦਾ ਕਰਮ
ਨਾ ਪੈਰਾਂ ਨੂੰ ਬੇੜੀਆਂ
ਮੋਹ ਦਾ ਤਿਆਗ
ਨਾ ਹਸਰਤਾਂ ਤੇਰੀਆਂ
ਨਾ ਮਹਿਫਲ ਸ਼ਮਾਂ
ਬਸ ਉਠਦਾ ਹੈ ਧੂੰਆਂ
ਸੱਚ ਦੀ ਤਲਾਸ਼ ਦਾ
ਦੇਹ ਰਹਿਤ ਰੂਹ ਦੇ ਅਹਿਸਾਸ ਦਾ
ਅਰਥ ਸਮਝ ਪੈ ਗਿਆ ਹੈ

ਪਤਝੜ ਨੂੰ ਬਹਾਰ ਦਾ
ਕਬਰਾਂ ਦੇ ਮੱਥੇ ਜਗਦੇ ਚਿਰਾਗ ਦਾ
-0-
ਪੁੰਗਰੇ ਨੇ ਰੁੱਖਾਂ 'ਚੋਂ
ਕਰੂੰਬਲਾਂ ਪੱਤੇ ਤੇ ਟਹਿਣੀਆਂ
ਹੋਈਆਂ ਨੇ ਪੰਛੀਆਂ ਦੀਆਂ
ਉੱਠਣੀਆਂ ਬੈਠਣੀਆਂ ਤੇ ਰਹਿਣੀਆਂ
ਪੈ ਗਿਆ ਹੈ ਬੂਰ
ਕੋਹਜ ਨੂੰ ਸ਼ਬਾਬ ਦਾ
ਤੱਕ ਕੇ ਕੀ ਕਰਨਾ ਹੁਣ ਸ਼ੀਸ਼ਾ
ਬਾਰ ਬਾਰ
ਦਿਲ ਦੀ ਝੀਲ ਵਿਚ ਚੰਨ ਹੈ ਅਕਾਸ਼ ਦਾ
-0-
ਇਹ ਵੀ ਅਵਸਥਾ ਹੈ
ਦਿਲ 'ਚ ਆਸ
ਨਾ ਅੱਖਾਂ 'ਚ ਉਡੀਕ ਹੈ ਕੋਈ
ਆਪਣੇ ਤੋਂ ਬਿਨਾਂ
ਨਾ ਆਪਣਾ ਸ਼ਰੀਕ ਹੈ ਕੋਈ
ਹਨੇਰੀਆਂ ਤੂਫਾਨਾਂ ਦਾ ਡਰ ਨਹੀਂ
ਮੱਥੇ ਦੇ ਚਿਰਾਗ ਨੂੰ
ਡੁਬਣ ਦਾ ਸੰਸਾ ਨਹੀਂ
ਚੜ੍ਹੇ ਆਫ਼ਤਾਬ ਨੂੰ
ਆਪਣੇ ਪਰਾਏ ਦਾ
ਦਿਲ ਨੂੰ ਅਹਿਸਾਸ ਨਹੀਂ
ਆਪਣਾ ਆਪਾ ਵੀ
ਆਪਣੇ ਪਾਸ ਨਹੀਂ
-0-
ਮੈਂ ਹਾਂ ਤਾਂ ਤੂੰ ਹੈਂ
ਤੂੰ ਹੈਂ ਤਾਂ ਮੈਂ ਹਾਂ

ਮੈਂ ਨਹੀਂ ਤਾਂ ਤੂੰ ਨਹੀਂ
ਤੂੰ ਨਹੀਂ ਤਾਂ ਕੁੱਝ ਵੀ ਨਹੀਂ
ਉਹ ਹੈ ਜੋ ਨਹੀਂ
ਕੁੱਝ ਦਾ ਕੁੱਝ ਵੀ ਨਹੀਂ
ਗ਼ੈਰ ਨੂੰ ਗ਼ੈਰ ਦੀ
ਆਪਣੇ ਨੂੰ ਆਪਣੇ ਦੀ ਲੋਅ ਨਹੀਂ
ਨਾ ਕੋਈ ਰੰਜ਼ਿਸ਼ ਗਿਲਾ ਸ਼ਿਕਵਾ
ਜ਼ੁਬਾਨ 'ਤੇ
ਨਾ ਪੈਰ ਧਰਤ 'ਤੇ
ਨਾ ਸਿਰ ਅਸਮਾਨ 'ਤੇ
ਅਜ਼ਾਦ ਹੈ ਜ਼ਿੰਦਗੀ
ਹੋਂਦ ਦੇ ਅਹਿਸਾਸ ਤੋਂ
ਬੇਮੁਥਾਜ ਹੈ ਜ਼ਿੰਦਗੀ
ਦੇਹ ਤੋਂ ਪ੍ਰਾਣ ਤੋਂ
-0-
ਜ਼ਿੰਦਗੀ
ਸ਼ਨਾਖਤ ਦੀ ਸ਼ਨਾਖਤ ਹੋ ਗਈ
ਤੇਰੀ ਜ਼ਫ਼ਾ
ਮੇਰੀ ਇਬਾਦਤ ਹੋ ਗਈ
ਮੇਰੀ ਵਫ਼ਾ
ਤੇਰੀ ਨਫਾਸਤ ਹੋ ਗਈ
ਤੇਰੀ ਜਫ਼ਾ ਇੰਤਹਾ ਹੋ ਗਈ
ਮੇਰੀ ਵਫਾ ਦੁਆ ਹੋ ਗਈ
ਇਕ ਪੱਥਰ ਦੀ ਮੂਰਤ
ਖੁਦਾ ਹੋ ਗਈ।
-0-

## ਗਲ਼ੀ ਦੇ ਵਿਚੋਂ ਕੌਣ ਲੰਘਿਆ

ਬੂਹਾ ਖੋਲ੍ਹਕੇ
ਗਲ਼ੀ ਦੇ ਵਿੱਚ ਆਵਾਂ
ਗਲ਼ੀ ਦੇ ਵਿਚੋਂ ਕੌਣ ਲੰਘਿਆ?
ਨੀ ਮੈਂ ਲੱਭਦੀ ਫਿਰਾਂ ਪ੍ਰਛਾਵਾਂ
ਗਲ਼ੀ ਦੇ ਵਿਚੋਂ ਕੌਣ ਲੰਘਿਆ?
-0-
ਕੋਈ ਲੰਘ ਗਿਆ
ਗਲ਼ੀ 'ਚੋਂ ਹਵਾ ਦੀ ਤਰ੍ਹਾਂ
ਖੁਰਾ ਖੋਜ ਕੋਈ ਲੱਭੇ ਨਾ
ਖੁਦਾ ਦੀ ਤਰ੍ਹਾਂ
ਨੀ ਮੈਂ ਢੂੰਢ ਢੂੰਢ ਥੱਕੀ
ਅੱਖ ਕਦੋਂ ਮੇਰੀ ਲੱਗੀ
ਨੀ ਉਹ ਦਿਸਿਆ ਨਾ ਮੈਨੂੰ
ਜਿੰਦ ਜਿੰਨੇ ਮੇਰੀ ਠੱਗੀ
ਮੈਂ ਹੋ ਗਈ ਝੱਲੀ
ਫਿਰਾਂ ਗਲ਼ੀ 'ਚ ਇਕੱਲੀ
ਉਹ ਬੁਲਾਵੇ ਉਠ ਜਾਵਾਂ
ਨੀ ਮੈਂ ਆਈ ਉਹਦੀ ਘੱਲੀ
ਜਿੰਦ ਸੂਲ਼ੀ 'ਤੇ ਚੜ੍ਹੀ
ਸਿਰ ਧਰਿਆ ਤਲ਼ੀ
ਨੀ ਮੈਂ ਬੁਝਦਾ ਚਿਰਾਗ
ਕੋਈ ਪਾਵੇ ਤੇਲ ਦੀ ਪਲੀ
ਜਾਵਾਂ ਕਿਹੜੀ ਨੀ ਗਲ਼ੀ
ਦਰ ਯਾਰ ਦਾ ਨਜ਼ਰ ਨਾ ਆਵੇ
ਵਿਛੋੜੇ ਨੇ ਜਾਨ ਕੱਢ ਲਈ
ਕਿੰਜ ਦੀਦ ਸੱਜਣਾਂ ਦੀ ਪਾਵਾਂ
ਗਲ਼ੀ ਦੇ ਵਿਚੋਂ ਕੌਣ ਲੰਘਿਆ?

ਨੀ ਮੈਂ ਲੱਭਦੀ ਫਿਰਾਂ ਪਛਾਵਾਂ
ਬੂਹਾ ਖੋਲ੍ਹਕੇ ਗਲ਼ੀ ਦੇ ਵਿਚ ਆਵਾਂ
-0-
ਆਹਟ ਉਹਦੇ ਕਦਮਾਂ ਦੀ
ਪਿਆ ਸੁਣਦਾ ਏ ਦਿਲ
ਉਹ ਦੇ ਨਕਸ਼ਾਂ ਦੇ ਘੁਰੇ ਪਿਆ
ਬੁਣਦਾ ਏ ਦਿਲ
ਮੇਰੀ ਦੇਹ ਵਿਚੋਂ ਆਵੇ ਉਹਦੀ ਖੁਸ਼ਬੂ
ਉਨੂੰ ਕਰ ਕਰ ਚੇਤੇ
ਮੇਰੀ ਰੱਜਦੀ ਨਾ ਰੂਹ
ਨੀ ਮੈਂ ਉਠ ਉਠ ਭੱਜਾਂ
ਪੈਂਦੀ ਕਾਲਜੇ ਨੂੰ ਧੂਅ
ਕੁੱਝ ਲਗਿਆ ਨਾ ਪਤਾ
ਕੱਢ ਲੈ ਗਿਆ ਉਹ ਕੀ
ਦਿਲ ਸੀ ਜਾਨ ਸੀ
ਕਿ ਸੀ ਉਹ ਮੇਰਾ ਜੀਅ
ਚੌਰਾਹੇ ਵਿਚ ਖੜ੍ਹੀ
ਉਹ ਦਾ ਭਾਲ਼ਦੀ ਹਾਂ ਚਿਹਰਾ
ਮੇਰੇ ਜਿਹੇ ਸਭ ਦਿਸਦੇ
ਕੋਈ ਦਿਸਦਾ ਨਹੀਂ ਤੇਰੇ ਜਿਹਾ ਮੇਰਾ
ਬਾਹੋਂ ਫੜ ਜਿਨੂੰ ਕੋਲ਼ ਬਿਠਾਵਾਂ
ਵਿਛੋੜੇ ਨੇ ਜਾਨ ਕੱਢ ਲਈ
ਕਿੰਝ ਦੀਦ ਸੱਜਣਾਂ ਦੀ ਪਾਵਾਂ ?
ਗਲ਼ੀ ਦੇ ਵਿਚੋਂ ਕੌਣ ਲੰਘਿਆ?
ਨੀ ਮੈਂ ਲੱਭਦੀ ਫਿਰਾਂ ਪਛਾਵਾਂ
ਬੂਹਾ ਖੋਲ੍ਹ ਕੇ ਗਲ਼ੀ ਦੇ ਵਿਚ ਆਵਾਂ
-0-
ਲੰਘਿਆ ਤੇ ਲੈ ਗਿਆ
ਦਿਲ ਕੱਢ ਨਾਲ ਨੀ

ਨਾ ਮੈਂ ਉਹਦਾ ਮੱਖ ਡਿੱਠਾ
ਨਾ ਮੈਂ ਉਹਦੀ ਚਾਲ ਨੀ
ਸੁਣੀ ਵੀ ਨਾ ਚੁੱਪ ਉਹਦੀ
ਸੁਣਿਆਂ ਵੀ ਸ਼ੋਰ ਨਾ
ਲਗਦਾ ਹੈ ਗਲ਼ ਲੱਗਾ
ਭਾਵੇਂ ਸਾਡੇ ਕੋਲ਼ ਨਾ
ਜਾਣ ਦੀ ਮੈਂ ਉਹੀ ਹੈ
ਉਹ ਦੇ ਬਿਨਾਂ ਹੋਰ ਨਾ
ਨਾਲ-ਨਾਲ ਟੁਰਦਾ ਸੀ
ਖੌਰੇ ਕਿੱਥੇ ਰਹਿ ਗਿਆ
ਛਾਂ ਛੱਡ ਦੇਹ ਦੀ
ਸਾਏ ਹੇਠ ਬਹਿ ਗਿਆ
ਅੱਖਾਂ ਵੀ ਨਾ ਮਿਲੀਆਂ
ਕੋਈ ਸਾਂਝਾ ਹੋਇਆ ਬੋਲ ਨਾ
ਪਲ ਭਰ ਬੈਠਾ ਵੀ
ਉਹ ਸਾਡੇ ਕੋਲ ਨਾ
ਕਿਤੇ ਮਿਲ ਪਏ
ਤਾਂ ਕਿੰਜ ਮੈਂ ਬੁਲਾਵਾਂ
ਗਲ਼ੀ ਦੇ ਵਿਚੋਂ ਕੌਣ ਲੰਘਿਆ?
ਨੀ ਮੈਂ ਲੱਭਦੀ ਫਿਰਾਂ ਪ੍ਰਛਾਵਾਂ
ਬੂਹਾ ਖੋਲ੍ਹ ਕੇ ਗਲ਼ੀ ਦੇ ਵਿਚ ਆਵਾਂ
ਗਲ਼ੀ ਦੇ ਵਿਚੋਂ ਕੌਣ ਲੰਘਿਆ?
ਉਹਦਾ ਪੁੱਛਦੀ ਫਿਰਾਂ ਸਿਰਨਾਵਾਂ
-0-
ਦਿਲਾਂ ਦਿਆ ਜਾਨੀਆਂ ਲਈ
ਰੂਹ ਹੀ ਸਿਆਣ ਹੈ
ਹੋਇਆ ਕੀ
ਜੇ ਚਿਹਰੇ ਤੋਂ ਅੱਖਾਂ ਅਣਜਾਣ ਨੇ
ਪਿਆਸ ਦਾ ਹੈ ਜਲ

ਜਲ ਪਿਆਸ ਦੀ ਪਹਿਚਾਣ ਹੈ
ਸ਼ੋਰ ਪਾਉਂਦੀਆਂ ਕਹਿਣ ਹਵਾਵਾਂ
ਜਾਣ ਦਸਦੀਆਂ
ਉਹਦਾ ਸਿਰਨਾਵਾਂ
ਗਲ਼ੀ ਦੇ ਵਿਚੋਂ ਕੌਣ ਲੰਘਿਆ?
ਬੂਹਾ ਖੋਲ੍ਹਕੇ ਗਲ਼ੀ ਦੇ ਵਿਚ ਆਵਾਂ
ਨੀ ਮੈਂ ਲੱਭਦੀ ਫਿਰਾਂ ਪ੍ਰਛਾਵਾਂ
-0-

# ਆ ਵੜ ਵਿਹੜੇ ਮੇਰੇ ਵੇ !

ਕਦੀ ਆ ਵੜ ਵਿਹੜੇ ਮੇਰੇ ਵੇ !
ਮੈਂ ਵਾਰੀ ਜਾਵਾਂ ਤੇਰੇ ਵੇ !
ਤੇਰੇ ਚਾਨਣ ਦੀ ਇਕ ਛਿੱਟ ਬਾਝੋਂ
ਮੇਰਾ ਸੂਰਜ ਵਿਚ ਹਨੇਰੇ ਵੇ !
–0–
ਤੈਨੂੰ ਯਾਦ ਕਰਾਂ ਪਲ ਪਲ ਸੱਜਣਾਂ
ਜਿੰਦ ਚਰਖੀ ਦੇ ਹਰ ਗੇੜੇ ਵੇ
ਮੈਂ ਕੱਤਾਂ ਸੂਤਰ ਕਿਰਨਾਂ ਦਾ
ਧੋ ਸੁੱਕਣਏ ਪਾ ਹਨੇਰੇ ਵੇ !
–0–
ਜ਼ਿੰਦਗੀ ਦਾ ਤਪਦਾ ਥਲ ਢੋਲਾ
ਛਾਲੇ ਅੱਖੀਆਂ ਝੋਲੇ ਤੇਰੇ ਵੇ
ਕਈ ਦਾਗ ਗਏ ਬਣ ਤਾਰੇ
ਮੇਰਾ ਸਿੱਧਕ ਵੇਖ ਕੇ ਜੇਰੇ ਵੇ
–0–
ਤੇਰੀ ਦੀਦ ਦੇ ਪਿਆਸੇ ਨੈਣਾਂ 'ਚ
ਕਈ ਕਊਏ ਹੰਸ ਬਣੇ ਸੱਜਣਾਂ
ਹਰ ਜ਼ਰੇ ਵਿਚੋਂ ਤੂੰ ਦਿਸਦਾ
ਥਾਂ ਥਾਂ 'ਤੇ ਜਲਵੇ ਤੇਰੇ ਵੇ !
–0–
ਮੈਂ ਪਹਿਲੀ ਕਿਰਨ ਹਾਂ ਸੂਰਜ ਦੀ
ਜੋ ਗੁੰਮੀ ਚੜ੍ਹਦੇ ਸਾਰ ਸੱਜਣ
ਮੇਰੇ ਵਿਹੜੇ ਆ ਕੇ ਡੁੱਬ ਗਿਆ
ਜੋ ਚੰਨ ਚੜ੍ਹਿਆ ਘਰ ਤੇਰੇ ਵੇ !
–0–
ਮੈਂ ਢੂੰਢਦੀ ਥੱਕੀ ਭੀੜਾਂ 'ਚੋਂ
ਸਭ ਉਪਰੇ ਉਪਰੇ ਚਿਹਰੇ ਵੇ !

ਤੇਰੇ ਜਿਹਾ ਕੋਈ ਵੀ ਡਿੱਠਾ ਨਾ
ਉਂਜ ਲਗਦੇ ਸੀ ਸਭ ਮੇਰੇ ਵੇ !
-0-
ਕਦੀ ਆ ਵੜ ਵਿਹੜੇ ਮੇਰੇ ਵੇ!
ਮੈਂ ਵਾਰੀ ਜਾਵਾਂ ਤੇਰੇ ਵੇ!
ਤੇਰੇ ਚਾਨਣ ਦੀ ਇਕ ਛਿੱਟ ਬਾਝੋਂ
ਮੇਰਾ ਸੂਰਜ ਵਿਚ ਹਨੇਰੇ ਵੇ!
-0-

# ਭੁੱਲ ਗਿਉਂ ਲਾ ਕੇ ਅੱਖੀਆਂ

ਅਸੀਂ ਪੌਣਾਂ ਬਣ ਬਣ ਵਗੀਆਂ
ਅਸੀਂ ਵਾਂਗ ਮਿਸ਼ਾਲਾਂ ਜਗੀਆਂ
ਅਸੀਂ ਲਗੀਆਂ ਲਾ ਸੀਨੇ ਰਖੀਆਂ
ਤੂੰ ਭੁੱਲ ਗਿਉਂ ਲਾ ਕੇ ਅੱਖੀਆਂ
-0-
ਤੇਰੇ ਨਾਲ ਮੈਂ
ਅੱਖੀਆਂ ਲਾਂਦੀ ਨਾ
ਮੈਂ ਤੇਰੀ ਹੋ ਜਾਂਦੀ ਨਾ
ਜਿਉਂਦੀ ਹੀ ਮਰ ਜਾਂਦੀ ਨਾ
ਤੇਰੇ ਇਸ਼ਕ 'ਚ ਧੁਖ-ਧੁਖ ਬਲ਼ੀ ਸੱਜਣ
ਮੈਂ ਤੇਰੇ ਦਿਲ ਦੀ ਗਲ਼ੀ ਸੱਜਣ
ਉੱਡੀਕਾਂ ਵਿਚ ਹੋਈ ਝੱਲੀ ਸੱਜਣ
ਤੂੰ ਆਇਉਂ ਨਾ
-0-
ਰੁੱਖਾਂ ਨਾਲ ਰੁਸੀਆਂ ਛਾਂਵਾਂ
ਮੰਜ਼ਿਲਾਂ ਨੂੰ ਭੁਲੀਆਂ ਰਾਹਾਂ
ਹੋਈਆਂ ਅੱਥਰੂ ਅੱਖੀਆਂ ਲਗੀਆਂ
ਬੁਝ ਬੁਝ ਮੋਮ ਬੱਤੀਆਂ ਜਗੀਆਂ
ਇਸ਼ਕ 'ਚ ਬਾਲਣ ਹੋਈ
ਗਲ਼ ਲਗ ਰੁੱਖਾਂ ਦੇ ਰੋਈ
ਨਾ ਅਜੇ ਮੁਹਾਰਾਂ ਮੁੜੀਆਂ
ਕੰਧਾਂ ਵਿਚ ਕੰਧਾਂ ਟੁਰੀਆਂ
ਦਿਲ 'ਤੇ ਫਿਰੀਆਂ ਛੁਰੀਆਂ
ਮੈਂ ਪੋਰੀ ਪੋਰੀ ਹੋਈ
ਤੇਰੇ ਬ੍ਰਿਹਾ ਵਿਚ ਗਈ ਬੀਜੀ
ਤੇਰੀ ਤਾਂਘ 'ਚ ਉੱਗ ਖਲੋਈ
ਤੂੰ ਆਇਉਂ ਨਾ

-0-
ਅਸਾਂ ਅੱਖੀਆਂ
ਲਾ ਕੇ ਕੀ ਖਟਿਆ
ਸਾਨੂੰ ਲੋਕਾਂ ਗਲ਼ੀ ਗਲ਼ੀ ਭੰਡਿਆ
ਅਸੀਂ ਭਰ ਭਰ ਹੰਝੂ ਬੁੱਕਾਂ 'ਚ
ਬੁੱਤਾਂ ਨੂੰ ਅਰਘ ਚੜ੍ਹਾਉਂਦੇ ਰਹੇ
ਪੱਥਰਾਂ ਨੇ ਹੁੰਗਾਰਾ ਨਾ ਭਰਿਆ
ਅਸੀਂ ਆਪਣਾ ਦਰਦ ਸੁਣਾਉਂਦੇ ਰਹੇ
ਨਾ ਦਰਦ ਵੰਡਾਇਆ ਆਪਣਿਆਂ
ਨਾ ਨੀਰ ਬਹਾਇਆ ਬੁੱਤਾਂ ਨੇ
ਸਾੜ ਕੇ ਸਭ ਸਵਾਹ ਕੀਤਾ
ਮੁੱਦਤ ਤੋਂ ਉਡੀਕਦੀਆਂ ਰੁੱਤਾਂ ਨੇ
ਤੂੰ ਆਇਉ ਨਾ
-0-
ਕੰਨ ਤਖਤੇ ਹੋਏ ਬੂਹੇ ਦੇ
ਸੁੱਕੇ ਪਾਣੀ ਨੈਣਾਂ ਦੇ ਖੂਹੇ ਦੇ
ਦੀਵੇ ਅੱਖੀਆਂ ਦੇ ਬਲ਼ੇ ਬਨੇਰਿਆਂ 'ਤੇ
ਸਾਡੇ ਅੰਗ ਵਿਛੇ ਰਾਹਾਂ ਤੇਰਿਆਂ 'ਤੇ
ਅਸੀਂ ਭੀੜਾਂ 'ਚੋਂ ਚਿਹਰਾ ਤੱਕਦੇ ਰਹੇ
ਜੂੰਨ ਹੰਢਾਉਂਦੇ ਸ਼ਬਨਮ ਦੀ
ਸੂਰਜ ਪ੍ਰਕਰਮਾ ਕਰਦੇ ਰਹੇ
ਤੂੰ ਆਇਉਂ ਨਾ
-0-
ਕਈ ਦਰਿਆ ਅੱਗ ਦੇ ਡੀਕ ਲਏ
ਕਈ ਅੱਗ ਦੇ ਸਾਗਰ ਤਰਦੇ ਰਹੇ
ਅਸੀਂ ਚੰਨ ਭਾਲਣ ਲਈ ਨਿਕਲੇ ਸਾਂ
ਜ਼ਿੰਦਗੀ ਦੇ ਥਲ਼ 'ਚ ਸੜਦੇ ਰਹੇ
ਨਾ ਚੰਨ ਮਿਲ਼ਿਆ
ਨਾ ਘਰ ਪਰਤੇ

ਅਸੀਂ ਭਰਮ ਜਿਉਂਦੇ ਦੇਹੀ ਦਾ
ਆਪਣਾ ਹੀ ਸਾਇਆ ਫੜਦੇ ਰਹੇ
ਖੂਹ ਗਿੜਿਆ ਉਮਰਾ ਬੀਤ ਗਈ
ਸਾਡੀ ਦੀਦ ਦਾ ਆਉਲੂ ਭਰਿਆ ਨਾ
ਅਸੀਂ ਤਰੇ ਸਮੁੰਦਰ ਸਮਿਆਂ ਦੇ
ਕੋਈ ਸਾਡੇ ਹੰਝੂ ਤਰਿਆ ਨਾ
ਪੱਥਰਾਂ 'ਚੋਂ ਮਹਿਕ ਨਹੀਂ ਆਈ
ਫੁੱਲਾਂ ਦੀਆਂ ਚੱਟੀਆਂ ਭਰਦੇ ਰਹੇ
ਤੂੰ ਆਇਉਂ ਨਾ !
-0-
ਅਸੀਂ ਪੌਣਾਂ ਬਣ ਬਣ ਵਗੀਆਂ
ਅਸੀਂ ਵਾਂਗ ਮਿਸ਼ਾਲਾਂ ਜਗੀਆਂ
ਅਸੀਂ ਲਗੀਆਂ ਲਾ ਸੀਨੇ ਰਖੀਆਂ
ਤੂੰ ਭੁੱਲ ਗਿਉਂ ਲਾ ਕੇ ਅੱਖੀਆਂ !
-0-

# ਫੁੱਲਾਂ ਵਿਚੋਂ ਭਾਲਾਂ

ਫੁੱਲਾਂ ਵਿਚੋਂ ਭਾਲਾਂ
ਬਹਾਰਾਂ 'ਚੋਂ ਪੁਕਾਰਾਂ
ਹੰਝੂਆਂ ਨੂੰ ਪੀਵਾਂ
ਉਜਾੜਾਂ 'ਚੋਂ ਨਿਹਾਰਾਂ
-0-
ਵਗਦੀ ਪੌਣ ਚੰਨਾ
ਲੈ ਲੈ ਤੇਰਾ ਨਾਂ
ਆਇਆ ਨਹੀਂ ਚੇਤੇ
ਕਦੀ ਆਪਣਾ ਗਿਰਾਂ
ਤੀਆਂ ਦੇ ਹੁਲਾਰੇ
ਪੀਂਘਾਂ ਪਿੱਪਲਾਂ ਦੀ ਛਾਂਅ
ਬਾਗਾਂ ਵਿਚ ਕੋਇਲਾਂ
ਬੰਨੇਰਿਆਂ 'ਤੇ ਕਾਂ
ਤੂਤਾਂ ਵਿਚ ਘੁੱਗੀਆਂ
ਕੱਚੇ ਕੋਠੇ ਕੁਲੀਆਂ
ਕਰਦੇ ਨੇ ਯਾਦ ਤੈਨੂੰ
ਗਲ਼ੀਆਂ ਦੇ ਕੱਖ
ਬਹਿ ਰਿਹਾ ਹੈ ਕਿੱਥੇ ਜਾ ਕੇ
ਹੋ ਕੇ ਸਾਥੋਂ ਵੱਖ
ਛਾਂਵਾਂ ਜੇ ਹੰਢਾਅ ਰਿਹਾ ਹੈ
ਧੁੱਪਾਂ ਨੂੰ ਵੀ ਤੱਕ
ਇਕ ਵਾਰੀ
ਆਣ ਕੇ ਕਲੇਜੇ ਨਾਲ ਲੱਗ
ਫਿਰ ਪਤਾ ਲੱਗਸੀ
ਸਾਉਣ ਦੇ ਮਹੀਨੇ
ਕਿਵੇਂ ਲਗਦੀ ਹੈ ਅੱਗ
-0-

ਦੂਰ ਦੇ ਨੇ ਪੈਂਡੇ ਚੰਨਾ
ਸਾਹ ਸਾਡੇ ਘੱਟ
ਕੇਰਦੇ ਨੇ ਹੰਝੂ ਲਗੇ ਦਿਲ ਉੱਤੇ ਫੱਟ
ਲਹੂ ਵਿਚ ਭਿਜੀਆਂ ਨੇ ਰੁੱਤ 'ਤੇ ਬਹਾਰਾਂ
ਝੱਲੀ ਹੋਈ ਫਿਰਾਂ
ਸਿਰ ਪੱਥਰਾਂ 'ਚ ਮਾਰਾਂ
ਘਰੋਂ ਬੇਘਰ ਹੋਈ
ਹੋਇਆ ਜਗ ਵੀ ਪਰਾਇਆ
ਸਾਨੂੰ ਨਹੀਂ ਸਿਆਣਦਾ
ਸਾਡਾ ਆਪਣਾ ਹੀ ਸਾਇਆ
ਲਭ ਲਭ ਤੈਨੂੰ
ਸਾਡੇ ਥੱਕ ਗਏ ਨੈਣ
ਲੰਘੇ ਕੋਈ ਗਲ਼ੀ 'ਚੋਂ ਭੁਲੇਖੇ ਤੇਰੇ ਪੈਣ
ਬਦਲੇ ਨੇ ਰੁੱਖ
ਛਾਂਵਾਂ ਰਹੀਆਂ ਧੁੱਖ
ਅੱਗ ਪਈ ਥੁੱਕਦੀ ਹੈ ਬੱਦਲਾਂ ਦੀ ਕੁੱਖ
ਨੈਣਾਂ ਦੇ ਪੰਖੇਰੂ
ਕਿਹੜੀ ਸ਼ਾਖ ਉੱਤੇ ਬਹਿਣ
ਅੱਗ ਦਿਆਂ ਭਾਂਬੜਾਂ 'ਚ
ਸੜ ਸੜ ਪੈਣ
-0-
ਟੋਰਿਆਂ ਅੰਗਾਰਾਂ ਉੱਤੇ
ਤੇਰਿਆਂ ਇਕਰਾਰਾਂ
ਸਾਡਾ ਚੰਬਾ ਸਾੜਿਆ ਹੈ
ਸਾਡੀਆਂ ਬਹਾਰਾਂ
ਲਾ ਗਿਉਂ ਜ਼ਿੰਦਗੀ ਨੂੰ
ਉਮਰਾਂ ਦੇ ਦੁਖ
ਤੇਰਾ ਸਿਰਨਾਵਾਂ ਰਹੀ
ਪੌਣਾਂ ਕੋਲੋਂ ਪੁੱਛ

ਲੰਘਦੇ ਦਿਨ ਨਾ ਬੀਤ ਦੀਆਂ ਰਾਤਾਂ
ਚੰਨ ਤਾਰੇ ਪਾਉਂਦੇ ਰਹਿੰਦੇ ਤੇਰੀਆਂ ਹੀ ਬਾਤਾਂ
ਸੱਧਰਾਂ ਦੇ ਸਿਵੇ
ਮੈਂ ਹੰਝੂਆਂ ਨਾਲ ਠਾਰਦੀ
ਤੇਰੇ ਵਿਚ ਆਪਾ ਤੈਨੂੰ ਆਪੇ 'ਚ ਉਤਾਰਦੀ
ਜ਼ਿੰਦਗੀ ਦੇ ਪਲ
ਤੇਰੀ ਯਾਦ 'ਚ ਗੁਜ਼ਾਰਦੀ
-0-
ਫੁੱਲਾਂ ਵਿੱਚੋਂ ਭਾਲਾਂ
ਬਹਾਰਾਂ 'ਚੋਂ ਪੁਕਾਰਾਂ
ਹੰਝੂਆਂ ਨੂੰ ਪੀਵਾਂ
ਉੱਜਾੜ 'ਚੋਂ ਨਿਹਾਰਾਂ!
-0-

## ਉਡੀਕਾਂ

ਤੇਰੀਆਂ ਉਡੀਕਾਂ ਚੰਨਾ
ਆਇਉ ਨਾ ਤੂੰ
ਸਾਵਨ ਮਹੀਨਾ
ਭਿਜੀ ਨਹੀਉਂ ਰੂਹ
-0-
ਅੰਬਰੀਂ ਚਿਰਾਗ ਗਏ
ਜਗ ਜਗ ਬੁਝ
ਧਰਤੀ ਹਨੇਰਿਆਂ ਦੀ
ਜਾਪਦੀ ਹੈ ਕੁੱਖ
ਪੌਣਾਂ ਵਿਚੋਂ ਆਵੇ
ਦਿਲ ਧੁਖਦੇ ਦੀ ਬੂਅ
ਸਿਵਾ ਧੁਖੇ ਦੇਹ ਦਾ
ਤੇ ਬਲ਼ਦੀ ਹੈ ਰੂਹ
ਪੀਚਿਆਂ ਨਾ ਗਿਆ ਬ੍ਰਿਹਾ
ਗਿੱਠ ਭਰ ਵਿਹੜੇ ਦਾ
ਸਾਰੀ ਰਾਤ ਗਿੜਦੇ ਰਹੇ
ਅੱਖੀਆਂ ਦੇ ਖੂਹ
-0-
ਚੜ੍ਹਿਆ ਹੈ ਦਿਨ
ਕਲੇਜੇ ਪੈਂਦੀ ਧੂਹ
ਤੱਕਿਆ ਨਾ ਮੁਖ ਤੇਰਾ ਨਾ ਕੋਈ ਤੇਰੀ ਸੂਹ
ਲਗਦੀ ਹੈ ਜ਼ਿੰਦਗੀ ਉਜਾੜਾਂ ਦੀ ਹੈ ਜੂਹ
ਰੁੱਸ ਗਈਆਂ ਕੰਧਾਂ ਛਤਾਂ ਵਿਹੜਾ ਘਰ ਬਾਹਰ
ਗਲ਼ੀਆਂ ਨੇ ਚੁੱਪ
ਗਿੱਧਾ ਪਾਉਂਦੀ ਹੈ ਉਜਾੜ
ਚੁਕਿਆ ਹੈ ਅਸਾਂ ਦੀ ਲਾਸ਼ ਆਪਣੀ ਦਾ ਭਾਰ
ਮੂੰਹ ਨੂੰ ਕਲੇਜਾ ਆਵੇ ਦਿਲ 'ਚ ਉਬਾਲ

ਛਡ ਖੁਸ਼ਬੂਆਂ ਗਈਆਂ
ਕਲੀਆਂ ਦੇ ਆਲ੍ਹਣੇ
ਫੁੱਲਾਂ ਨੇ ਆਪਣੇ 'ਚੋਂ
ਪੱਥਰ ਉੱਗਾ ਲਏ
ਖਾਲੀ ਭੌਂਦੀ ਮਾਲ ਤੇ ਸੁੱਕ ਗਏ ਨੇ ਖੂਹ
ਤੇਰੀਆਂ ਉਡੀਕਾਂ ਚੰਨਾ ਆਇਉਂ ਨਾ ਤੂੰ
ਸਾਵਣ ਮਹੀਨਾ
ਭਿੱਜੀ ਨਹੀਉਂ ਰੂਹ
–0–
ਤੇਰੇ ਬਿੰਨ
ਜਿਉਣ ਦਾ ਕੀ ਚੰਨਾ ਹੱਜ
ਨਸ ਨਸ ਜਾਂਦਾ ਦਿਲ
ਸਿਵਿਆਂ ਦੇ ਵਲ
ਤੂੰ ਹੀ ਮਦੀਨਾ ਸਾਡਾ
ਤੂੰ ਹੀ ਸਾਡਾ ਰੱਬ
ਤੇਰੇ ਲਈ ਪਿੰਜਦੀ ਹਾਂ
ਦੇਹ ਦਾ ਮੈਂ ਰੂੰ
ਤੱਕਾਂ ਜਦੋਂ ਆਪਾ
ਮੈਨੂੰ ਦਿਸਦਾ ਹੈ ਤੂੰ !
ਉਡੀਕ ਵਿਚ ਸੁੱਕ ਗਏ ਨੇ
ਅੱਖੀਆਂ ਦੇ ਚੋਅ
ਤੇਰੀਆਂ ਉਡੀਕਾਂ ਚੰਨਾ
ਆਇਉ ਨਾ ਤੂੰ
ਸਾਵਣ ਮਹੀਨਾ
ਭਿੱਜੀ ਨਹੀਉਂ ਰੂਹ !
–0–
ਕਈ ਵਾਰ
ਆਪੇ ਤੋਂ ਦੇਹ ਨੂੰ ਉਤਾਰਿਆ
ਤੇਰੇ ਸਾਹਵੇਂ ਆਪਾ

ਆਪੇ ਸਾਹਵੇਂ ਤੈਨੂੰ ਖਲਿਆਰਿਆ
ਪਤਾ ਹੀ ਨਹੀਂ ਲਗਾ
ਕੌਣ ਆਪਣਾ ਪਰਾਇਆ
ਤੇਰੇ ਵਿਚ ਮੈਂ
ਕਿ ਤੂੰ ਮੇਰੇ 'ਚ ਸਮਾਇਆ
ਇਕੋ ਜਿਹੀ ਢੇਰੀ ਸਾਡੀ
ਇਕੋ ਖੁਸ਼ਬੂ
ਤੇਰੇ ਵਿਚੋਂ ਮੈਂ ਦਿਸਾਂ
ਮੇਰੇ ਵਿਚੋਂ ਤੂੰ
ਤੂੰ ਮੇਰੀ ਆਤਮਾ ਮੈਂ ਤੇਰਾ ਕਲਬੂਤ
ਤੂੰ ਮੇਰਾ ਸੱਚ
ਮੈਂ ਸੱਚ ਦਾ ਵਜੂਦ
-0-
ਖੂਹ ਵਿਚ ਜਲ ਹੈ
ਜਲ ਵਿਚ ਖੂਹ ਹੈ
ਦਿਸਦੇ ਹਾਂ ਦੋ ਅਸੀਂ
ਇਕ ਸਾਡੀ ਲੋਅ ਹੈ
ਪ੍ਰਵਾਜ਼ ਵੀ ਨਾ ਵਖਰਾ
ਸੋਚ ਵੀ ਨਹੀਂ ਵਖਰੀ
ਸ਼ਬਦਾਂ ਤੇ ਅਰਥਾਂ ਦੀ
ਹੋਂਦ ਇਕ ਅੱਖਰੀ
ਇਸ਼ਕੇ ਨੇ ਸਾਨੂੰ
ਅਸੀਂ ਇਸ਼ਕਾ ਹੰਢਾਇਆ
ਪਤਾ ਨਹੀਂ ਵਿਛੋੜਾ
ਕਿਹੜੀ ਝੀਤ ਰਾਹੀਂ ਆਇਆ
-0-
ਇਸ਼ਕੇ ਨੇ ਦੀਵਾ ਮੱਥੇ
ਪਿਆਰ ਦਾ ਜਗਾਇਆ ਹੈ
ਪਿਆਰ ਦਾ ਸੱਚ

ਵਿਛੋੜੇ ਸਮਝਾਇਆ ਹੈ
ਪਿਆਰ ਦੀ ਜੜ੍ਹ ਹੀ ਵਿਛੋੜਾ ਹੈ
ਚਾਹੇ ਕੋਈ ਸ਼ਮ੍ਹਾ ਹੈ
ਚਾਹੇ ਕੋਈ ਭੌਰਾ ਹੈ
ਵਫ਼ਾ ਜਫ਼ਾ ਦੋਵੇਂ
ਇਕ ਮਿੱਟੀ ਦੀਆਂ ਢੇਰੀਆਂ
ਜਿਉਂਦੀਆਂ ਵੀ ਮੋਈਆਂ
ਨਾ ਤੇਰੀਆਂ ਨਾ ਮੇਰੀਆਂ
ਜਾਣਦੇ ਹੋਏ ਸੱਚ ਇਹ ਵੀ
ਕਾਹਨੂੰ ਅੱਖਾਂ ਫੇਰੀਆਂ
–0–
ਤੇਰੀਆਂ ਉਡੀਕਾਂ ਚੰਨਾਂ
ਆਇਉਂ ਨਾ ਤੂੰ
ਸਾਵਣ ਮਹੀਨਾ
ਭਿੱਜੀ ਨਹੀਉਂ ਰੂਹ !
–0–

## ਰੁਸ ਗਿਉਂ ਨਾਲ ਸਾਡੇ

ਰੁਸ ਗਿਉਂ ਨਾਲ ਸਾਡੇ
ਰੁਸ ਗਿਆ ਜੱਗ
ਸਾਇਆ ਸਾਡਾ ਹੋ ਗਿਆ ਹੈ
ਦੇਹ ਨਾਲੋਂ ਵਖ
–0–
ਉੱਡ ਗਈ ਛੱਤ ਸਿਰੋਂ
ਕੰਧਾਂ ਗਈਆਂ ਢਹਿ
ਘੜਿਉਂ ਜਲ ਨਸਾ
ਗਿਆ ਚੁੱਲ੍ਹਾ ਠੰਢਾ ਪੈ
ਘਰ 'ਚ ਉਜਾੜਾ ਬਿਨਾਂ
ਦਸ ਕੀ ਗਿਆ ਰਹਿ !
–0–
ਆਪਣੀ ਇਕੱਲ ਜਿਉਂਦਾ
ਸ਼ੀਸ਼ੇ ਵਿਚ ਚਿਹਰਾ
ਉੂਜਾੜਾਂ ਦਾ ਮੁਹਾਂਦਰਾ
ਦਿਸਦਾ ਹੈ ਵਿਹੜਾ
ਆਪਣੀ ਹੀ ਚੁੱਪ
ਤੇ ਇਕੱਲ ਦਾ ਅਹਿਸਾਸ ਹੈ
ਨਾ ਸਵਾਸਾਂ ਵਿਚ ਦੇਹ ਹੈ
ਨਾ ਦੇਹ ਵਿਚ ਸਵਾਸ ਹੈ
–0–
ਮੁਕੀ ਭਾਲ਼ ਵਿਚ ਜ਼ਿੰਦਗੀ
ਸੁੱਕਾ ਹਿਜ਼ਰਾਂ 'ਚ ਲਹੂ
ਨਿੱਪਤਰੇ ਰੁੱਖ 'ਤੇ
ਪੰਖੇਰੂ ਕਿਹੜਾ ਬਹੂੰ
ਜਲ ਤੇਰਾ ਰੂਪ ਸੀ
ਮੈਂ ਜਲ ਦਾ ਰੂਪ ਹੋਈ

ਜਲ ਨੂੰ ਹੰਢਾਉਂਦੀ
ਆਪ ਥਲ ਹੋਈ
ਆਪਣੀ ਨਾ ਰਹੀ
ਤੇਰੀ ਵੀ ਨਾ ਹੋਈ
ਥਲ 'ਚ ਜਿਉਂਦੀ
ਪਿਆਸੀ ਜਲ ਲਈ ਮੋਈ
–0–
ਚੜ੍ਹ ਚੜ੍ਹ ਮੋਢੀਂ
ਮੁੜਨ ਘਟਾਵਾਂ
ਅੰਬਰਾਂ ਦੀ ਅੱਗ
ਨੰਗੇ ਪਿੰਡੇ 'ਤੇ ਹੰਢਾਵਾ
ਆਪਣੀ ਹੀ ਅੱਗ ਵਿਚ
ਠਰਦੀ ਮੈਂ ਜਾਵਾਂ
ਕਿਨੂੰ ਨੀ ਮੈਂ ਸਿਮਰਾਂ
ਕਿਨੂੰ ਮੈਂ ਧਿਆਵਾਂ ?
ਅਰਘਾਂ ਨੰਗੇਜ਼ ਦਾ
ਕਿਸ ਬੁੱਤ ਨੂੰ ਚੜ੍ਹਾਵਾਂ
ਕਿਹੜੇ ਦਰ ਜਾਵਾਂ
ਕਿ ਸਬੂਤੀ ਮੁੜ ਆਵਾਂ
ਆਪੇ ਸਾਹਵੇਂ ਖੜ੍ਹ
ਆਪਾ ਆਪੇ ਨੂੰ ਹਾਂ ਮੋੜਦੀ
ਤਿੜਕੇ ਹੋਏ ਅੰਗਾਂ
ਨਕਸ਼ਾਂ ਨੂੰ ਜੋੜਦੀ
–0–

# ਘਰ ਆ ਜਾ ਸੋਹਣਿਆਂ

ਅਸਾਂ
ਤੇਰੇ ਨਾਲ ਅੱਖੀਆਂ ਲਾਈਆਂ
ਕਾਹਨੂੰ ਪਾਈਆਂ ਨੇ ਲੰਮੀਆਂ ਜੁਦਾਈਆਂ
ਘਰ ਆ ਜਾ ਸੋਹਣਿਆਂ
–0–
ਲੰਘਦਾ ਨਹੀਂ ਦਿਨ
ਮੁਕਦੀ ਨਹੀਂ ਰਾਤ
ਵੱਢ ਵੱਢ ਖਾਂਦੀ ਸਾਨੂੰ
ਤੇਰੀ ਪਹਿਲੀ ਝਾਤ
ਜ਼ਹਿਰ ਲੱਗੇ ਦੁਨੀਆ
ਹਯਾਤੀ ਕਮਜਾਤ
ਸੁਫਨੇ ਦੇ ਸੱਚ ਦੀ ਨਹੀਂ ਹੁੰਦੀ ਪ੍ਰਭਾਤ
ਬਾਰੀ ਖੋਲ੍ਹ
ਬਾਹਾਂ ਦਿੰਦੀਆਂ ਦੁਹਾਈਆਂ
ਘਰ ਆ ਜਾ ਸੋਹਣਿਆਂ
–0–
ਪਹਿਲਾ ਪਹਿਲਾ ਪਿਆਰ ਮੇਰਾ
ਪਹਿਲੀ ਪਹਿਲੀ ਸੰਗ
ਗਿੱਠ ਗਿੱਠ ਚੜ੍ਹਿਆ
ਜਵਾਨੀ ਵਾਲਾ ਰੰਗ
ਅੰਗ ਮੇਰੇ ਮੋਕਲੇ
ਰੂਪ ਮੇਰਾ ਝੰਗ
ਨੈਣਾਂ ਦੇ ਗੁਲਾਬੀ ਡੋਰੇ
ਮਾਰਦੇ ਨੇ ਡੰਗ
ਜ਼ੁਲਫਾਂ ਘਟਾਵਾਂ ਚੜ੍ਹ
ਸਾਉਣ ਦੀਆਂ ਆਈਆਂ
ਘਰ ਆ ਜਾ ਸੋਹਣਿਆਂ
–0–

ਧੜਕੇ ਜਦ ਦਿਲ
ਤੇਰਾ ਪੈਂਦਾ ਹੈ ਭੁਲੇਖਾ
ਖੋਲ੍ਹ ਬੂਹਾ ਦਿਲ ਦਾ
ਮੈਂ ਤੈਨੂੰ ਆਉਂਦਾ ਵੇਖਾਂ
ਮੇਰੀਆਂ ਉਡੀਕਾਂ ਵਿਚ
ਮੇਰਾ ਹੀ ਚਿਹਰਾ
ਮੇਰੀਆਂ ਹੀ ਅੱਖਾਂ
ਰਾਹ ਤੱਕਦੀਆਂ ਮੇਰਾ
ਜਿਨੂੰ ਮੈਂ ਉਡੀਕਾਂ
ਉਹ ਫਿਰ ਕਿਹੜਾ
ਸਮਝਾ ਜਾ ਸੋਹਣਿਆਂ
ਘਰ ਆ ਜਾ ਸੋਹਣਿਆਂ
–0–
ਉਮਰਾਂ ਦੀ ਗੁਥਲੀ 'ਚ
ਥੋਹੜੇ ਹੁਣ ਸਾਹ
ਵੈਰਾਗ ਵਿਚ ਬ੍ਹਿਹੋਂ ਦਿੱਤੀ
ਅੱਗ ਸੀਨੇ ਲਾਅ
ਜਲ ਵਿਚੋਂ ਜਲ ਗਿਆ
ਜਲ ਉੱਤੇ ਛਾਅ
ਜਲ ਦੀ ਅੱਗ ਸਕੇ ਜਲ ਹੀ ਬੁਝਾ
–0–
ਰਾਖ ਹੋਣੋਂ ਪਹਿਲਾਂ
ਸਾਨੂੰ ਜਿਉਣ ਦਾ ਚਾਅ
ਕਬਰਾਂ ਨੇ ਅੱਖਾਂ
ਦਰ ਜ਼ਿੰਦਗੀ ਦੇ ਲਾਈਆਂ
ਘਰ ਆ ਜਾ ਸੋਹਣਿਆਂ
ਕਾਹਨੂੰ
ਪਾਈਆਂ ਨੇ ਲੰਮੀਆਂ ਜੁਦਾਈਆਂ
ਅਸਾਂ ਅੱਖੀਆਂ ਤੇਰੇ ਨਾਲ ਲਾਈਆਂ
ਘਰ ਆ ਜਾ ਸੋਹਣਿਆਂ !
–0–

## ਜ਼ਖ਼ਮ ਦਿਲ ਦੇ

ਜ਼ਖ਼ਮ ਦਿਲ ਦੇ ਕੋਈ ਸੀਅ ਰਿਹਾ ਹੈ
ਅੱਥਰੂ ਗ਼ਮਾਂ ਦੇ ਕੋਈ ਪੀਅ ਰਿਹਾ ਹੈ

ਸੜਦਾ ਥਲ ਪੈਰਾਂ 'ਚ ਸੂਰਜ ਪਿਘਲਦਾ ਸਿਰ 'ਤੇ
ਆਪਣੇ ਸਾਏ ਦੀ ਛਾਵੇਂ ਕੋਈ ਬੈਠਾ ਜੀਅ ਰਿਹਾ ਹੈ

ਟੁਰ ਪਿਆ ਮੁਰਦਾ ਉੱਠਕੇ ਕਬਰ 'ਚੋਂ
ਹਵਾ ਨੇ ਉਸ ਦੇ ਕੰਨ ਵਿਚ ਕੀ ਕਿਹਾ ਹੈ ।

ਧਰਤ ਦੀ ਦੁਆ ਅੰਬਰ ਦਾ ਸੀਨਾ ਪਾੜ ਗਈ
ਸਾਰੇ ਦਾ ਸਾਰਾ ਅੰਬਰ ਧਰਤ 'ਤੇ ਵਰ ਗਿਆ ਹੈ

ਜਗਦੀ ਤਾਂ ਸ਼ਮ੍ਹਾਂ ਬੁਝੀ ਤਾਂ ਮੋਮ
ਸਾੜ ਪ੍ਰਵਾਨਾ ਮਿਟਾ ਕੇ ਆਪਾ ਸ਼ਮ੍ਹਾਂ ਨੇ ਕੀ ਲਿਆ ਹੈ

ਜ਼ਖ਼ਮ ਦਿਲ ਦੇ ਕੋਈ ਸੀਅ ਰਿਹਾ ਹੈ
ਅੱਥਰੂ ਗ਼ਮਾਂ ਦੇ ਕੋਈ ਪੀਅ ਰਿਹਾ ਹੈ

# ਬ੍ਰਿਹਾ ਬੋਲ ਪਿਆ

(ਕਾਵਿ-ਸੰਗ੍ਰਹਿ ਪ੍ਰਗੀਤਕ ਕਵਿਤਾਵਾਂ)

ਚਰਨ ਸਿੰਘ

ਕਾਵਿ-ਸ਼ਾਸਤਰ

# ਤਤਕਰਾ


1. ਤੁਸੀਂ ਕਿਹੜੀ ਰੁੱਤੇ ਆਏ
2. ਤੇਰੇ ਰੰਗ ਜਿਹਾ
3. ਜੋਤਾਂ ਜਗਦੇ
4. ਦੀਵੇ ਜਗਦੇ ਕੌਣ
5. ਮੌਤ ਹੈ ਮੌਸਮ ਦੀ
6. ਲੰਘ ਗਈਆ ਬੇੜੀਆਂ
7. ਚੁੱਪ ਚੁੱਪ ਨੈਣ
8. ਦੋ ਅਜਨਬੀ
9. ਤੱਕ ਤੱਕ ਰਾਹ ਤੇਰਾ
10. ਰੁੱਖ ਜੰਗਲ ਨੂੰ ਟੁਰੇ
11. ਬੱਦਲ ਬਣੇ
12. ਰੁੱਖਾਂ ਦੀ ਠੰਢੀਆਂ ਛਾਂਵਾਂ
13. ਚਾਂਦਨੀ ਧੁੱਪ
14. ਦਿਲ 'ਚ ਲੁਕਾ ਲਿਆ
15. ਚੰਨ ਚੜ੍ਹਿਆ
16. ਸਾਨੂੰ ਘੁੱਟ ਕੇ ਕਲੇਜੇ ਨਾਲ
17. ਤਾਰਿਆਂ ਦੀ ਛਾਂਵੇਂ
18. ਦੂਰ ਵਸੇਂਦੇ ਸੱਜਣਾਂ
19. ਥਾਲ ਗਗਨ ਦਾ
20. ਪੱਤਿਆਂ ਦੀ ਖੜ-ਖੜ
21. ਕਦੀ ਪਾ ਵਤਨਾ ਵਲ ਫੇਰਾ
22. ਨੱਚ ਲਿਆ ਅਸਾਂ
23. ਤੇਰੀਆਂ ਮੁਹੱਬਤਾਂ 'ਚ
24. ਬਹਿ ਜਾ ਸਾਡੇ ਕੋਲ
25. ਜ਼ਹਿਰ ਮਹੁਰੇ ਹੱਸਿਆ
26. ਇਹ ਕੈਸੀ ਰੁੱਤ
27. ਤੂੰ ਆਉਣਾ ਸੀ
28. ਲੱਗੀਆਂ ਨਿਭਾਵੀਂ
29. ਤਾਰਿਆਂ ਦੀ ਲੋਅ
30. ਤੇਰੇ ਜਾਣ ਪਿੱਛੋਂ
31. ਯਾਰ ਦੀ ਹੈ ਕੁੱਲੀ
32. ਮਾਹੀ ਨਾਲ

# ਤੁਸੀਂ ਕਿਹੜੇ ਰੁੱਤੇ ਆਏ

(ਇਕ ਹਿੰਦੀ ਗੀਤ ਤੋਂ ਪ੍ਰਭਾਵਤ ਹੋ ਕੇ)

ਤੁਸੀਂ ਕਿਹੜੀ ਰੁੱਤੇ ਆਏ ਸੱਜਣ
ਜਦ ਫੁੱਲ ਕਲੀਆਂ ਮੁਰਝਾਏ ਸੱਜਣ
ਜਦ ਪਤਝੜ ਛਾਈ ਗੁਲਸ਼ਨ 'ਤੇ
ਜਦ ਮੌਸਮ ਨੇ ਉਕਤਾਏ ਸੱਜਣ
–0–
ਕਿੱਥੇ ਸਉ
ਜਦ ਕੋਇਲ ਬ੍ਰਿਹਾ ਕੂਕਦੀ ਸੀ
ਪੌਣ ਸਾਵਨ ਦੀ ਸ਼ੂਕਦੀ ਸੀ
ਧੁੱਪਾਂ ਸਨ ਛਾਂਵਾਂ ਸੇਕਦੀਆਂ
ਜਦ ਅੱਖੀਆਂ ਸਨ ਰਾਹ ਵੇਖਦੀਆਂ
ਲੰਘ ਗਏ ਮੌਸਮ ਤ੍ਰਿਹਾਏ ਸੱਜਣ
ਤੁਸੀਂ ਕਿਹੜੇ ਰੁੱਤੇ ਆਏ ਸੱਜਣ
–0–
ਆਏ ਨਾ
ਜਦ ਜੋਬਨ ਡੁਲ੍ਹ ਡੁਲ੍ਹ ਪੈਂਦਾ ਸੀ
ਤੀਰ ਜੁਦਾਈਆਂ ਦੇ ਜਦ ਜੀਉੜਾ ਸਹਿੰਦਾ ਸੀ
ਜਦ ਪਿੰਡਾ ਭਖਦਾ ਭਖਦਾ ਸੀ
ਜਦ ਮੁਖੜਾ ਜਗਦਾ ਜਗਦਾ ਸੀ
ਜਦ ਧੁਖਦਾ ਸੀ ਅੰਗ ਅੰਗ ਸੱਜਣ
ਜਦ ਛਣਕ ਛਣਕ ਕੇ ਤਿੜਕ ਗਈ ਸੀ ਵੰਗ ਸੱਜਣ
ਜਦ ਰੰਗ ਬ੍ਰਿਹਾ ਦੇ ਛਾਏ ਸਨ
ਜਦ ਦੀਦ ਦੇ ਨੈਣ ਤਿਹਾਏ ਸਨ
–0–
ਕਿੱਥੇ ਸਉ
ਜਦ ਖੁਸ਼ਬੂਆਂ 'ਤੇ ਭੌਰੇ ਬਹਿੰਦੇ ਸਨ
ਬ੍ਰਿਹਾ ਮਾਰੇ ਨੈਣ ਜਦ ਰਾਹੀਆਂ ਦੇ ਗਲ਼ ਪੈਂਦੇ ਸਨ

ਜਦ ਹੁਸਨ ਦਾ ਸੂਰਜ ਮਘਦਾ ਸੀ
ਜਦ ਰੰਗ ਗੁਲਾਬੀ ਦਗਦਾ ਸੀ
ਜਦ ਅੱਗ ਕੁੜਤੀ 'ਚੋਂ ਸਿੰਮਦੀ ਸੀ
ਛਾਤੀ ਦੇ ਲੱਕ ਨੂੰ ਮਿਣਦੀ ਸੀ
ਅਸੀਂ ਬਲ ਬਲ ਰਾਖ ਸਮਾਏ ਸੱਜਣ
ਤੁਸੀਂ ਕਿਹੜੀ ਰੁੱਤੇ ਆਏ ਸੱਜਣ
-0-
ਆਏ ਨਾ
ਜਦ ਪੱਤ ਰੁੱਖਾਂ ਨੂੰ ਪੈਂਦੇ ਸੀ
ਸ਼ਬਨਮ ਦੇ ਕਤਰੇ ਜਦ
ਕਲੀਆਂ ਦੀ ਢਾਕੇ ਲਗੇ ਰਹਿੰਦੇ ਸੀ
ਜਦ ਦਿਲ ਤੇ ਨੈਣ ਪਿਆਸੇ ਸਨ
ਜਦ ਦੇਹ ਹੋਈ ਸੀ ਅੱਖ ਸੱਜਣ
ਸਾਇਆ ਸੀ ਦੇਹ ਤੋਂ ਵੱਖ ਸੱਜਣ
ਹੁਣ ਸਿਵੇ ਸੇਕਦੇ ਮੌਸਮ ਨੇ
ਰੁੱਤਾਂ ਦੇ ਅੰਗ ਮੁਰਝਾਏ ਸੱਜਣ
ਤੁਸੀਂ ਕਿਹੜੀ ਰੁੱਤੇ ਆਏ ਸੱਜਣ
-0-
ਕਿੱਥੇ ਸਉਂ
ਜਦ ਚਾਂਦਨੀ ਵਿਹੜੇ ਖਿਲਰੇ ਜ਼ਖ਼ਮੀ ਹਾਸੇ ਸਨ
ਆਏ ਨਾ
ਜਦ ਅੱਖੀਆਂ ਦੇ ਖੂਹ ਪਿਆਸੇ ਸਨ
ਕਿੱਥੇ ਸਉ
ਜਦ ਆਪਣੀ ਅੱਗ 'ਚ
ਆਪਾ ਠਰਿਆ ਠਰਿਆ ਸੀ
ਆਏ ਨਾ
ਜਦ ਸੱਚ ਕਾਇਆ ਦਾ
ਉੱਡੀਕ ਦੀ ਸੂਲ਼ੀ ਚੜ੍ਹਿਆ ਸੀ
ਅਸੀਂ ਆਪਣੀਆਂ ਰੀਝਾਂ ਦੇ ਮੁਰਦੇ

ਖੁਦ ਦਫ਼ਨਾਏ ਸੱਜਣ
ਤੁਸੀਂ ਕਿਹੜੀ ਰੁੱਤੇ ਆਏ ਸੱਜਣ
ਜਦ ਫੁੱਲ ਕਲੀਆਂ ਮੁਰਝਾਏ ਸੱਜਣ
ਜਦ ਪਤਝੜ ਛਾਈ ਗੁਲਸ਼ਨ 'ਤੇ
ਜਦ ਮੌਸਮ ਨੇ ਉਕਤਾਏ ਸੱਜਣ
-0-

# ਤੇਰੇ ਰੰਗ ਜਿਹਾ

ਕੋਈ ਗੀਤ ਲਿਖਾਂ
ਤੇਰੇ ਰੰਗ ਜਿਹਾ
ਤੇਰੇ ਨੈਣਾਂ ਵਿਚਲੀ
ਸੰਗ ਜਿਹਾ
ਵੀਣੀਂ 'ਤੇ ਨਚਦੀ ਵੰਗ ਜਿਹਾ
ਮੋਕਲਿਆਂ ਅੰਗਾਂ
ਤੇ ਕੁਦਰਤੀ ਤੰਗ ਜਿਹਾ
-0-
ਤੇਰੀ ਖੁਸ਼ਬੂ
ਪੌਣਾਂ ਵਿਚ ਵੰਡਾਂ
ਤੇਰੇ ਬੋਲ ਦੀਆਂ ਖੋਲ੍ਹਾਂ ਗੰਢਾਂ
ਤੇਰੇ ਰੰਗ 'ਚ ਕੁਦਰਤ ਘੋਲ ਦਿਆਂ
ਤੈਨੂੰ ਤੇਰਾ ਦਿੱਤਾ ਮੋੜ ਦਿਆਂ
-0-
ਤੇਰੇ ਸਿਰ ਤੋਂ
ਸੌਂਦਰਯਾ ਵਾਰ ਦਿਆਂ
ਤੈਨੂੰ ਕਣ ਕਣ ਵਿਚ ਉਤਾਰ ਦਿਆਂ
ਤੇਰੀ ਨਜ਼ਰ ਜਿਨੂੰ ਵੀ ਛੋਹ ਜਾਵੇ
ਉਹਦਾ ਰੱਬੀ ਰੁਤਬਾ ਹੋ ਜਾਵੇ
-0-
ਜਿਨੂੰ ਸੁਣ ਕੇ
ਨਿਹਮਤ ਝੋਲ ਪਵੇ
ਕੁਦਰਤ 'ਚੋਂ ਕਾਦਰ ਬੋਲ ਪਵੇ
ਜਿਨੂੰ ਬੂੰਦਾਂ ਸੁਣ ਸਾਗਰ ਹੋ ਜਾਵਣ
ਤੇ ਮੁਰਦੇ ਉਠ ਖਲੋ ਜਾਵਣ
ਜਿਹਦੀ ਲੈਅ ਵਿਚ
ਨਦੀਆਂ ਰੁੱਕ ਜਾਵਣ

ਜਿਹਦੇ ਮੋਹ ਵਿਚ
ਪਰਬਤ ਝੁਕ ਜਾਵਣ
ਜਿਹਦੇ ਅਦਬ 'ਚ
ਪੌਣਾਂ ਠੱਲ ਜਾਵਣ
ਜਿਹਦੀ ਚਾਹਤ 'ਚ ਅੱਗਾਂ ਠਰ ਜਾਵਣ
-0-
ਕੋਈ ਗੀਤ ਲਿਖਾਂ
ਤੇਰੇ ਰੰਗ ਜਿਹਾ
ਤੇਰੇ ਨੈਣਾਂ ਵਿਚਲੀ
ਸੰਗ ਜਿਹਾ
ਵੀਣੀਂ 'ਤੇ ਨਚਦੀ ਵੰਗ ਜਿਹਾ
ਮੋਕਲਿਆਂ ਅੰਗਾਂ
ਤੇ ਕੁੜਤੀ ਤੰਗ ਜਿਹਾ
-0-

## ਜੋਤਾਂ ਜਗਦੇ

ਜੋਤਾਂ ਜਗਦੇ
ਨੈਣ ਸੱਜਣ ਜੀ ਤੇਰੇ
ਮੀਚ ਲਵੇ ਤਾਂ ਰਾਤਾਂ ਥੀਵਨ
ਖੋਲ੍ਹੇ ਤਾਂ ਹੋ ਜਾਣ ਸਵੇਰੇ

-0-

ਭਰਿਆ ਭਰਿਆ ਸਖਣਾਂ ਸਾਵਨ
ਕੀ ਚੁੰਮਣਾ ਕੀ ਚਖਣਾ ਸਾਵਨ
ਕੀ ਦਿਲ ਨੂੰ ਲਾ ਕੇ ਰਖਣਾ ਸਾਵਨ
ਤੇਰੇ ਬਿਨ ਕੀ ਕਰਨਾ ਸਾਵਣ
ਘੂਰੇ ਸਾਵਨ ਵਾਂਗਣ ਤੇਰੇ
ਅੱਗਣ ਖਲੇਰੇ ਚਾਰ ਚੁਫੇਰੇ
ਬਾਗੀਂ ਕੋਇਲ 'ਤੇ ਬਣ ਆਈ
ਤੜਪ ਬ੍ਰਿਹਾ ਵਿਚ ਜਾਨ ਗੁਆਈ
ਘੜੀਆਂ ਵਸਲ ਦੀਆਂ ਨਾ ਆਈਆਂ
ਕੋਲੇ ਹੋ ਗਈ ਤੋੜ ਨਿਭਾਈ

-0-

ਦੀਦ ਤੇਰੀ ਦਾ ਮੀਂਹ ਨਾ ਵਰ੍ਹਿਆ
ਕਲੀਆਂ ਦੇ ਚਿਹਰੇ ਨਾ ਭਿੱਜੇ
ਤਿੱਤਲੀ ਦਾ ਪਿੰਡਾ ਨਾ ਠਰਿਆ
ਤਨ ਤੰਦੂਰ ਬਾਲਣ ਹੱਡ ਮੇਰੇ
ਬਲ਼ਦੇ ਨੇ ਬਸ ਨਾਂ 'ਤੇ ਤੇਰੇ
ਮੌਸਮ ਲਈ ਤਰਸਦੀਆਂ ਰੁੱਤਾਂ
ਜ਼ਰਦ ਚਿਹਰੇ ਸੁੰਗੜੀਆਂ ਗੁੱਤਾ
ਦਿਸਦਾ ਨਾ ਕੋਈ ਪ੍ਛਾਂਵਾਂ
ਰੁੱਖ ਭਾਲਣ ਰੁੱਖਾਂ ਦੀਆਂ ਛਾਂਵਾਂ

ਜਲ ਦੀ ਪਿਆਸ ਬੁਝਾਏ ਜਿਹੜਾ
ਥਲ ਮੂੰਹ
ਸਾਗਰ ਲਾਏ ਕਿਹੜਾ
ਅੱਥਰੀ ਹਵਾ ਨੇ ਨਖਸ਼ ਖਲੇਰੇ
ਇੱਕਠਿਆਂ ਕਰੇ ਕੌਣ ਬਿਨ ਤੇਰੇ
ਜੋਤਾਂ ਜਗਦੇ
ਨੈਣ ਸੱਜਣ ਜੀ ਤੇਰੇ

-0-

ਹੁਣ ਵੀ ਗੂੰਜੇ ਗੀਤ ਗੁਆਚਾ
ਅੰਗ ਤਪੇਂਦੇ ਸੱਜਣਾ ਆ ਜਾ
ਸ਼ੀਸ਼ਾ ਤੱਕਾਂ ਮਰ ਮਰ ਜਾਵਾਂ
ਕੱਖਾਂ ਦੇ ਵਿਚ ਅੱਗ ਕਿਵੇਂ ਲੁਕਾਵਾਂ
ਆਪਣੇ ਆਪ ਨੂੰ ਚੰਗੀ ਲਗਾਂ
ਆਪਣੇ ਰੰਗ 'ਚ ਰੰਗੀ ਲਗਾਂ
ਭਰਿਆ ਜੋਬਨ ਡੁਲ੍ਹ ਡੁੱਲ੍ਹ ਜਾਵੇ
ਅੱਗਣ ਅੱਗਣ ਦੀ ਅੱਗ ਬੁਝਾਵੇ
ਜਲ ਦਾ ਜਲ ਤਾਂ ਸੁਕਦਾ ਜਾਵੇ
ਫੁੱਲਾਂ 'ਚੋਂ ਪੱਥਰ ਉੱਗਦਾ ਆਵੇ
ਚੌਂਪਾਸੀਂ ਨੇ ਘੁੱਪ ਹਨੇਰੇ
ਜੋਤਾਂ ਜਗਦੇ
ਨੈਣ ਸੱਜਣ ਜੀ ਤੇਰੇ
ਮੀਚ ਲਵੇ ਤਾਂ ਰਾਤਾਂ ਥੀਵਣ
ਖੋਲ੍ਹੇ ਤਾਂ ਹੋ ਜਾਣ ਸਵੇਰੇ!

-0-

## ਦੀਵੇ ਜਗਦੇ ਨੈਣ

ਦੀਵੇ ਜਗਦੇ ਤੇਰੇ ਨੈਣ
ਸੰਗ ਟੁਰਦੇ ਬਹਿੰਦੇ ਤੇਰੇ ਨੈਣ
ਦਿਲ ਦੀ ਕਹਿੰਦੇ ਤੇਰੇ ਨੈਣ
ਆਪਣੀ ਅੱਗ 'ਚ ਜਦ ਵੀ ਉਬਲਣ
ਰਾਹੀਆਂ ਦੇ ਗਲ਼ ਪੈਂਦੇ ਤੇਰੇ ਨੈਣ

-0-

ਨੈਣਾਂ ਵਿੱਚ ਡੂੰਘੇ ਸਾਗਰ ਨੇ
ਚੁੱਪ ਦੇ ਭੇਦ ਉਜਾਗਰ ਨੇ
ਕਦੀ ਰੂਪ ਧਾਰਦੇ ਚੰਨ ਦਾ
ਕਦੀ ਸੂਰਜ ਬਣ ਬਣ ਬਹਿੰਦੇ ਨੈਣ
ਕਦੀ ਮੁਖੜਾ ਧਰਤੀ ਦਾ ਜਾਪਣ
ਕਦੀ ਅੰਬਰ ਰੂਪ ਵਟਾਂਦੇ ਨੈਣ
ਕਦੀ ਮਚਦਾ ਥਲ ਲਗਦੇ ਨੇ
ਕਦੀ ਸਾਗਰ ਵਾਂਗੂੰ ਠਰਦੇ ਨੈਣ
ਕਦੀ ਸਿਖ਼ਰ ਦੁਪਹਿਰੇ ਡਰ ਜਾਂਦੇ
ਕਦੀ ਰਾਤੀਂ ਨਦੀਆਂ ਤਰਦੇ ਨੈਣ

-0-

ਕਦੀ ਸੜਦੇ ਥਲ ਨੂੰ ਠਾਰਦੇ ਨੇ
ਕਦੀ ਸਾਗਰ ਅਗਨ ਉਤਾਰਦੇ ਨੈਣ
ਕਦੀ ਉਡਦੇ ਪੰਛੀ ਫੜਦੇ ਨੈਣ
ਕਦੀ ਰੂਹ ਤੋਂ ਦੇਹ ਵਖ ਕਰਦੇ ਨੈਣ
ਕਦੀ ਚਾਨਣ ਕਦੀ ਹਨੇਰੇ ਨੇ
ਇਹ ਨੈਣ ਕ੍ਰਿਸ਼ਮਾ ਤੇਰੇ ਨੇ

-0-

ਵੇਖੀਂ ਨੈਣ ਲੜਾ ਕੇ ਕਿਧਰੇ
ਨੈਣਾਂ ਦੇ ਵਿਚ ਗੁੰਮ ਜਾਈਂ ਨਾ
ਉਮਰ ਦੇ ਅੱਥਰੇ ਪਣ ਦਾ

ਕਿਧਰੇ ਸ਼ੀਸ਼ਾ ਬਣ ਜਾਈਂ ਨਾ
ਇਹ ਥਲਾਂ ਵਿਚ ਸੜ ਜਾਂਦੇ
ਜਦ ਬਲ਼ਦਾ ਸੂਰਜ ਫੜਦੇ ਨੈਣ
ਇਹ ਬਿਨ ਤਰਨੋਂ ਹੀ ਡੁੱਬ ਜਾਂਦੇ
ਜਦ ਬੂੰਦ 'ਚ ਸਾਗਰ ਧਰਦੇ ਨੈਣ

-0-

ਨੈਣਾਂ ਦੀ ਮਾਰ ਤੋਂ ਬਚ ਕੇ ਰਹੀਂ
ਇਹ ਕੱਖਾਂ ਤੋਂ ਹੌਲਾ ਕਰ ਜਾਂਦੇ
ਉਸ ਘੜੇ 'ਚੋਂ ਪਾਣੀ ਨਸ ਜਾਂਦਾ
ਜਿਸ ਚੌਂਕੇ ਵਿਚ ਵੜ ਜਾਂਦੇ
ਇਹ ਕੰਢਿਆਂ 'ਤੇ ਹੀ ਡੋਬ ਦਿੰਦੇ
ਤਾਰੂ ਨੇ ਜੋ ਦਰਿਆਵਾਂ ਦੇ
ਫਿਰ ਪੈਰਾਂ 'ਤੇ ਖੜ੍ਹ ਸਕਦੇ ਨਹੀਂ
ਅਸਵਾਰ ਨੇ ਜੋ ਹਵਾਵਾਂ ਦੇ
ਇਹ ਗਲ਼ੀਆਂ ਦੇ ਵਿਚ ਰੋਲ਼ ਦਿੰਦੇ
ਹੀਰੇ ਪੱਥਰ ਸੰਗ ਤੋਲ ਦਿੰਦੇ
ਇਹ ਪਹਾੜ ਦਾ ਸੁਰਮਾ ਕਰ ਦਿੰਦੇ
ਤਲਵਾਰਾਂ ਨੂੰ ਮੋਮ ਬਣਾ ਦਿੰਦੇ
ਜ਼ਿੰਦਗੀ ਨੂੰ ਕਬਰਾਂ ਕਰ ਜਾਂਦੇ
ਕਬਰਾਂ ਵਿਚ ਜ਼ਿੰਦਗੀ ਧਰ ਜਾਂਦੇ
ਪੱਥਰ ਨੂੰ ਰੱਬ ਬਣਾ ਦਿੰਦੇ
ਇਹ ਰੱਬ ਨੂੰ ਪੱਥਰ ਕਰ ਜਾਂਦੇ

-0-

ਸਮਝੀਂ ਨਾ ਇਹ ਤੇਰੇ ਨੇ
ਇਹ ਨਾ ਦਰਪਣ ਨਾ ਚਿਹਰੇ ਨੇ
ਇਹ ਜਦ ਕਿਸੇ 'ਤੇ ਡੁਲ੍ਹ ਜਾਂਦੇ
ਫਿਰ ਘਰ ਦਾ ਰਸਤਾ ਭੁਲ ਜਾਂਦੇ
ਫਿਰ ਆਪਣਾ ਆਪ ਪਹਿਚਾਣਦੇ ਨਹੀਂ
ਚਿਹਰੇ 'ਤੇ ਲਗੇ ਝਾਕਦੇ ਨਹੀਂ

ਚਿਹਰੇ ਦਾ ਚਿਹਰਾ ਜਾਣਦੇ ਨਹੀਂ

-0-

ਇਹ ਸਭ ਕੁੱਝ ਵਿਸਰ ਜਾਂਦੇ ਨੇ
ਜਦ ਨੈਣਾਂ ਦੇ ਨੈਣ ਕਹਾਂਦੇ ਨੇ
ਫਿਰ ਪੈਰ ਨਾ ਪਿੱਛੇ ਪਾਂਦੇ ਨੇ
ਅੱਗ ਦਾ ਸਾਗਰ ਤਰ ਜਾਂਦੇ
ਬਿਨ ਅੱਥਰੂਆਂ ਤੋਂ ਵਰ੍ਹ ਜਾਂਦੇ
ਅੰਬਰ ਦਾ ਤਾਜ ਸਜਾਂਦੇ ਨੇ
ਕਦੀ ਵਿਚ ਥਲਾਂ ਦੇ ਸੜਦੇ ਨੇ
ਕਦੀ ਡੁੱਬ ਝਨਾਅ ਤਰ ਜਾਂਦੇ ਨੇ
ਇਹ ਜੀਉਂਦੇ ਜੀਅ ਮਰ ਜਾਂਦੇ ਨੇ
ਇਹ ਮਰ ਕੇ ਕੁੱਝ ਕਰ ਜਾਂਦੇ ਨੇ

-0-

ਇਨ੍ਹਾਂ ਨੈਣਾਂ ਵਿਚ
ਥਲਾਂ ਦੇ ਥਲ ਸਮਾਏ ਨੇ
ਕਈ ਸਾਗਰ ਇਨ੍ਹਾਂ ਨੈਣਾਂ ਨੇ
ਅੱਥਰੂਆਂ ਵਿਚ ਪਾਏ ਨੇ
ਕਈ ਜੰਗਲ ਇਨ੍ਹਾਂ ਵਿਚ ਉਤਰੇ
ਕਈ ਪਰਬਤ ਉਂਗਲੀ ਲਾਏ ਨੇ
ਕਈ ਹੀਰਾਂ ਸੱਸੀਆਂ ਸੋਹਣੀਆਂ
ਇਨ੍ਹਾਂ ਵਿਚ ਗੁੰਮੀਆਂ
ਕਈ ਮਿਰਜ਼ੇ ਰਾਂਝੇ ਪੁਨੂੰ
ਇਨ੍ਹਾਂ 'ਚੋਂ ਉੱਗ ਆਏ ਨੇ

-0-

ਇਹ ਪਲ ਵਿਚ ਜਲ ਥਲ ਕਰ ਜਾਂਦੇ
ਇਹ ਜਲ ਸਾਗਰ ਵਿਚ ਡੁਬ ਜਾਂਦੇ
ਇਹ ਰੇਤ ਦਾ ਸਾਗਰ ਤਰ ਜਾਂਦੇ
ਮੌਤ ਇਨ੍ਹਾਂ ਤੋਂ ਡਰਦੀ ਹੈ
ਜ਼ਿੰਦਗੀ

ਇਨ੍ਹਾਂ ਦਾ ਪਾਣੀ ਭਰਦੀ ਹੈ
ਇਹ ਸੀਸ ਤਲੀ ’ਤੇ ਧਰ ਲੈਂਦੇ
ਫਿਰ ਸਰ ਦੁਨੀਆ ਨੂੰ ਕਰ ਲੈਂਦੇ
-0-
ਇਹ ਰੁੱਤਾਂ ਦੀ ਤਬਦੀਲੀ ਹੈ
ਸਮੇਂ ਦਾ ਆਉਣਾ ਜਾਣਾ ਹੈ
ਜਨਮ ਮਰਨ ਦੇ ਚੱਕਰ ਦਾ
ਨੈਣ ਇਹ ਤਾਣਾ ਬਾਣਾ ਨੇ
ਇਹ ਮਹਿਕਾਂ ਦੇ ਵਿਚ ਮਹਿਕਾਂ ਨੇ
ਕਲੀਆਂ ਦੇ ਵਿਚ ਕਲੀਆਂ ਨੇ
ਪ੍ਰਭਾਤਾਂ ਵਿਚ ਪ੍ਰਭਾਤਾਂ ਨੇ
ਸ਼ਾਮਾਂ ਵਿਚ ਸ਼ਾਮਾਂ ਢਲ਼ੀਆਂ ਨੇ
ਇਹ ਦਰਗਾਹੀ ਜਗਦੇ ਦੀਵੇ ਨੇ
ਤੇ ਮੱਕੇ ਦੀਆਂ ਗਲ਼ੀਆਂ ਨੇ
-0-
ਜੋਤਾਂ ਵਿਚ ਜੋਤਾਂ ਜਗਦੀਆਂ ਨੇ
ਇਹ ਬੱਤੀਆਂ ਸੂਰਜ ਲਗਦੀਆਂ ਨੇ
ਇਹ ਕੁਦਰਤ ਦੀਆਂ ਸੁਗਾਤਾਂ ਨੇ
ਇਹ ਰੱਬੀ ਨੂਰੀ ਦਾਤਾਂ ਨੇ
ਇਹ ਯਾਰ ਮਿਲਣ ਦੀ ਸੂਲ਼ੀ ਨੇ
ਪੈਰਾਂ ਵਿਚ ਵਿੱਛੀਆਂ ਤਲ਼ੀਆਂ ਨੇ
ਇਹ ਨੈਣਾਂ ਵਿਹੜੇ ਸ਼ਮਸ਼ਾਨਾਂ
ਆਸ਼ਕ ਬਲ਼ਦੀਆਂ ਮੜ੍ਹੀਆਂ ਨੇ
ਇਹ ਚੰਦਨ ਦੀਆਂ ਮਹਿਕਾਂ ਨੇ
ਮਿਸ਼ਰੀ ਦੀਆਂ ਸੁੱਚੀਆਂ ਡਲ਼ੀਆਂ ਨੇ
-0-
ਇਹ ਨੈਣ ਜਦੋਂ ਲੜ ਜਾਂਦੇ ਨੇ
ਹਰਿਆਉਲੇ ਜੰਗਲ ਸੁੱਕ ਜਾਂਦੇ ਨੇ
ਚਟ ਜਾਂਦੇ ਲਹੂ ਇਹ ਜਿਸਮਾਂ ’ਚੋਂ

ਵਸਦੇ ਖੰਡਰ ਹੋ ਜਾਂਦੇ ਨੇ
ਇਹ ਨੈਣ ਸੁਗੰਧੀ ਧਰਤੀ ਦੀ
ਤੇ ਅੰਬਰ ਦਾ ਚਿਹਰਾ ਨੇ
ਇਹ ਬਸ ਆਪਣੇ ਆਪ ਦੇ ਨੇ
ਨਾ ਤੇਰੇ ਨਾ ਮੇਰੇ ਨੇ
ਇਹ ਨੈਣ ਕ੍ਰਿਸ਼ਮੇ ਤੇਰੇ ਨੇ !
-0-

# ਮੌਤ ਹੈ ਮੌਸਮ ਦੀ

ਮੌਤ ਹੈ ਮੌਸਮ ਦੀ
ਬਣ ਠਣ ਕੇ ਨਿਕਲਣਾ ਤੇਰਾ
ਹੈ ਗ਼ਜ਼ਲ ਦਾ ਹੋਣਾ
ਜ਼ੁਲਫ਼ ਦਾ ਬਿਖਰਣਾ ਤੇਰਾ
-0-
ਰੂਪ ਹੈ ਤੇਰਾ
ਗੁਲਾਬ ਦੀ ਪੱਤੀ 'ਤੇ
ਕਤਰਾ ਸ਼ਬਨਮ ਦਾ
ਹੈ ਸੂਰਜ ਦਾ ਉਦੈ ਹੋਣਾ
ਨਜ਼ਰ ਆਉਣਾ ਤੇਰਾ
ਚਾਲ ਹੈ ਤੇਰੀ ਹਵਾ ਦਾ ਰੁਮਕਣਾ
ਰੰਗਤ ਹੈ ਤੇਰੀ ਨੂਰ ਦਾ ਬਰਸਣਾ
ਨਖ਼ਰਾ ਹੈ ਤੇਰਾ
ਬੱਦਲੀ ਦੇ ਪ੍ਰਛਾਵੇਂ ਜਿਹਾ
ਨਿੱਘ ਹੈ ਤੇਰਾ
ਸਿਆਲੀ ਧੁੱਪ ਜਿਹਾ
ਦਿਖ ਹੈ ਤੇਰੀ ਚਾਂਦਨੀ ਜਿਹੀ
ਬੋਲ ਹੈ ਤੇਰਾ
ਰੱਬੀ ਚੁੱਪ ਜਿਹਾ
-0-
ਅੰਗ ਨੇ ਤੇਰੇ
ਕਾਂਤਰਾਂ ਚੰਨ ਦੀਆਂ
ਨਖਸ਼ ਨੇ ਤੇਰੇ ਸੂਲਾ ਗੁਲਾਬ ਦੀਆਂ
ਬਦਨ ਹੈ ਤੇਰਾ ਪਰਬਤੀ ਢਾਬ ਜਿਹਾ
ਕੁਦਰਤੀ ਸ਼ਬਾਬ ਜਿਹਾ

ਕੋਇਲ ਦੇ ਬ੍ਰਿਹਾ ਬੋਲ ਜਿਹਾ
ਬਗਲੀ ਦੀ ਕਲੋਲ ਜਿਹਾ
-0-
ਰੂਹ ਹੀ ਕਲਬੂਤ
ਕਲਬੂਤ ਹੀ ਰੂਹ ਹੈ ਤੇਰੀ
ਜ਼ਰੇ ਜ਼ਰੇ ਨੂੰ ਜੁਸਤਜੂ ਹੈ ਤੇਰੀ
ਸੂਰਜ ਦਾ ਤਕੀਆ
ਚਾਂਦਨੀ ਸੇਜ ਹੈ ਤੇਰੀ
ਤਾਰਿਆਂ ਦਾ ਕਾਫ਼ਲਾ
ਇਕ ਨਜ਼ਰ ਹੈ ਤੇਰੀ
ਮੌਤ ਦੇ ਹਨੇਰੇ ਲਈ
ਜ਼ਿੰਦਗੀ ਦੇ ਸਵੇਰੇ ਲਈ
ਇਕ ਮੁਸਕਾਨ ਹੈ ਤੇਰੀ
ਵਿਸ਼ਵ ਦੀ ਬਣਤਰ
ਆਨ ਬਾਨ ਠਾਨ ਹੈ ਤੇਰੀ
-0-
ਸ਼ਬਜਾ ਪੁੰਗਰਦਾ ਹੈ
ਤੇਰੀ ਕਸ਼ਿਸ਼ ਦੇ ਆਬਸ਼ਾਰਾਂ ’ਚੋਂ
ਤੇਰੀ ਮਹਿਕ ਦੀ ਸੂਲ਼ੀ ਲਟਕਦੇ
ਮੌਸਮਾਂ ਰੁੱਤਾਂ ਬਹਾਰਾਂ ’ਚੋਂ
ਵੀਰਾਨੀਆਂ ਪਤਝੜਾਂ ਉਜਾੜਾਂ ’ਚੋਂ
-0-
ਟਹਿਲਣਾ ਤੇਰਾ
ਹਵਾ ਦਾ ਬਾਂਸਾਂ ’ਚੋਂ ਗੁਜ਼ਰਨਾ
ਹੱਸਣਾ ਤੇਰਾ
ਅੰਬਰ ਦਾ ਜ਼ਮੀਂ ’ਤੇ ਉਤਰਨਾ
ਮਹਿਕਣਾ ਤੇਰਾ

ਸਮੁੰਦਰ 'ਚੋਂ ਲਹਿਰ ਦਾ ਉੱਠਣਾ
ਝੂਲਣਾ ਰੁੱਖਾਂ ਦਾ ਹੈ ਮਟਕਣਾ ਤੇਰਾ
ਸਕੂਨ ਦੀ ਬਰਸਾਤ ਹੈ
ਗੇਸੂਆਂ ਦਾ ਝਟਕਣਾ ਤੇਰਾ
ਬੁਲ੍ਹ ਤੇਰੇ ਝੀਲਾਂ ਦੇ ਕਿਨਾਰੇ ਨੇ
ਅੱਖਾਂ ਗਦਰੀਆਂ
ਨਦੀਆਂ ਦੇ ਇਸ਼ਾਰੇ ਨੇ
ਅਰਧ ਚੰਨ ਗੋਲਾਈਆਂ ਨੇ ਤੇਰੀਆਂ
ਸ਼ੋਖ਼ੀ ਤੇਰੀ ਕਲੀਆਂ ਦੀ ਜਵਾਨੀ ਹੈ
ਤੱਕਣੀ ਤੇਰੀ ਹੈ ਝਾਤ ਕਿਰਨਾਂ ਦੀ
ਪਹਿਚਾਣ ਤੇਰੀ
ਕੁਦਰਤ ਦੀ ਤਰਜ਼ਮਾਨੀ ਹੈ
-0-
ਅਦਾ ਹੈ ਤੇਰੀ
ਪੱਤਿਆਂ ਦਾ ਪੁੰਗਰਨਾ
ਚੁੱਪ ਹੈ ਤੇਰੀ
ਹਵਾ ਦਾ ਸਾਗਰ 'ਤੇ ਤੈਰਨਾ
ਸ਼ੋਰ ਹੈ ਤੇਰਾ
ਗਹਿਗਹੀ ਆਸਮਾਨਾਂ ਦੀ
ਅਲਾਪ ਹੈ ਤੇਰਾ ਖਾਮੋਸ਼ੀ ਤੂਫ਼ਾਨਾਂ ਦੀ
ਸੰਗੀਤ ਹੈ ਤੇਰਾ ਸੁਰਾਂ ਨੂੰ ਰਿੜਕਣਾ
ਸੁਰ ਹੈ ਤੇਰਾ ਮਹਿਕਾਂ ਦਾ ਛਿੜਕਣਾ
-0-
ਮੌਤ ਹੈ ਮੌਸਮ ਦੀ
ਬਣ ਠਣ ਕੇ ਨਿਕਲਣਾ ਤੇਰਾ
ਹੈ ਗ਼ਜ਼ਲ ਦਾ ਹੋਣਾ
ਜ਼ੁਲਫ਼ ਦਾ ਬਿਖਰਨਾ ਤੇਰਾ

# ਲੰਘ ਗਈਆਂ ਬੇੜੀਆਂ

ਲੰਘ ਗਈਆਂ ਬੇੜੀਆਂ
ਟੁੱਟ ਗਏ ਮਲਾਹ
ਪੱਤਣਾਂ 'ਤੇ ਵੇਖਦੀ
ਮੈਂ ਖੜ੍ਹੀ ਤੇਰਾ ਰਾਹ
-0-
ਉਤਰੇ ਪੂਰ ਕਈ ਨਜ਼ਰਾਂ ਦੇ ਵਿਹੜੇ
ਅਜੇ ਤਕ ਹੋਏ ਨਾ ਦੀਦਾਰ ਬੀਬਾ ਤੇਰੇ
ਹੰਝੂ ਬਣ ਅੱਖੀਆਂ 'ਚੋਂ
ਡੁਲ੍ਹਦੇ ਨੇ ਚਾਅ
ਚੜ੍ਹਦੇ ਹੋਏ ਪਾਣੀ
ਕਦੀ ਦਿੰਦੇ ਨਹੀਉਂ ਰਾਹ
ਪੌਣਾਂ ਦੇ ਸਹਾਰੇ ਕਾਠੀ
ਲਹਿਰਾਂ ਉਤੇ ਪਾਅ
ਪੱਤਣਾਂ 'ਤੇ ਵੇਖਦੀ
ਮੈਂ ਖੜ੍ਹੀ ਤੇਰਾ ਰਾਹ
-0-
ਇਕ ਵਾਰ ਧਾਰ ਲਈ
ਆਉਣ ਦੀ ਜੇ ਗੱਲ
ਹਨੇਰਿਆਂ ਰਾਹਾਂ 'ਚ
ਚਿਹਾਗ਼ ਪੈਂਦੇ ਬਲ਼
ਟੁਰ ਆਉਣਾ ਮੰਜ਼ਿਲਾਂ ਚੰਨਾ ਤੇਰੇ ਵੱਲ
ਖੇਡ ਜੇ ਖੇਡਣੀ ਪਿਆਰ ਦੀ
ਚੰਨਾ ਸਿਰ ਤਲ਼ੀ ਉੱਤੇ ਧਰ
ਜੁਦਾਈ ਨਾਲੋਂ ਚੰਗਾ ਏ
ਜਿਉਂਦੇ ਮਰ ਜਾਈਏ

ਮਰੀਏ ਤੇ ਸਦਾ ਲਈ
ਇਕ ਹੋ ਜਾਈਏ
ਕਿਹੜੀ ਗੱਲ ਐਸੀ
ਜੋ ਨਹੀਂ ਸੰਭਵ ਜਹਾਨ ਵਿਚ
ਕਾਹਦਾ ਹੈ ਚਿਰਾਗ
ਜੋ ਨਾ ਬਲਿਆ ਤੂਫਾਨ 'ਚ
-0-
ਮਾਨ ਹੁੰਦੈ ਆਸ਼ਕੀ ਦਾ
ਹੁੰਦੈ ਕੁਰਬਾਨ ਜਿਹੜਾ
ਬਾਜੀ ਲਾ ਕੇ ਸਿਰ ਦੀ
ਵਾਰ ਦਿੰਦਾ ਜਾਨ ਜਿਹੜਾ
ਤੂੰ ਤੇ ਮੇਰਾ ਰੱਬ ਚੰਨਾ
ਫਿਰ ਕਾਹਤੋਂ ਦੂਰ
ਤੇਰੇ ਬਿਨ ਕੋਹਜੀ ਕੋਹਜੀ
ਜਾਪੇ ਤੇਰੀ ਹੂਰ
ਉਡੀਕਾਂ ਵਿਚ ਪਲ ਵੀ
ਲੱਗਦੇ ਨੇ ਸਾਲ
ਬੁਝ ਗਏ ਚਿਰਾਗ
ਜਿਹੜੇ ਬਲੇ ਸਾਡੇ ਨਾਲ
ਦੀਵੇ ਬਾਲ ਨੈਣਾਂ ਦੇ
ਦਿੱਤੇ ਰਾਹਾਂ 'ਚ ਜਗਾ
ਮਰਜ਼ੀ ਹੈ ਤੇਰੀ ਹੁਣ
ਰਖਣੇ ਨੇ ਜਗਦੇ
ਜਾਂ ਦੇਣੇ ਨੇ ਬੁਝਾ
ਆਵੇਂਗਾ
ਤਾਂ ਦਿਲ 'ਚ ਬਿਠਾ ਕੇ ਤੈਨੂੰ
ਮੀਚ ਲਾਂਗੀ ਅੱਖੀਆਂ

ਆਉਣ ਲਈ ਤੇਰੇ
ਜੋ ਮੈਂ ਖੁੱਲ੍ਹੀਆਂ ਨੇ ਰੱਖੀਆਂ
-0-
ਤੇਰੀਆਂ ਉਡੀਕਾਂ ਵਿਚ
ਪੈ ਗਈ ਪੱਤਣਾਂ 'ਤੇ ਰਾਤ
ਚੜ੍ਹ ਗਿਆ ਸੂਰਜਾ
ਤੇ ਹੋਈ ਪ੍ਰਭਾਤ
ਨਵੀਆਂ ਨੇ ਬੇੜੀਆਂ
ਨਵੇਂ ਨੇ ਮਲਾਹ
ਨਵੇਂ ਨਵੇਂ ਪੁੰਗਰੇ ਨੇ
ਨਵੇਂ ਨਵੇਂ ਚਾਅ
ਚੰਨਾ ਮੁਖ ਆਪਣੇ 'ਤੋਂ
ਬੱਦਲੀ ਹਟਾਅ
ਨਹੀਂ ਤਾਂ ਤੇਰੀ ਚਾਂਦਨੀ ਨੂੰ
ਧੁੱਪਾਂ ਜਾਣਾ ਖਾਹ
ਡੁਬ ਜਾਣਾ ਬੇੜੀਆਂ
ਡੁਬ ਜਾਣੇ ਨੇ ਮਲਾਹ
ਜਰਿਆ ਨਹੀਂ ਜਾਣਾ ਦੁਖ
ਪੱਤਣਾਂ ਤੋਂ ਪਾਣੀ ਦਾ
ਦੇਹ ਦੇ ਕਿਨਾਰੇ
ਜਲ ਦੇਣੇ ਢਾਅ
ਸਾਗਰੇ ਦਾ ਰੂਪ ਲੈਣਾ
ਜਲ ਨੇ ਵਟਾ
ਜਲ ਵਿਚੋਂ ਜਲ
ਕਿਵੇਂ ਆਪਣਾ ਪਛਾਣੇਗਾ
ਕਲਬੂਤ ਹੀ ਨਾ ਰਿਹਾ
ਤਾਂ ਚਿਹਰਾ ਕੀ ਸਿਆਣੇਗਾ

ਅੱਜ ਨਾ ਜੇ ਆਇਓ
ਮੁੜ ਅਸਾਂ ਵੀ ਨਹੀਂ ਆਉਣਾ
ਮਿੱਟੀ ਦਾ ਘਰੌਂਦਾ
ਫਿਰ ਕਿਸੇ ਨਹੀਂ ਬਣਾਉਣਾ
ਜ਼ਿੰਦਗੀ ਦੇ ਦਮਾਂ ਦਾ ਨਹੀਂ
ਪਲ ਵੀ ਵਸਾਹ
-0-
ਲੰਘ ਗਈਆਂ ਬੇੜੀਆਂ
ਤੇ ਟੁਰ ਗਏ ਮਲਾਹ
ਪੱਤਣਾਂ ਤੇ ਵੇਖਦੀ
ਮੈਂ ਖੜ੍ਹੀ ਤੇਰਾ ਰਾਹ !
-0-

# ਚੁੱਪ ਚੁੱਪ ਨੈਣ

ਚੁੱਪ ਚੁੱਪ ਨੈਣ ਤੇਰੇ ਪਏ ਬੋਲ
ਹੌਲੀ ਹੌਲੀ ਆ ਗਏ ਅਸੀਂ ਤੇਰੇ ਕੋਲ
-0-
ਪ੍ਰਦੇਸੀਆ ਜਵਾਨੀ ਸਾਡੀ
ਖੁੰਬ ਸਧਰਾਈ
ਵੇਖ ਲੈ ਇਹ ਰੁੱਤ
ਅਸੀਂ ਤੇਰੇ ਲੇਖੇ ਲਾਈ
ਦਿਲ ਵਾਲੇ ਭੇਦ
ਅਸਾਂ ਦਿੱਤੇ ਸਾਰੇ ਖੋਲ੍ਹ
ਚੁੱਪ ਚੁੱਪ ਅੰਗ ਸਾਡੇ
ਪਏ ਚੰਨਾਂ ਬੋਲ
ਮਾਰੀ ਦੀਆਂ ਗੰਢਾਂ ਨਹੀਂ
ਪਰਾਂ ਦੀ ਉੱਡਾਣ ਨੂੰ
ਮੁੱਠਾਂ ਵਿਚ ਫੜੀ ਦਾ ਨਹੀਂ
ਹਨੇਰੀ ਤੇ ਤੂਫਾਨ ਨੂੰ
ਖੋਲ੍ਹ ਦਿਲ ਆਪਣਾ
ਆਖ ਜੋ ਵੀ ਕਹਿਣਾ
ਜਵਾਨੀ ਰੂਪ ਰੰਗ ਚੰਨਾ
ਸਦਾ ਨਹੀਂ ਰਹਿਣਾ
-0-
ਇਕ ਪਾਸੇ ਰੂਹ ਤੇਰੀ
ਦੂਜੇ ਸਾਡਾ ਦਿਲ
ਖੁਲ੍ਹੇ ਅਸਮਾਨ ਹੇਠਾਂ
ਜ਼ਮੀਂ ਵਾਂਗ ਮਿਲ
ਕਸਤੂਰੀ ਵਾਂਗ ਮਹਿਕ
ਤੇ ਚੰਬੇ ਵਾਂਗ ਖਿੜ
ਸਾਡੇ ਨੰਗੇ ਪਿੰਡੇ ਉੱਤੇ

ਸਾਉਣ ਵਾਂਗ ਵਰ੍ਹ
ਪਿਆਸੀ ਇਸ ਧਰਤੀ ਨੂੰ
ਜਲ ਥਲ ਕਰ
ਪਿਆਸ ਵਾਲੀ ਤੱਕੜੀ 'ਚ
ਅਸਾਂ ਦਿਤਾ ਆਪਾ ਤੋਲ
ਤੂੰ ਵੀ ਕੁੱਝ ਘੱਟ ਕਰ
ਵੱਟਿਆਂ ਦਾ ਸ਼ੋਰ
-0-
ਪਿਆਰ ਵਿਚ
ਪਿਆਰ ਦਾ ਹਿਸਾਬ ਨਹੀਉਂ ਮੰਗੀ ਦਾ
ਜਮ੍ਹਾਂ ਤਕਸੀਮ ਵਿਚ
ਪਿਆਰ ਨਹੀਂਉ ਰੰਗੀ ਦਾ
ਪਿਆਰ ਤਾਂ ਅਹਿਸਾਸ ਹੈ
ਅਹਿਸਾਸ ਇਨੂੰ ਰਹਿਣ ਦੇ
ਰੇਸ਼ਮੀ ਪਹਿਚਾਣ ਦੀ
ਇਹ ਪੀਂਘ ਝੂਟ ਲੈਣ ਦੇ
ਬੰਦਸ਼ਾਂ ਬਗੈਰ
ਇਨੂੰ ਪੌਣਾਂ ਵਾਂਗ ਵਹਿਣ ਦੇ
ਸ਼ਬਦਾਂ ਤੇ ਅਰਥਾਂ ਦੀ ਚੁੰਗਲੇ ਨਾ ਪੈਣ ਦੇ
ਸਵਾਸਾਂ ਬਿਨ ਜਿਉਣ ਦਾ
ਪਿਆਰ ਹੀ ਅਧਾਰ ਹੈ
ਪਿਆਰ ਜਿਹਦੇ ਕੋਲ
ਰੱਬੀ ਉਹਦਾ ਵਾਸ ਹੈ
-0-
ਆਉਣ ਲੱਗੀ ਸਾਡੇ ਵਿਚੋਂ
ਮਹਿਕ ਸਾਡੇ ਪਿਆਰ ਦੀ
ਜਾਪਦੀ ਸੁਆਰਦੀ ਨੁਹਾਰ ਸੰਸਾਰ ਦੀ
ਪਿਆਰ ਚੰਨਾ ਰਹਿਮਤ ਹੈ
ਸੱਚੇ ਕਰਤਾਰ ਦੀ

ਪਿਆਰ ਦੀ ਰੂਹ ਗੁਲਾਮੀ ਨਹੀਂ ਸਹਾਰਦੀ
ਪੂਜਾ ਹੈ ਇਹ ਰੱਬ ਦੀ
ਤੇ ਰੂਪ ਸਚਿਆਰ ਦਾ
ਤਿਆਗ ਹੈ ਪਹਿਚਾਣ ਇਹ ਦੀ
ਮੇਵਾ ਹਰ ਇਕ ਹੈ ਬਹਾਰ ਦਾ
ਪਿਆਰ ਹੀ ਹੈ ਜਿੰਦ ਜਾਨ
ਰੰਗ ਰੂਪ ਸੰਸਾਰ ਦਾ
ਪਿਆਰ ਬਿਨ ਹੁੰਦਾ ਨਹੀਂ ਦੀਦਾਰ
ਸੱਚੇ ਯਾਰ ਦਾ
-0-
ਆਦਿ ਅੰਤ ਬਿਨਾਂ ਹੁੰਦੀ
ਉਮਰਾ ਪਿਆਰ ਦੀ
ਪੱਥਰਾਂ ਦੇ ਸੀਨੇ 'ਚ
ਗਤੀ ਹੈ ਉਤਾਰਦੀ
ਤੇਰੇ ਮੇਰੇ ਬਿਨਾਂ ਵੀ ਹੈ
ਚੰਬਾ ਇਹਦਾ ਖਿੜਦਾ
ਮਾਲ ਟਿੰਡਾਂ ਜਲ ਬਿਨਾਂ
ਖੂਹ ਹੈ ਇਹ ਦਾ ਗਿੜਦਾ
ਅਸੀਂ ਕਲਬੂਤ ਪਿਆਰ ਸਾਡੀ ਰੂਹ
ਕਾਗਜ਼ੀ ਹਾਂ ਫੁੱਲ ਬਿਨਾਂ ਇਹਦੀ ਖੁਸ਼ਬੂ
ਉਡੀਕ ਦੀ ਹੈ ਚੁੱਪ ਸਦਾ ਪਿਆਰ ਦਾ ਹੀ ਬੋਲ
ਹੌਲੀ ਹੌਲੀ ਆ ਗਏ ਹਾਂ ਅਸੀਂ ਚੰਨਾ ਤੇਰੇ ਕੋਲ
-0-

# ਦੋ ਅਜਨਬੀ

ਦੋ ਅਜਨਬੀ
ਜਦ ਵੀ ਮਿਲੇ ਫੁੱਲ ਖਿੜੇ
ਮਹਿਕ ਬਣਕੇ ਫੈਲ ਗਏ
ਦਿਲਾਂ ਦੇ ਸਿਲਸਿਲੇ
-0-
ਨਜ਼ਰਾਂ 'ਚੋਂ ਅਪਣੱਤ ਪੁੰਗਰੀ
ਜਿਸਮਾਂ ਦੀ ਨਸ ਨਸ 'ਚ ਉਤਰੀ
ਮੁਹੱਬਤ ਦਾ ਇੱਕ ਬੁੱਤ ਬਣਾਇਆ
ਮਨ ਮੰਦਿਰ ਵਿਚ ਲਾਇਆ
ਰੂਹ ਦਾ ਦੀਪ ਜਲਾਇਆ
ਦੇਹੀ ਨੇ ਸੱਚ ਰੂਹ ਦਾ ਪਾਇਆ
-0-
ਚੰਨ ਚੜ੍ਹਿਆ ਤਾਰੇ ਚਮਕੇ
ਅੰਬਰ ਧਰਤੀ ਨੂੰ ਗਲ਼ ਮਿਲਿਆ
ਪਿਆਰ ਦਾ ਚੰਬਾ ਹਰਸੂ ਖਿੜਿਆ
ਪਤਝੜ 'ਚੋਂ
ਮੌਸਮ ਰੁੱਤ ਬਹਾਰਾਂ ਜਨਮੇ
ਫੁੱਲ ਕਲੀਆਂ ਚਾਅ ਕੁਆਰੇ ਜਨਮੇ
ਹਨੇਰੇ ਦੇ ਵਿਚ ਸੂਰਜ ਚੜ੍ਹਿਆ
ਕਾਰੋਬਾਰ ਗੁਲਸ਼ਨ ਦਾ ਚਲਿਆ
ਜ਼ਿੰਦਗੀ ਦਾ ਖੂਹ ਗਿੜਿਆ
ਅਜਨਬੀ ਦਿਲ
ਅਜਨਬੀ ਦਿਲ ਨੂੰ ਜਦ ਮਿਲਿਆ
-0-
ਨੱਚਿਆ ਮੋਰ ਤੇ ਕੋਇਲ ਕੂਕੀ
ਤੂਤਾਂ ਵਿਚੋਂ ਘੁੱਗੀ ਬੋਲੀ
ਮੈਂ ਦੀ ਜਿਸ ਨੇ ਖਿੜਕੀ ਖੋਲ੍ਹੀ

ਤੂੰ ਸੀ ਜਿਸ 'ਚ ਉਤਰ ਆਈ
ਭੁਲੀ ਮੈਂ ਆਪਣੀ ਮੈਂ ਨੂੰ
ਤੂੰ ਦੀ ਤੂੰ ਵਿਚ ਸਮਾਈ
-0-
ਕੁਦਰਤ ਦਾ ਦਰ ਖੁੱਲ੍ਹਾ
ਕਾਦਰ ਨਜ਼ਰ ਪਿਆ
ਰੁੱਖਾਂ ਦੀ ਚੁੱਪ ਟੁੱਟੀ
ਤੇ ਮੱਚ ਸ਼ੋਰ ਗਿਆ
ਸਾਰਾ ਜੰਗਲ
ਕਾਦਰ ਕਾਦਰ ਕੂਕ ਪਿਆ
ਨਚੇ ਰੁੱਖ ਤੇ ਪਰਬਤ ਨੱਚੇ
ਧਮਾਲਾਂ ਦਰਿਆਵਾਂ ਪਾਈਆਂ
ਪੰਛੀਆਂ ਦੇ ਕੰਠਾਂ 'ਚੋਂ ਉੱਠੀਆਂ
ਪਿਆਰ ਦੀਆਂ ਦੁਹਾਈਆਂ
-0-
ਕਾਇਨਾਤ ਨੇ ਰੰਗ ਬਦਲਿਆ
ਮਹਿਕਾਂ ਦੀ ਅੱਖ ਸਧਰਾਈ
ਰਾਤ ਚਾਂਦਨੀ ਬਣ ਨਰਤਕੀ
ਜੰਗਲ ਵਿਹੜੇ ਆਈ
ਕੁਦਰਤ ਨੇ
ਜਦ ਆਪਣੇ ਆਪ ਤੋਂ
ਆਪਣਾ ਪਹਿਰਨ ਲਾਇਆ
ਧਰਤੀ ਦੇ ਜ਼ਰੇ ਜ਼ਰੇ 'ਚੋਂ
ਕਾਦਰ ਨਜ਼ਰੀਂ ਆਇਆ
-0-
ਜ਼ਿੰਦਗੀ ਚਾਨਣ ਚਾਨਣ ਹੋਈ
ਜ਼ਰਾ ਜ਼ਰਾ ਸੂਰਜ
ਧਰਤੀ ਹੋਈ ਥਾਲ ਗਗਨ ਦਾ
ਇਕ ਚਿਹਰਾ ਇਕ ਮੂਰਤ

ਚਾਨਣ ਦੇ ਰੁੱਖ ਜੰਗਲੀਂ ਉੱਗੇ
ਕਿਰਨਾਂ ਸੂਰਜ ਹੋਈਆਂ
ਮਲ ਮਲ ਪੀਠੀ ਆਪਣੇ ਪਿੰਡੇ
ਛਾਂਵਾਂ ਮੈਲ਼ੀਆਂ ਧੋਈਆਂ
-0-
ਪਿਆਰ ਦੇ ਅੰਬਰੀਂ
ਚੰਨ ਵਫ਼ਾ ਦਾ ਚੜ੍ਹਿਆ
ਜੰਗਲ ਦੇ ਹਰ ਪੱਤੇ ਨੇ
ਦੀਵਾ ਮੱਥੇ ਧਰਿਆ
ਕੰਢਿਉਂ ਬਾਹਰ ਨਦੀਆਂ ਵਗੀਆਂ
ਦਰਿਆਵਾਂ ਦੀ ਰੂਹ ਭਰਮਾਈ
ਪਾਣੀ ਸੰਗ
ਪਾਣੀ ਇਕ ਹੋਇਆ
ਰੁੱਤ ਮਿਲਣ ਦੀ ਆਈ
ਤਾਰਾ ਤਾਰਾ ਇਸ਼ਕ 'ਚ ਭਿਜਾ
ਰੁੱਤ ਜੋਬਨ ਦੀ ਛਾਈ
ਬੂੰਦ 'ਚ ਸਾਗਰ
ਸਾਗਰ 'ਚ ਬੂੰਦ ਸਮਾਈ
-0-
ਦੋ ਅਜਨਬੀ
ਜਦ ਵੀ ਮਿਲੇ ਫੁੱਲ ਖਿਲੇ
ਮਹਿਕ ਬਣ ਕੇ ਫੈਲ ਗਏ
ਦਿਲਾਂ ਦੇ ਸਿਲਸਿਲੇ!
-0-

# ਤੱਕ ਤੱਕ ਰਾਹ ਤੇਰਾ

ਤੇਰਾ ਰਾਹ ਤੱਕਦੇ ਤੱਕਦੇ
ਥਕ ਗਏ ਨੇ ਨੈਣ
ਰਾਤ ਚਾਂਦਨੀ ਵਗਦੀ ਪੌਣ
ਝੂਲਣ ਰੁੱਖ ਭੁਲੇਖੇ ਤੇਰੇ ਪੈਣ
-0-
ਪਹਿਲੀ ਵਾਰੀ ਤੱਕਿਆ ਮੁਖ ਤੇਰਾ
ਇੰਜ ਲਗਾ
ਕੁੱਝ ਗੁਆਚਾ ਲੱਭਿਆ ਮੇਰਾ
ਮਿਲਾਪ ਨੈਣਾਂ ਦਾ
ਦਿਲ ਨੂੰ ਨਹੀਂ ਭੁੱਲਿਆ
ਅੱਖੀਆਂ 'ਚੋਂ ਲਹੂ ਜਿਗਰ ਦਾ ਡੁਲ੍ਹਿਆ
-0-
ਦਿਲ ਵਿਚ ਦੀਵਾ
ਪਿਆਰ ਦਾ ਬਾਲ਼ ਕੇ
ਹਨੇਰਾ ਕੀਤੋਈ ਸੂਰਜ ਚਾੜ੍ਹ ਕੇ
ਕੋਹਿਆ ਬੱਕਰੇ ਵਾਂਗ ਇਸ਼ਕ ਨੇ
ਖਲ ਉਤਾਰੀ ਇਸ਼ਕ ਦੀ ਸਿਫਤ ਨੇ
ਭੰਡਿਆ ਚੌਂਕਾਂ ਵਿਚ ਖਿਲ੍ਹਾਰ
ਗੀਤਾ ਦੇ ਸ਼ਲੋਕਾਂ ਤਾਈਂ
ਕੁਰਾਨ ਦੀਆਂ ਆਇਤਾਂ ਤਾਈਂ
ਵੇਚਿਆ ਮੰਡੀਆਂ ਵਿਚ ਬਜ਼ਾਰ
ਅੱਖਾਂ ਚੋਂ ਨੀਂਦਰ ਉੱਡੀ
ਦਿਲ 'ਚੋਂ ਉੱਡਿਆ ਚੈਨ
ਤੇਰਾ ਰਾਹ ਤੱਕਦੇ ਤੱਕਦੇ ਥਕ ਗਏ ਨੇ ਨੈਣ
ਰਾਤ ਚਾਂਦਨੀ ਵਗਦੀ ਪੌਣ

ਝੂਲਣ ਰੁੱਖ ਭੁਲੇਖੇ ਤੇਰੇ ਪੈਣ
-0-
ਦੀਦਿਆਂ ਲਾਈ ਝੜੀ ਸਾਉਣ ਦੀ
ਖੜਕੇ ਬੂਹਾ ਕਦੀ ਹਵਾ ਸੰਗ
ਬੂਹੇ ਵਲ ਭੱਜਦਾ ਮੇਰਾ ਅੰਗ ਅੰਗ
ਭਰਿਆ ਜੁੱਸਾ ਗੋਰਾ ਰੰਗ
ਜਰਿਆ ਨਾ ਜਾਏ
ਛਣਕੇ ਵੰਗ
ਅੰਗ ਅੰਗ ਝਾਕੇ ਲਾਈ ਸੰਗ
ਫੁੱਟਦੀਆਂ ਚਿਣਗਾਂ
ਪਿੰਡਾ ਪਾਵੇ ਡੰਡ
ਗੁੱਤ ਮੇਰੀ ਪਈ ਮਾਰੇ ਡੰਗ
ਰੂਪ ਪਟਾਰੀ ਉੱਤੇ
ਜਗ ਦੀ ਅੱਖ
ਛੁਪਾਇਆ ਨਹੀਂ ਛੁਪਾਈ ਜਾਂਦੀ
ਲੀਰਾਂ ਵਿਚ ਅੱਗ
ਮਖ਼ਮਲੀ ਪਿੰਡਾ
ਜੋਬਨ ਅੰਗਿਆਰ
ਮੱਥੇ ਚੰਨ ਨੈਣੀਂ ਮਲਿਹਾਰ
ਜ਼ੁਲਫ਼ਾਂ ਕਿਰਨਾਂ
ਘੁੱਗੀ ਚਾਲ
ਤੱਕ ਤੱਕ ਮੈਨੂੰ
ਉੱਚੀ ਉੱਚੀ ਰੁੱਖ ਬੋਲਦੇ
ਜਿੰਨੂੰ ਵੀ ਬਣਾਇਆ ਤੈਨੂੰ
ਕੀਤੀ ਹੈ ਕਮਾਲ
ਗਸ਼ ਖਾ ਰੁੱਖ ਖੁਦ ਡਿੱਗਾ
ਝਲ ਸਕਿਆ ਨਾ ਝਾਲ

-0-

ਡਰਦੀ ਹਾਂ ਜੋਬਨ ਦੀ
ਅੱਗ ਮਚ ਨਾ ਜਾਏ
ਸਾੜ ਲਏ ਨਾ ਆਪਾ
ਨਾਲੇ ਜਗ ਫੂਕ ਨਾ ਜਾਏ
ਚੜ੍ਹਦੀ ਉਮਰੇ
ਕਿੰਜ ਕੂੰਜਾਂ ਚੁੱਪ ਰਹਿਣ
ਅੰਗਿਆਰ ਹੋਇਆ ਪਿੰਡਾ
ਕਿੱਥੇ ਠਾਰ ਲੈਣ
ਚੰਬੇ ਦੀਆਂ ਮਹਿਕਾਂ
ਕਿੰਜ ਆਪਾ ਢੱਕ ਲੈਣ
ਕੋਲ ਹੋਵੇਂ ਜੇ ਸੱਜਣਾ
ਤਾਂ ਘੁਟ ਭਰ ਲੈਣ
ਭਾਫਾਂ ਦੀਆਂ ਲਪਟਾਂ
ਦੇਹ 'ਚੋਂ ਫੁੱਟੀਆਂ
ਧੁਖਦੀਆਂ ਅੱਗਾਂ ਮਚ ਉੱਠੀਆਂ
ਗੋਲੀ ਮਾਰ ਨੌਕਰੀ ਤਾਈਂ
ਆ ਜਾ ਲੈ ਕੇ ਛੁੱਟੀਆਂ
ਗੁੱਤ ਸੰਭਾਲੀ ਨਹੀਉਂ ਜਾਂਦੀ
ਵਲੇਵੇਂ ਲੱਕ ਨੂੰ ਮਾਰੇ
ਅੱਗ ਪਾਣੀ ਵਿਚ ਉਤਾਰੇ
ਵਸੋਂ ਬਾਹਰ ਦਿਲ
ਤਨ ਮੱਘਦਾ ਤੰਦੂਰ
ਉੱਤੋਂ ਸਾਉਣ ਦੇ ਫਰਾਟੇ
ਤੂੰ ਅੱਖੀਆਂ ਤੂੰ ਦੂਰ
ਖੁੱਲ੍ਹ ਜਾਏ ਨਾ ਰੂਪ ਦੀ ਗੱਠੜੀ ਅਧਵਾਟੇ
ਚੰਨਾ ਇਹੋ ਜਿਹੀ ਰੁੱਤੇ

ਖਾਧੇ ਜਾਂਦੇ ਨਹੀਉਂ ਘਾਟੇ
-0-
ਭਾਲਿਆ ਨਹੀਂ ਤੈਨੂੰ
ਮੈਂ ਕਿਹੜੀ ਕਿਹੜੀ ਥਾਂ
ਉਪਰੇ ਲੋਕਾਂ ਉਪਰੇ ਵਿਚ ਗਿਰਾਂ
ਉਪਰੀਆਂ ਗਲ਼ੀਆਂ ਤੇ ਥਾਵਾਂ
ਲਭਦੀ ਰਹੀ ਜੰਗਲ ਪਹਾੜਾਂ
ਰੌਣਕਾਂ ਵਿਚ ਉਜਾੜਾਂ
ਮੰਦਰੀਂ ਮਸਜਿਦੀ ਦੀਵੇ ਬਾਲ਼ੇ
ਢੂੰਢਿਆ ਗਲੀਂ ਬਜ਼ਾਰਾਂ
-0-
ਭਾਲ ਦੇ ਵਿਚ ਮੈਂ ਆਪ ਗੁਆਚੀ
ਮਿਲਿਆ ਨਾ ਤੇਰਾ ਸਿਰਨਾਵਾਂ
ਭਾਲ ਦੀ ਆਸ 'ਚ
ਭਰਮ ਭੁਲੇਖਿਆਂ ਦੇ
ਸਿੰਗੀਂ ਚੜ੍ਹ ਜਾਵਾਂ
ਜਿਉਂਦੀ ਹੋਈ ਭੁਲੇਖਿਆਂ ਤਾਂਈ
ਖਾਹ ਗਈ ਭੁਲੇਖਾ ਉਹਦਾ
ਭਾਲਦੀ ਸਾਂ ਬਾਹਰ ਜਿਨੂੰ
ਮੇਰੀ ਦੇਹ ਹੀ
ਘਰ ਸੀ ਉਹਦਾ
ਉਹ ਕਿਤੇ ਗੁਆਚਾ ਨਹੀਂ ਸੀ
ਮੈਂ ਆਪ ਹੀ ਸਾਂ ਗੁਆਚੀ
ਸਾਗਰ ਦਾ ਜਲ ਹੋ ਕੇ
ਮੈਂ ਜਲ ਲਈ ਸਾਂ ਪਿਆਸੀ
-0-
ਤੇਰਾ ਰਾਹ ਤੱਕਦੇ ਤੱਕਦੇ

ਥਕ ਗਏ ਨੇ ਨੈਣ
ਰਾਤ ਚਾਂਦਨੀ ਵਗਦੀ ਪੌਣ
ਝੂਲਣ ਰੁੱਖ ਭੁਲੇਖੇ ਤੇਰੇ ਪੈਣ
-0-

## ਰੁੱਖ ਜੰਗਲ ਨੂੰ ਟੁਰੇ

ਪਿਘਲੇ ਪਹਾੜ
ਸਾਗਰ 'ਚ ਰਲੇ
ਪੰਛੀ ਘਰਾਂ ਨੂੰ ਪਰਤੇ
ਰੁੱਖ ਜੰਗਲ ਨੂੰ ਟੁਰੇ
ਦਿਲ ਤਾਂਘੇ ਤੇਰੇ ਦੀਦਾਰ ਨੂੰ
ਕੇਰਦਾ ਹੈ ਅੱਥਰੂ ਕਰਕੇ ਚੇਤੇ ਬਾਹਰ ਨੂੰ
-0-
ਸੁਣਕੇ ਕਦਮਾਂ ਦੀ ਆਹਟ
ਗ਼ਲੀ ਵਿਚ ਝਾਕਣਾ ਮੇਰਾ
ਸ਼ਰਮਾਣਾ ਤੱਕ ਕੇ ਤੈਨੂੰ
ਤੇ ਛੁੱਪ ਜਾਣਾਂ ਮੇਰਾ
ਉਹ ਡੁੱਲ੍ਹਣਾ ਸੁੰਗੜਨਾ ਸੰਭਲਣਾ ਮੇਰਾ
ਨੈਣਾਂ ਹੀ ਨੈਣਾਂ 'ਚ
ਤੈਨੂੰ ਆਪਣੇ 'ਚ ਉਤਾਰਨਾ
ਤੇਰੇ 'ਚ ਉਤਰਨਾ ਮੇਰਾ
ਗੁਜ਼ਰੇ ਪਲ ਆਪਣੇ ਸੰਗ
ਬੜੇ ਹੀ ਯਾਦ ਆਉਂਦੇ ਨੇ
ਨਜ਼ਰ ਦੇ ਕਿਨਾਰੇ 'ਤੇ
ਦੋ ਚਿਹਰੇ ਬਚਪਨ ਦੇ
ਰੇਤ ਦੇ ਘਰ ਬਣਾਉਂਦੇ
ਤੋਤੇ ਘੁੱਗੀਆਂ ਮੋਰਾਂ ਦੀਆਂ ਬਾਤਾਂ ਪਾਉਂਦੇ
ਬੜੇ ਹੀ ਯਾਦ ਆਉਂਦੇ ਨੇ
-0-
ਝੜੀ ਸਾਵਨ ਦੀ
ਵਿਹੜੇ 'ਚ ਭਿਜਣਾ ਮੇਰਾ

ਭਿੱਜੇ ਬਦਨ 'ਚੋਂ
ਅੰਗ ਅੰਗ ਦਿਸਣਾ ਮੇਰਾ
ਆਪਣੇ ਤੋਂ
ਆਪਣੀ ਹੀ ਕੁੰਜ ਉਤਾਰਨੀ
ਵਜਦ ਵਿਚ ਆ ਕੇ
ਜਿੰਦ ਆਪਣੇ ਆਪੇ ਤੋਂ ਵਾਰਨੀ
ਬਾਰੀ ਖੋਲ੍ਹ ਕੇ ਤੱਕਣਾ ਮੇਰਾ
ਮੂੰਹ ਫੇਰ ਕੇ
ਨਜ਼ਰਾਂ ਚੁਰਾ ਕੇ ਹੱਸਣਾ ਮੇਰਾ
ਛੁਪਾ ਕੇ ਆਪਣੇ ਆਪ ਤੋਂ
ਆਪਾ ਦਸਣਾ ਮੇਰਾ
ਗੁਜ਼ਾਰੇ ਪਲ ਆਪਣੇ ਸੰਗ
ਬੜੇ ਹੀ ਯਾਦ ਆਉਂਦੇ ਨੇ
-0-
ਤੇਰੀਆਂ ਯਾਦਾਂ 'ਚ ਬੈਠੀ
ਆਪਣੇ ਹੀ ਕੋਲ ਮੈਂ
ਤੱਕਦੀ ਹਾਂ ਆਪਣਾ ਆਪਾ
ਜ਼ਖਮਾਂ ਨੂੰ ਫਿਰੋਲ ਮੈਂ
ਦਸਦਾ ਹੈ ਚਿਹਰਾ
ਮੇਰੀ ਅੱਖ 'ਚ ਗੁਆਚਾ ਹੈ
ਕੋਈ ਅੱਥਰੂ ਮੇਰਾ
ਪੁੰਗਰਨ ਤੋਂ ਪਹਿਲਾਂ
ਮਿੱਟੀ ਹੋ ਗਈਆਂ ਸੱਧਰਾਂ
ਵਿਛੋੜੇ ਦੇ ਹਨੇਰੇ 'ਚ
ਅੱਥਰੂ ਹੋ ਗਈਆਂ ਕਦਰਾਂ
ਆਪਣੇ ਹੀ ਚਿਹਰੇ ਨੂੰ
ਪਿੱਠ ਦੇ ਕੇ ਭੌਂ ਗਈ ਹਾਂ ਮੈਂ

ਇਸ਼ਾਰੇ ਕਰਕੇ ਨੈਣਾਂ ਦੇ
ਉਹਲੇ ਹੋ ਗਈ ਹਾਂ ਮੈਂ
-0-
ਚੁੱਲ੍ਹੇ 'ਚ ਧੁਖਦੀ ਲੱਕੜ ਤੱਕਦੀ ਹਾਂ
ਤਾਂ ਲਗਦਾ ਹੈ
ਜਿਵੇਂ ਮੈਂ ਆਪ ਬਲ਼ਦੀ ਹਾਂ
ਸੋਚਾਂ ਵਿਚ ਡੁਬੀ
ਪਾਵਾਂ ਵਸਲਾਂ ਦੇ ਘੁਰੇ
ਪਹਾੜ ਪਿਘਲੇ
ਸਾਗਰ 'ਚ ਰਲੇ
ਪੰਛੀ ਘਰਾਂ ਨੂੰ ਪਰਤੇ
ਰੁੱਖ ਜੰਗਲ ਨੂੰ ਮੁੜੇ
-0-
ਸਿਰ ਦੀ ਸੂਲ਼ੀ
ਮੁਹੱਬਤ ਦੀ ਸਜ਼ਾ ਹੋਈ
ਹੋ ਕੇ ਦੂਰ ਆਪਣੇ ਤੋਂ
ਜਿਉਂਦੇ ਜੀਅ ਹੀ ਮੋਈ
ਇਸ ਤੋਂ ਚੰਗਾ ਸੀ
ਖੁਦਾ ਨਾ ਜਨਮਦਾ ਮੈਨੂੰ
ਤੇ ਜਨਮਨਾ ਹੀ ਸੀ
ਤਾਂ ਨਾ ਕਰਦਾ
ਆਪਣੇ ਤੋਂ ਜੁਦਾ ਮੈਨੂੰ!
-0-
ਕੱਚ ਦਾ ਸੁਫਨਾ
ਨੀਂਦਰ ਦਾ ਨਾਸੂਰ ਬਣ ਗਿਆ
ਕਲੀ ਤੋਂ ਮਹਿਕ ਦੂਰ ਹੋਈ
ਸੱਚ ਸੂਲ਼ ਬਣ ਗਿਆ

-0-

ਮੁਹੱਬਤ ਖੁਦਾ ਦੀ ਇਬਾਦਤ ਹੈ
ਇਬਾਦਤ ਦਾ ਦੀਵਾ ਜਗਾਇਆ ਅਸਾਂ
ਕਬਰਾਂ ਦੇ ਹਨੇਰੇ ਨੂੰ ਰੁਸ਼ਨਾਇਆ ਅਸਾਂ
ਸੁੱਕਿਆ ਹੈ ਲਹੂ
ਧੜਕਣਾਂ ਭੁਲਿਆ ਹੈ ਦਿਲ
ਪਿੰਜਰ ਚੂੰਡ ਕਾਂਵਾਂ ਨੇ
ਕਰਾਇਆ ਯਾਦ ਹੈ ਮੈਨੂੰ
ਇਹ ਦੋ ਨੈਣਾਂ ਨਾ ਛੁਹਇਓ
ਮੁਖ ਸੱਜਣ ਦਾ ਵੇਖਣ ਦੀ
ਅਜੇ ਵੀ ਆਸ ਹੈ ਮੈਨੂੰ

-0-

ਅਜੇ ਤਾਂ ਮੌਤ ਹੈ
ਕਈ ਕਦਮਾਂ ਦੀ ਦੂਰੀ 'ਤੇ
ਬਚੇ ਇਕ ਸਵਾਸ ਦਾ ਵੀ
ਧਰਵਾਸ ਹੈ ਮੈਨੂੰ
ਪਰਤ ਕੇ ਵੇਖਦੀ ਹਾਂ
ਦੋ ਕਬਰਾਂ ਦੀ ਢੇਰੀ ਤੇ ਇਕ ਦੀਵਾ ਜਲ਼ੇ
ਪਿਘਲੇ ਪਹਾੜ ਸਾਗਰ 'ਚ ਰਲ਼ੇ
ਪੰਛੀ ਘਰਾਂ ਨੂੰ ਪਰਤੇ ਰੁੱਖ ਜੰਗਲ ਨੂੰ ਟੁਰੇ!

-0-

## ਬੱਦਲ ਬਣੇ

ਬੱਦਲ ਬਣੇ ਪੁਰਵਾ ਵਗੇ
ਰੁੱਤਾਂ ਭਰੀਆਂ ਭਰੀਆਂ
ਤੇਰੇ ਬਿਨ ਸੱਖਣੇ ਵਿਹੜੇ
ਸੁੰਨੀਆਂ ਸੁੰਨੀਆਂ ਗਲੀਆਂ
-0-
ਦਿਨ ਭਰ ਰੂੰ ਹਿਜ਼ਰ ਦਾ ਕੱਤਾਂ
ਰਾਤ ਉਮੀਦ ਦੀ ਵਸਲੇ
ਪਈਆਂ ਆਣ ਜੁਦਾਈਆਂ
ਅਗਨ ਰੁੱਤ ਦੀ ਫਸਲੇ
ਕੱਤਣ ਬੈਠੀਆਂ ਪੂਣੀ ਜਿੰਦ ਦੀ
ਤੰਦ ਨਾ ਪੈਂਦੀ ਤਕਲੇ
ਉਡੀਕਾਂ ਦੇ ਵਿਚ ਉਮਰ ਬੀਤ ਗਈ
ਅੱਜ ਕੱਲ੍ਹ ਤੇ ਭਲਕੇ
ਵਿਚ ਨਸੀਬਾਂ ਬ੍ਰਿਹਾ ਲਿਖਿਆ
ਜਿੰਦ ਹੋਈ ਕੋਲੇ ਸੜਕੇ
ਦਿਲ ਤੜਪੇ ਵਿਚ ਯਾਦ ਸੱਜਣ ਦੀ
ਨੈਣੀਂ ਸਾਵਨ ਮਟਕੇ
-0-
ਟੁਰ ਪਏ ਰੁੱਖ ਭਾਲ ਤੇਰੀ ਵਿਚ
ਅੱਖੀਆਂ ਹੋਈਆਂ ਰਾਹਾਂ
ਚੁੱਕ ਚੁੱਕ ਅੱਡੀਆਂ ਕਰਨ ਉਡੀਕਾਂ
ਧੁੱਖ਼ਦੀਆਂ ਧੁੱਪਾਂ ਛਾਂਵਾਂ
ਯਾਦ ਕਰੇ ਤੈਨੂੰ ਝੀਲ ਦਾ ਦਰਪਣ
ਕੰਢਿਆਂ ਅੱਥਰੂ ਕੇਰੇ
ਝੀਲ ਦੀ ਅੱਖ 'ਚ

ਅਜੇ ਵੀ ਤਰਦੇ ਸੁਫ਼ਨੇ ਤੇਰੇ ਮੇਰੇ
ਡੀਕ ਗਈ ਸਾਗਰ ਮੈਂ
ਪਿਆਸੀ ਦੀਦ ਦੀ ਤੇਰੀ
ਮਾਹੁਰਾ ਪੀਤਾ ਅੰਮ੍ਰਿਤ ਪੀਤਾ
ਪਿਆਸ ਨਾ ਬੁਝੀ ਮੇਰੀ
-0-
ਦੁਨੀਆ ਪੱਥਰ ਤੇ ਮੈਂ ਸ਼ੀਸ਼ਾ
ਕਰਜ਼ ਉਤਾਰਾਂ ਤੇਰੇ
ਜੀਵਨ ਸ਼ਮਸ਼ਾਨ ਜੀਅ ਲਿਆ
ਦਿਲ ਵੱਟੇ ਦਿਲ ਮੇਰੇ
ਪਲਕਾਂ ਨਾਲ ਚੁਗੇ ਮੈਂ ਕੰਡੇ
ਮਿਧਦੀ ਰਹੀ ਹਨੇਰੇ
ਦਿਲ ਵਿਹੜੇ
ਤੇਰਾ ਧਰਿਆ ਸੂਰਜ
ਠਾਰ ਰਿਹਾ ਹੱਡ ਮੇਰੇ
ਧਰਕੇ ਸਿਰ ਤਲੀ 'ਤੇ ਆਪਣਾ
ਨਦੀਆਂ ਲਹੂ ਦੀਆਂ ਤਰੀਆਂ
ਬੱਦਲ ਬਣੇ ਪੁਰਵਾ ਵਗੇ
ਰੁੱਤਾਂ ਭਰੀਆਂ ਭਰੀਆਂ
ਤੇਰੇ ਬਿੰਨ ਸਖਣੇ ਵਿਹੜੇ
ਸੁੰਨੀਆਂ ਸੁੰਨੀਆਂ ਗ਼ਲੀਆਂ
-0-
ਇਸ਼ਕ ਸਾੜਦਾ
ਥਲ ਨਾ ਕਿਸੇ ਨੂੰ ਸਾੜਨ
ਪੁੱਠੀਆਂ ਖਲਾਂ ਇਸ਼ਕ ਲਹਾਉਂਦੈ
ਬੰਦੇ ਨਾ ਬੰਦੇ ਦੀ ਖਲ ਉਤਾਰਨ
ਇਸ਼ਕ ਡੋਬਦਾ ਵਿਚ ਝਨਾ ਦੇ

ਕੱਚੇ ਨਾ ਡੋਬਣ ਨਾ ਤਾਰਨ
ਇਸ਼ਕ ਅਗਨ ਵਿਚ ਸੜੀਆਂ ਜਿੰਦਾਂ
ਇਸ਼ਕ ਅਗਨ ਵਿੱਚ ਠਰੀਆਂ
ਇਸ਼ਕ ਦੀ ਸੂਲ਼ੀ ਚੜ੍ਹੀਆਂ
ਡੁਬੀਆਂ ਡੁਬ ਕੇ ਤਰੀਆਂ
ਭੰਨ ਮਿਰਜ਼ੇ ਦੇ ਤੀਰ
ਸੂਲ਼ੀ ਚੜ੍ਹੀ ਸੀ ਸਾਹਿਬਾ
ਆਪਣੇ ਪਿਆਰ ਦੀ ਦੇ ਕੁਰਬਾਨੀ
ਡੁਬਕੇ ਤਰੀ ਸੀ ਸਾਹਿਬਾ
ਇਸ਼ਕ ਦੀ ਖੇਡ ਦੀ ਹਾਰ ਜਿੱਤ ਵਿਚ
ਹਰੀ ਭਰੀ ਸੀ ਸਾਹਿਬਾ
ਕੁਰਬਾਨੀ ਦੀ ਹੱਦ ਦੀਆਂ ਨੀਹਾਂ
ਸਾਹਿਬਾ ਦੇ ਇਸ਼ਕ ਨੇ ਧਰੀਆਂ
ਬੱਦਲ ਬਣੇ ਪੁਰਬਾ ਵਗੇ
ਰੁੱਤਾਂ ਭਰੀਆਂ ਭਰੀਆਂ
ਤੇਰੇ ਬਿੰਨ ਸਖਣੇ ਵਿਹੜੇ
ਸੁੰਨੀਆਂ ਸੁੰਨੀਆਂ ਗਲ਼ੀਆਂ
-0-
ਦੁਨੀਆਂ ਦੇ ਹਰ ਗੁਲਸ਼ਨ
ਕੋਇਲ ਬ੍ਰਿਹਾ ਕੂਕਦੀ ਹੈ
ਬ੍ਰਿਹਾ ਦੀ ਅੱਗ ਵਿਚ ਸੜਦੀ
ਆਪਾ ਫੂਕਦੀ ਹੈ
ਸੜਕੇ ਵੀ ਨਸੀਬ ਨਾ ਹੋਈਆਂ
ਵਸਲ ਦੀਆਂ ਘੜੀਆਂ
ਕਈ ਸੱਸੀਆਂ ਭੁੱਜ ਭੁੱਜ
ਵਿਚ ਥਲਾਂ ਦੇ ਸੜੀਆਂ
ਥਲ ਨਹੀਂ ਠਰਿਆ

ਸੱਸੀਆਂ ਕੋਇਲੇ ਹੋਈਆਂ
ਜਲ ਦੀ ਪਿਆਸ
ਧਰ ਥਲ ਦੀ ਤਲੀਏ
ਆਪ ਜਿਉਂਦੀਆਂ ਮੋਈਆਂ
ਪਹਿਲਾਂ ਇਸ਼ਕ
ਫਿਰ ਪਿਆਸ ਸਾੜਿਆ
ਫਿਰ ਹੱਡੀਆਂ ਜਲ ਤਰੀਆਂ
ਬੱਦਲ ਬਣੇ ਪੁਰਵਾ ਵਗੇ
ਰੁੱਤਾਂ ਭਰੀਆਂ ਭਰੀਆਂ
ਤੇਰੇ ਬਿੰਨ ਸਖਣੇ ਵਿਹੜੇ
ਸੁੰਨੀਆਂ ਸੁੰਨੀਆਂ ਗਲ਼ੀਆਂ
-0-

# ਰੁੱਖਾਂ ਦੀ ਠੰਢੀਆਂ ਛਾਂਵਾਂ

ਰੁੱਖਾਂ ਦੀ ਠੰਢੀਆਂ ਛਾਂਵਾਂ
ਮੈਂ ਤੱਕਦੀ ਤੇਰੀਆਂ ਰਾਹਾਂ
ਤੂੰ ਆ ਮੈਂ ਸਦਕੇ ਜਾਵਾਂ
ਤੇਰਾ ਮੁਖ ਚੁੰਮਾਂ ਮਰ ਜਾਵਾਂ
-0-
ਛਾਂਵਾਂ ਦੇ ਨੈਣ ਉਦਾਸੇ
ਚਿਹਰੇ ਜੰਗਲ ਦੁਖਾਂ ਦੇ
ਨੇ ਪੁੱਠੀਆਂ ਬੱਚੇ ਦਾਨੜੀਆਂ
ਤੇ ਮੂੰਹ ਸੁੱਕੇ ਨੇ ਕੁੱਖਾਂ ਦੇ
ਟੁਰ ਗਏ ਜੋ ਮੌਸਮ ਪਰਤੇ ਨਾ
ਚਿਹਰੇ ਜ਼ਰਦ ਨੇ ਰੁੱਤਾਂ ਦੇ
ਤੂੰ ਇਕ ਵਾਰੀ ਆ ਤੱਕ ਸੱਜਣਾਂ
ਕੱਦ ਸੁੰਗੜੇ ਲੰਮੀਆਂ ਗੁੱਤਾਂ ਦੇ
ਤੇਰੀ ਦੀਦ ਬਿਨਾਂ ਕਿੰਜ ਤਿੜਕੇ ਨੇ
ਚਿਹਰੇ ਮੰਦਿਰ ਮਸਜਿਦ ਦੇ ਬੁੱਤਾਂ ਦੇ
-0-
ਜ਼ਿੰਦਗੀ ਵਿਚ ਕਬਰਾਂ ਉੱਗ ਆਈਆਂ
ਨੈਣਾਂ ਵਿਚ ਛਾਲੇ ਫਸਲਾਂ ਦੇ
ਦੋ ਨੈਣ ਉਡੀਕਦੇ ਹੋਏ ਪੱਥਰ
ਸਰਦਲ ਤੇ ਸੁਨੇਹੜੇ ਵਸਲਾਂ ਦੇ
ਘਟਾ ਵੀ ਕਾਲੀਆਂ ਛਾਈਆਂ
ਬੱਦਲ ਵੀ ਗਰਜੇ ਅੰਬਰਾਂ 'ਤੇ
ਵਰ੍ਹਿਆ ਹੈ ਸਾਵਣ ਸਿਰ ਭਰਨੇ
ਭਿਜੇ ਨਾ ਮਾਰੇ ਕਰਮਾਂ ਦੇ
ਇਕ ਬੂੰਦ ਮੈਂ ਤੇਰੇ ਸਾਗਰ ਦੀ

ਜ਼ਿੰਦਗੀ ਨੂੰ ਅਰਪਣ ਕਰ ਜਾਵਾਂ
ਇਸ ਖਾਲੀ ਖਾਲੀ ਅੰਬਰ ਨੂੰ
ਤੇਰੇ ਚੰਨ ਮੁਖ ਦਾ ਵੇ ਵਰ ਜਾਵਾਂ
ਤੇਰੇ ਸੁਫਨੇ ਚੰਨਾ ਸੂਰਜਾਂ ਦੇ
ਧਰਤੀ ਦੀ ਤਲੀਏ ਧਰ ਜਾਵਾਂ
ਤੈਨੂੰ ਯਾਦ ਕਰੇਂਦੀਆਂ ਰੁੱਤਾਂ
ਜਿਵੇਂ ਮਾਂਵਾਂ ਕਬਰੀਂ ਜਾ ਸੁੱਤੀਆਂ
ਬਿਨ ਵੇਖੇ ਪ੍ਰਦੇਸੀ ਪੁੱਤਾ
-0-
ਤੇਰਾ ਬ੍ਰਿਹਾ ਜਾਨੋ ਪਿਆਰਾ ਹੈ
ਤੇਰਾ ਗ਼ਮ ਹੀ ਜੀਣ ਦਾ ਸਹਾਰਾ ਹੈ
ਤੇਰੀ ਵੀਰਾਨੀ ਵਿਚ ਰੌਣਕ ਹੈ
ਤੇਰੀ ਚੁੱਪ ਵਿਚ ਸੁੱਖ ਨਿਆਰਾ ਹੈ
ਤੇਰੀ ਉਦਾਸੀ ਕੁੱਖ ਖੁਸ਼ੀਆਂ ਦੀ
ਤੇਰੀ ਇਕੱਲਤਾ ਹੀ ਸੰਸਾਰਾ ਹੈ
ਜੇ ਤੇਰੇ ਕੰਮ ਇਹ ਜਿੰਦ ਆਵੇ
ਜਿੰਦ ਤੇਰੇ ਲੇਖੇ ਕਰ ਜਾਵਾਂ
ਤੂੰ ਇਕ ਵਾਰੀ ਗਲ਼ ਲਾ ਸੱਜਣਾ
ਮੈਂ ਜਿਉਂਦੇ ਜੀਅ ਹੀ ਮਰ ਜਾਵਾਂ
-0-
ਤੂੰ ਅੱਖੀਉਂ ਦੂਰ ਵਸੇ ਜਾਂ ਪ੍ਰਦੇਸ ਵਸੇ
ਉਹ ਧਰਤੀ ਸਾਡਾ ਕਾਅਬਾ ਹੈ
ਤੂੰ ਜਿਸ ਵੀ ਚੰਨਾ ਦੇਸ ਵਸੇ
ਤੂੰ ਕਦਮ ਧਰੇ ਜਿਸ ਥਾਂ ਸੱਜਣਾਂ
ਉਹ ਥਾਂ ਤੀਰਥ ਹੋ ਜਾਵੇ
ਮੁਕ ਜਾਵਣ ਚੱਕਰ ਜਨਮਾਂ ਦੇ
ਤੇਰੀ ਨਜ਼ਰ ਸਵੱਲੀ ਹੋ ਜਾਵੇ

ਦਰ ਮੁਕਤੀ ਦਾ ਤੱਕਣੀ ਤੇਰੀ
ਸੁਖ ਸਾਗਰ ਗਲਵਕੜੀ ਤੇਰੀ
ਦੀਦਾਰ ਕਰੇ ਜੋ ਤੇਰਾ
ਉਹ ਆਪਣਾ ਆਪਾ ਭੁਲ ਜਾਏ
ਬੂੰਦ ਸਾਗਰ ਵਿਚ ਘੁਲ ਜਾਏ
ਸਦਾ ਲਈ ਤੇਰੀ ਹੋ ਜਾਏ
ਉਹਦਾ ਆਉਣਾ ਜਾਣਾ ਮੁਕ ਜਾਏ
ਮੈਂ ਆਪਣੇ ਜੀਦੇ ਕੇ ਜੀਅ ਆਪਾਂ
ਤੇਰੇ ਕਦਮੀਂ ਧਰ ਜਾਵਾਂ
ਤੂੰ ਇਕ ਵਾਰੀ ਗਲ਼ ਲਾਅ ਸੱਜਣਾ
ਮੈਂ ਜਿਉਂਦੇ ਜੀਅ ਹੀ ਮਰ ਜਾਵਾਂ
-0-
ਤੇਰੇ ਭਾਣੇ ਵਿਚ ਜਿਉਂਦੇ
ਜੰਗਲ ਰੁੱਖਾਂ ਦੇ
ਸ਼ੁਕਰ ਮਨਾਉਂਦੇ ਤੇਰੇ ਦਿੱਤੇ ਸੁੱਖਾਂ ਦੇ
ਤੇਰੇ ਸੰਗ ਲਾਈਆਂ ਅੱਖੀਆਂ ਦੇ
ਵਿਸਰ ਗਈਆਂ ਲਗੀਆਂ ਦੇ
ਮੈਂ ਸਮਝ ਗਈ
ਇਹ ਭੇਦ ਸੱਜਣ
ਤੇ ਹੋਈ ਆਪੇ ਜੇਡ ਸੱਜਣ
ਤੇਰਾ ਬ੍ਰਿਹਾ ਹੀ ਤੇਰਾ ਸੱਚ ਲਗਿਆ
ਇਹ ਦੀਵਾ ਜਿਸ ਜਗਦਾ ਰਖਿਆ
ਅਸੀਂ ਆਪਾ ਦੁਖਾਂ 'ਚੋਂ ਪਾਇਆ
ਤੇਰਾ ਦਰਦ ਕਲੇਜੇ ਸੰਗ ਲਾਇਆ
ਸਾਨੂੰ ਆਪਣਾ ਸੱਚ ਨਜ਼ਰੀਂ ਆਇਆ
ਜੋ ਕਣ ਕਣ ਵਿਚ ਵਸਦਾ
ਤੇਰਾ ਬ੍ਰਿਹਾ ਹੀ ਇਹ ਸੱਚ ਦਸਦਾ

ਇਹ ਭੇਦ ਉਜਾਗਰ ਕਰਜਾਂ ਮੈਂ
ਪਤਝੜ ਚੁੱਪ ਉਦਾਸੀ 'ਚ
ਲੱਗੀਆਂ ਦਾ ਸੂਰਜ ਧਰਜਾਂ ਮੈਂ
ਕੁੱਝ ਜੀਵਨ ਦੇ ਵਿਚ ਕਰਜਾਂ ਮੈਂ
ਕੁੱਝ ਕਰਕੇ ਭਾਵੇਂ ਮਰਜਾਂ ਮੈਂ!
-0-

## ਚਾਂਦਨੀ ਧੁੱਪ

*(ਇਕ ਕਵਿਤਾ ਚੀਜ਼ਾਂ ਜਿਵੇਂ ਹਨ, ਉਸੇ ਦ੍ਰਿਸ਼ਟੀ ਤੋਂ ਪੇਸ਼ ਕੀਤੀ ਗਈ ਹੈ।*
*ਨਾ ਕਿ ਚੀਜ਼ਾਂ ਕਿਵੇਂ ਹੋਣੀਆਂ ਚਾਹੀਦੀਆਂ ਹਨ, ਦੀ ਦ੍ਰਿਸ਼ਟੀ ਤੋਂ ਪੇਸ਼ ਕੀਤੀ ਗਈ ਹੈ)*

ਨੈਣ ਤੇਰੇ ਮੌਤ ਦੇ ਦੁਆਰ ਨੇ
ਬੁਲ੍ਹ ਤੇਰੇ ਦਘਦੇ ਅੰਗਿਆਰ ਨੇ
ਸੂਰਤ ਤੇਰੀ ਹੈ ਭੁਲੇਖਾ ਚੰਨ ਦਾ
ਸੀਰਤ ਤੇਰੀ ਹੈ ਹਨੇਰਾ ਮਨ ਦਾ
ਨਕ਼ਸ਼ ਤੇਰੇ ਉਸਤਰੇ ਦੀ ਧਾਰ ਨੇ
ਨਖ਼ਰੇ ਤੇਰੇ ਸਿਰਾਂ ਦਾ ਵਿਉਪਾਰ ਨੇ
ਹੁਸਨ ਤੇਰਾ ਬਹਾਰਾਂ ਦੀ ਉਜਾੜ
ਚਾਹਤ ਤੇਰੀ
ਸਾਗਰ ’ਚ ਹੈ ਥਲ ਦਾ ਉਤਾਰ
-0-
ਦਰ ਦੇਹ ਦਾ
ਜਦ ਵੀ ਤੂੰ ਹੈ ਕਿਸੇ ਲਈ ਖੋਲ੍ਹਿਆ
ਰੁੱਖਾਂ ਨੇ ਚੁੱਪ ਧਾਰ ਲਈ
ਧਰਤੀ ਨਾ ਅੰਬਰ ਬੋਲਿਆ
ਤੇਰੇ ਨਗਨ ਦੀ ਸ਼ਰਮ ’ਚ
ਕਾਇਨਾਤ ਬੂਹਾ ਢੋਅ ਲਿਆ
ਘਰ ਤੇਰਾ ਹੈ ਬਲ਼ਦਾ ਸਿਵਾ
ਅੰਦਰ ਤੇਰਾ ਹੈ ਧੁਖਦੀ ਚਿਖਾ
ਵਸਣ ਤੇਰਾ
ਰੌਣਕਾਂ ਦੀ ਬੁੱਕਲੇ ਜ਼ਿੰਦਗੀ ਦੀ ਲਾਸ਼ ਹੈ
ਤਪਸ਼ ਹੈ ਸ਼ਮਸ਼ਾਨ ਦੀ
ਮੁਰਦਿਆਂ ਦੀ ਬਾਸ ਹੈ
-0-

ਆਇਆ ਤੇਰੀ ਮਹਿਫ਼ਲ 'ਚ
ਰੁੱਖ ਜੋ ਹਰਿਆ ਕੋਈ
ਤੂੰ ਬਾਲ਼ ਸ਼ਮ੍ਹਾਂ ਜਿਸਮ ਦੀ
ਦਮ ਉਸਦੇ ਪੀਅ ਗਈ
ਸ਼ਮਸ਼ਾਨ ਤੇਰੀ ਦੇਹ 'ਚ
ਕਬਰਾਂ ਦਾ ਵਾਸ ਹੈ
ਤੇਰੀ ਦੇਹੀ ਦੇ ਥਲ ਨੂੰ
ਸਾਗਰਾਂ ਦੀ ਪਿਆਸ ਹੈ
ਤੂੰ ਭੁਲੇਖਾ ਜ਼ਿੰਦਗੀ ਦਾ
ਮੌਤ ਦਾ ਦਾਰੋਮਦਾਰ ਹੈ
ਜੀਵਨ ਦੀ ਮੰਡੀ 'ਚ ਤੂੰ
ਜਿਸਮਾਂ ਦਾ ਵਿਉਪਾਰ ਹੈ
ਰੰਗਾਂ ਕਲੀਆਂ ਮਹਿਕਾਂ ਦੇ
ਧੁਖਦੇ ਸਿਵਿਆਂ ਦਾ ਬਜ਼ਾਰ ਹੈ
ਹਨੇਰਿਆਂ ਦਾ ਗੜ੍ਹ ਹੈ
ਰੋਸ਼ਨੀ ਦੇ ਤੇਜ਼ ਦੀ ਬਾਹਰੋਂ ਬਹਾਰ ਹੈ
-0-
ਕੱਟ ਜਾਏ ਰਾਹ ਤੂੰ ਜੇ ਮੌਤ ਦਾ
ਮੌਤ ਨੂੰ ਭੁੱਲਦਾ ਜ਼ਿੰਦਗੀ ਦਾ ਪਤਾ
ਤੂੰ ਜ਼ਿੰਦਗੀ ਦੇ ਅੰਤ ਦਾ
ਪਹਿਲਾ ਸਵਾਸ ਹੈ
ਮੌਤ ਹੈ ਉਸ ਦੀ ਤੂੰ ਜਿਸਦੇ ਪਾਸ ਹੈ
ਸੂਰਜਾ ਦੇ ਮੱਥੇ ਹਨੇਰੇ ਦਾ ਵਾਸ ਹੈ
ਮੁਰਦਿਆਂ ਦੀ ਭੀੜ ਹੈਂ ਤੂੰ
ਬੱਦਲ਼ੀਆਂ ਦੀ ਕੁੱਖ 'ਚ
ਅੱਗ ਦੀ ਬਰਸਾਤ ਹੈ
ਪਤਝੜਾਂ ਦਾ ਜਿਸਮ ਹੈ ਤੂੰ

ਰੁੱਤਾਂ ਬਹਾਰਾਂ ਮੌਸਮਾਂ ਦੀ
ਰੂਹ ਦਾ ਭਾਰ ਹੈ
-0-
ਤੂੰ ਖੰਭ ਹੀ ਨਹੀਂ ਕੁਤਰਦੀ
ਪ੍ਰਵਾਜ਼ ਵੀ ਹੈਂ ਫੂਕਦੀ
ਨਦੀ ਹੈ ਤੂੰ ਅੱਗ ਦੀ
ਧਰਤੀ 'ਤੇ ਸ਼ੂਕਦੀ
ਆਇਆ ਜੋ ਤੇਰੀ ਬੁੱਕਲੇ
ਤੇਰਾ ਹੀ ਹੋ ਕੇ ਰਹਿ ਗਿਆ
ਸੂਰਜਾ ਦਾ ਤੇਜ਼
ਹਨੇਰਿਆਂ ਮੂੰਹ ਪੈ ਗਿਆ
ਉਡ ਨਾ ਸਕਿਆ
ਉਹ ਪੰਛੀ ਉਮਰ ਭਰ
ਡਾਲ ਤੇਰੀ 'ਤੇ ਜੋ ਆ ਕੇ ਬਹਿ ਗਿਆ
ਤੇਰਾ ਆਕਰਸ਼ਨ ਹੈ ਬੁਲਾਵਾ ਮੌਤ ਦਾ
ਆਗੋਸ਼ ਤੇਰੀ 'ਚ
ਹੈ ਬੁਝਣਾ ਲਾਜ਼ਮੀ ਹਰ ਜੋਤ ਦਾ
-0-
ਨੈਣ ਤੇਰੇ ਮੌਤ ਦਾ ਦੁਆਰ ਨੇ
ਬੁੱਲ੍ਹ ਤੇਰੇ ਦਘਦੇ ਅੰਗਿਆਰ ਨੇ
ਸੂਰਤ ਤੇਰੀ ਹੈ ਭੁਲੇਖਾ ਚੰਨ ਦਾ
ਸੀਰਤ ਤੇਰੀ ਹੈ ਹਨੇਰਾ ਮਨ ਦਾ
-0-

# ਦਿਲ 'ਚ ਲੁਕਾ ਲਿਆ

ਅੱਖੀਆਂ ਨੇ ਵੇਖਿਆ
ਸਾਹਾਂ 'ਚ ਵਸਾ ਲਿਆ
ਨਜ਼ਰਾਂ ਨਾ ਲੱਗ ਜਾਣ
ਦਿਲ 'ਚ ਲੁਕਾ ਲਿਆ
-0-
ਰਖਿਆ ਹੈ ਸਾਂਭ ਅਸਾਂ
ਆਪਣੀ ਵੀ ਜਾਨ ਤੋਂ
ਝੱਖੜਾਂ ਹਨੇਰੀਆਂ
ਹਵਾਵਾਂ ਤੇ ਤੂਫਾਨ ਤੋਂ
ਓੜ ਕੇ ਦੁਆਲਾ
ਦੀਵਾ ਤੇਰਾ ਜਗਾ ਲਿਆ
ਆਪਣੇ 'ਚੋਂ ਲੱਭਿਆ ਨਾ
ਤੇਰੇ ਵਿਚੋਂ
ਆਪਾ ਅਸੀਂ ਪਾ ਲਿਆ
ਤੱਕਣਾ ਜੇ ਮੁਖ ਅਸਾਂ ਆਪਣਾ
ਸ਼ੀਸ਼ਾ ਤੇਰੇ ਮੁੱਖ ਦਾ
ਨੈਣਾਂ ਸਾਂਵੇ ਡਾਹ ਲਿਆ
ਆਪਣੇ 'ਚੋਂ ਤੇਰਾ
ਤੇਰੇ 'ਚੋਂ ਆਪਣਾ
ਦੀਦਾਰ ਅਸਾਂ ਪਾ ਲਿਆ
ਮਿਟ ਗਈਆਂ ਵਿੱਥਾਂ
ਤੇਰੇ ਮੇਰੇ ਹੋਣ ਦੀਆਂ
ਦੇਹਾਂ ਨੂੰ ਦੇਹਾਂ ਦਿਆਂ
ਤੱਤਾਂ 'ਚ ਮਿਲਾ ਲਿਆ
ਜੋਤ ਵਿਚ ਜੋਤ ਰਲ਼ੀ

ਸੱਚ ਜੋਤ ਦਾ ਹੰਢਾ ਲਿਆ

-0-

ਵੇਖਦਾ ਹੈ ਜਗ
ਅੰਬਰ 'ਚ ਧਰਤੀ
ਧਰਤੀ 'ਚ ਅੰਬਰ ਸਮਾ ਗਿਆ
ਵਸਲਾਂ ਦਾ ਨਿੱਘ
ਪੌਣਾਂ ਮੋਢੀ ਉਠਾ ਲਿਆ
ਫੈਲੀ ਖੁਸ਼ਬੂ
ਮੌਸਮਾਂ ਬਹਾਰਾਂ ਵਿਚ
ਜਿਸਮਾਂ ਨੇ ਰੂਪ
ਖੁਸ਼ਬੂਆਂ ਦਾ ਵਟਾ ਲਿਆ
ਅੱਦਿਸ ਦਾ ਦਿੱਸ ਹੋਇਆ
ਨਜ਼ਾਰਾ
ਰੂਹਾਂ ਸਾਡੀਆਂ ਪਾਅ ਲਿਆ
ਦੂਰ ਤਕ ਰਹਿਮਤਾਂ ਦੇ
ਬਲ਼ਦੇ ਚਿਰਾਗ ਦਿਸੇ
ਨੂਰ ਇਲਾਹੀ
ਕਾਇਨਾਤ ਉੱਤੇ ਛਾਅ ਗਿਆ
ਮੌਤ ਤੋਂ ਅਗੇਰਾ ਸੱਚ
ਦੇਹ ਦੀ ਮੁਥਾਜੀ ਬਿੰਨ
ਜਿਉਂਦੇ ਅਸਾਂ ਪਾ ਲਿਆ
ਘੁਲ਼ ਗਈ ਪਿਆਰ ਵਿਚ
ਈਰਖਾ ਜਹਾਨ ਦੀ
ਮਨੁੱਖ ਦਾ ਸੱਚ
ਮਨੁੱਖ 'ਚੋਂ ਨਜ਼ਰੀਂ ਆ ਗਿਆ!
ਪੱਥਰਾਂ 'ਚੋਂ ਫੁੱਲ ਖਿੜੇ
ਕੋਹਜ 'ਚੋਂ ਸੌਂਦਰਯ

ਮਨੁੱਖ ਦੀ ਦ੍ਰਿਸ਼ਟੀ ਦਾ
ਮੂਲ ਸਮਝੀਂ ਆ ਗਿਆ
-0-
ਧਰਤੀ ਦੇ ਜ਼ਰੇ ਜ਼ਰੇ
ਅੰਬਰ ਦੇ ਤਾਰੇ ਤਾਰੇ
ਸ਼ਬਦਾਂ ਤੇ ਅਰਥਾਂ ਨੇ
ਸਾਗਰਾਂ ਤੇ ਜੰਗਲਾਂ ਨੇ
ਪ੍ਰਕਿਰਤੀ ਖਲਾਹ ਨੇ
ਗ੍ਰਹਿ ਅਤੇ ਮੰਗਲਾਂ ਨੇ
ਪਿਆਰ ਦਾ ਚਿਰਾਗ
ਮੱਥੇ 'ਚ ਜਗਾ ਲਿਆ
ਪਿਆਰ ਦੀ ਇਕਾਈ ਸਾਡੀ
ਰੂਪ ਵਿਸ਼ਵ ਦਾ ਵਟਾ ਲਿਆ
ਲੋੜ ਨਾ ਰਹੀ ਸਾਨੂੰ
ਮੰਦਿਰਾਂ ਮਸੀਤਾਂ ਦੀ
ਆਪਣੇ 'ਚੋਂ ਆਪਣਾ ਖੁਦਾ
ਅਸਾਂ ਪਾ ਲਿਆ
-0-
ਅੱਖੀਆਂ ਨੇ ਵੇਖਿਆ
ਸਾਹਾਂ 'ਚ ਵਸਾ ਲਿਆ
ਨਜ਼ਰਾਂ ਨਾ ਲਗ ਜਾਣ
ਦਿਲ 'ਚ ਲੁਕਾ ਲਿਆ
-0-

# ਚੰਨ ਚੜ੍ਹਿਆ

ਚੰਨ ਚੜ੍ਹਿਆ ਘਰ ਆ ਸੱਜਣਾ
ਚੜ੍ਹ ਕੋਠੇ ਤੱਕਦੀ ਰਾਹ ਸੱਜਣਾ
-0-
ਅਸਾਂ
ਉਮਰਾਂ ਦਿੱਤੀਆਂ ਗਾਲ਼
ਉਡੀਕਾਂ ਕਰਦਿਆਂ ਨੇ
ਦੇਹ ਰਾਹਾਂ ਵਿਚ ਵਿਛੌਂਦਿਆਂ
ਹਾਉਕੇ ਭਰਦਿਆਂ ਨੇ
ਤੇਰਾ ਝਾਉਲਾ ਪੈਂਦਾ ਤੱਕ
ਪ੍ਰਛਾਵੇਂ ਫੜਦਿਆਂ ਨੇ
ਸਾਉਣ ਝੜੀ ਵਿਚ
ਨੰਗੇ ਪਿੰਡੇ ਸੜਦਿਆਂ ਨੇ
ਤੇਰੇ ਦੀਦ 'ਚ ਸੁੱਕਣੇ ਜਿੰਦ ਪਈ
ਦਿਤੇ ਸਰਦਲ ਨੈਣ ਬਣਾ ਸੱਜਣਾ
ਚੰਨ ਚੜ੍ਹਿਆ ਘਰ ਆ ਸੱਜਣਾ
ਚੜ੍ਹ ਕੋਠੇ ਤੱਕਦੀ ਰਾਹ ਸੱਜਣਾ
-0-
ਤੇਰਾ ਆਉਣ ਦਾ ਬਹਾਨਾ ਨਿਤ ਦਾ ਵੇ
ਤੇਰਾ ਮੁਖੜਾ ਕਦੀ ਨਾ ਦਿਸਦਾ ਵੇ
ਬੈਠੀ ਦੇਹ ਨੂੰ ਦਰ ਬਣਾ ਸੱਜਣਾ
ਤੂੰ ਕਦੀ ਤਾਂ ਦਰ ਖੜਕਾ ਸੱਜਣਾ
ਕਈ ਸਾਵਨ ਆਏ ਬੀਤ ਗਏ
ਤੂੰ ਇਕ ਵਾਰੀ ਤਾਂ ਆ ਸੱਜਣਾ
-0-
ਮੇਰਾ ਭਖਦਾ ਭਖਦਾ ਜੋਬਨ

ਮੇਰਾ ਜਗਦਾ ਜਗਦਾ ਜੋਬਨ
ਹੰਝੂਆਂ ਵਿਚ ਤਰਦਾ ਜੋਬਨ
ਮੇਰਾ ਤਰਲੇ ਕਰਦਾ ਜੋਬਨ
ਕੁੱਝ ਤੇਰਾ ਲਗਦਾ ਜੋਬਨ
ਮੇਰਾ ਹੋ ਕੇ ਜੋ ਨਹੀਂ ਮੇਰਾ
ਉਹਦੇ ਹਾਵੇ ਮਰਦਾ ਜੋਬਨ
ਇਹ ਮੇਰੇ ਲਈ ਪਰਾਇਆ
ਹੋਇਆ ਤੇਰਾ ਜੋਬਨ
ਕਿਤੇ ਇਸ ਨੂੰ ਆਹਰੇ ਲਾ ਸੱਜਣਾ
ਚੰਨ ਚੜ੍ਹਿਆ ਘਰ ਆ ਸੱਜਣਾ
ਚੜ੍ਹ ਕੋਠੇ ਤੱਕਦੀ ਰਾਹ ਸੱਜਣਾ
-0-
ਮੇਰੇ ਸੰਗ ਕਦੀ ਜੇ ਹੋਵੇ ਤੂੰ
ਮੇਰਾ ਅੰਗ ਅੰਗ ਨਜ਼ਰੀਂ ਟੋਹੇਂ ਤੂੰ
ਆਪਣੀ ਮਿੱਟੀ ਵਿਚ ਗੋਂਏ ਤੂੰ
ਮੇਰੀ ਮਿੱਟੀ ਹੋਵੇ ਤੂੰ
ਲਵਾਂ ਸਾਹਾਂ ਵਿਚ ਵਸਾ ਸੱਜਣਾ
ਤੇਰਾ ਬੁੱਲ੍ਹੀਂ ਮਲ਼ਾਂ ਦੰਦਾਸਾ
ਥਾਂ ਸੁਰਮੇ ਦੀ ਲਾਂ ਪਾ ਸੱਜਣਾ
ਤੇਰੀ ਦੇਹੀ ਦੀ ਕਰ ਪ੍ਰਕਰਮਾ
ਲਵਾਂ ਆਪਣਾ ਆਪ ਧਿਆ ਸੱਜਣਾ
ਤੈਨੂੰ ਓੜ੍ਹ ਦੁਆਲੇ ਲਾਂ ਆਪਣੇ
ਤੇਰੀ ਰੂਹ ਦੇ ਵਿਚ ਵਸ ਜਾਂ ਸੱਜਣਾ
ਤੈਨੂੰ ਚੁੰਮਾਂ ਪੂਜਾਂ ਸਿਮਰਾਂ ਮੈਂ
ਲਵਾਂ ਮਸਤਕ ਵਿਚ ਜਗਾ ਸੱਜਣਾ
ਖੁਲ੍ਹਾ ਦਰਵਾਜ਼ਾ ਦੇਹੀ ਦਾ
ਤੂੰ ਵਾਂਗ ਸਾਹਾਂ ਆ ਜਾ ਸੱਜਣਾ

-0-

ਤੈਨੂੰ ਘੋਲ ਕੇ ਪੀਲਾਂ ਸਾਰਾ
ਮੈਂ ਪਿਘਲ ਤੇਰੀ ਹੋ ਜਾਂ ਸੱਜਣਾ
ਨਾ ਵਿੱਥ ਰਹੇ ਦੋਹਾਂ ਦੀ
ਨਾ ਰੂਹਾਂ ਦਾ ਅਹਿਸਾਸ ਰਹੇ
ਨਾ ਵਿਛੜਨ ਦਾ ਕੋਈ ਗ਼ਮ ਹੋਵੇ
ਨਾ ਮਿਲਣ ਦਾ ਹੀ ਧਰਵਾਸ ਰਹੇ
ਕਿਸੇ ਐਸੀ ਥਾਂ ਲੈ ਜਾ ਸੱਜਣਾਂ
ਜਿੱਥੇ ਤੂੰ ਦਾ ਤੂੰ ਵਿਚ ਵਾਸ ਰਹੇ

-0-

ਤੈਨੂੰ ਕੋਲ ਬਿਠਾ ਕੇ ਆਪਣੇ
ਨਿੱਘ ਵਿਚ ਪਿਘਲਾ ਕੇ ਆਪਣੇ
ਤੈਨੂੰ ਬੁੱਲ੍ਹਾਂ ਦੇ ਨਾਲ ਲਾਅ ਸੱਜਣਾਂ
ਪੂਰੇ ਕਰਲਾਂ ਦਿਲ ਦੇ ਚਾਅ ਸੱਜਣਾਂ
ਤੈਨੂੰ ਇਕੋ ਡੀਕੇ ਪੀਅ ਜਾਵਾਂ
ਤੇਰੀ ਹੋ ਕੇ ਆਪਾ ਭੁੱਲ ਜਾਵਾਂ
ਮੈਂ ਭਰੀ ਭਰਾਈ ਡੁਲ੍ਹ ਜਾਵਾਂ
ਤੂੰ ਹੱਥ ਲਾਵੇਂ ਮੈਂ ਖੁਲ੍ਹ ਜਾਵਾਂ
ਭੈੜੇ ਦਮ ਦਾ ਕੀ ਵਿਸਾਹ ਸੱਜਣਾ
ਚੰਨ ਚੜ੍ਹਿਆ ਘਰ ਆ ਸੱਜਣਾ
ਚੜ੍ਹ ਕੋਠੇ ਤੱਕਦੀ ਰਾਹ ਸੱਜਣਾ

-0-

# ਸਾਨੂੰ ਘੁੱਟ ਕੇ ਕਲੇਜੇ ਨਾਲ

ਸਾਨੂੰ ਘੁੱਟ ਕੇ ਕਲੇਜੇ ਨਾਲ
ਰਖ ਸੋਹਣਿਆਂ
ਸਾਨੂੰ ਕਰੀਂ ਨਾ ਤੂੰ ਆਪਣੇ ਤੋਂ
ਵਖ ਸੋਹਣਿਆਂ
-0-
ਚੜ੍ਹਦੀ ਜਵਾਨੀ
ਸਿਖ਼ਰ ਦੁਪਹਿਰਾ
ਉਠਦਾ ਹੈ ਪਿੰਡੇ ਵਿਚੋਂ
ਸੇਕ ਗਹਿਰਾ ਗਹਿਰਾ
ਧੁਖਦੇ ਨੇ ਅੰਗ
ਰੂਪ ਮਚ ਮਚ ਜਾਏ
ਝੀਲਾਂ ਦਿਆਂ ਪਾਣੀਆਂ ਨੂੰ
ਅੱਗ ਲਗ ਜਾਏ
ਬੱਦਲ ਕੋਈ ਹਾਣ ਦਾ
ਆ ਮੁਖੜਾ ਵਿਖਾਏ
ਐਸੀ ਝੜੀ ਲਗੇ
ਪਾਣੀਆਂ ਨੂੰ ਲਗੀ ਅੱਗ
ਪਾਣੀ ਹੋ ਜਾਏ
ਅੱਗ ਲਗੀ ਅੱਗ ਦੀ
ਪਿਆਸ ਬੁਝ ਜਾਏ
-0-
ਡੁਲ੍ਹ ਡੁਲ੍ਹ ਪੈਂਦਾ
ਮੇਰਾ ਲਾਲ ਸੂਹਾ ਰੰਗ
ਪਹਾੜੀ ਡੰਡੀ ਟੋਰ
ਲੱਕ ਪਤਲਾ ਪਤੰਗ

ਤੱਕ ਤੱਕ ਜ਼ੁਲਫਾਂ ਨੂੰ
ਪੈਲਾਂ ਪਾਂਦੇ ਮੋਰ
ਅੱਖੀਆਂ ਮਚਾਇਆ
ਦੀਦ ਤੇਰੀ ਦਾ ਸ਼ੋਰ
ਚੀਰਦੀ ਹਨੇਰਿਆਂ ਨੂੰ
ਆਵਾਂ
ਦੀਵਾ ਕੁੱਲੀ ਦਾ
ਜਗਾ ਕੇ ਤੂੰ ਰੱਖ ਸੋਹਣਿਆ
ਭਖਦਾ ਹੈ ਪਿੰਡਾ
ਕਾਂਗੜੀ ਦੇ ਵਾਂਗ
ਮੇਲ੍ਹਦੀ ਹੈ ਗੁੱਤ ਮੇਰੀ
ਨਾਂਗਣੀ ਦੇ ਵਾਂਗ
ਚੜ੍ਹਦੀ ਜਵਾਨੀ
ਲਾਈ ਜਾਂਦੀ ਅੱਗ ਸੋਹਣਿਆਂ
ਮਾਰਦੀ ਫੁੰਕਾਰੇ ਇੱਕ ਸੱਪਣੀ
ਗਲੀ ਦੇ ਵਿੱਚੋਂ ਤਕ ਸੋਹਣਿਆਂ
-0-
ਸਿਮਦੀ ਏ ਅੱਗ
ਚੰਨਾ ਅੰਗ ਅੰਗ 'ਚੋਂ
ਲੁਕਾਇਆਂ ਨਹੀਂ ਲੁਕਾਇਆ ਜਾਂਦਾ
ਭੇਦ ਜਗ ਤੋਂ
ਯਾਦਾਂ ਤੇਰੀਆਂ ਘਟਾ ਬਣ ਛਾਈਆਂ
ਰੁੱਤਾਂ ਚੜ੍ਹਦੀ ਜਵਾਨੀ ਦੀਆਂ ਆਈਆਂ
ਕੰਬਦੀ ਮੈਂ ਪਾਰੇ ਵਾਂਗਰਾਂ
ਸੁੱਕ ਜਾਣ ਨਾ ਇਹ ਝੀਲਾਂ ਤ੍ਰਿਹਾਈਆਂ
ਉਡੀਕਾਂ ਵਿਚ ਮੈਂ ਮਰ ਗਈ
ਹੋ ਨਾ ਜਾਏ ਖਮੀਰਾ ਇਹ ਦੰਦਾਸਾ

ਸੱਜਰੀ ਗਰਾਹੀ ਵਾਂਗੂੰ ਚਖ਼ ਸੋਹਣਿਆਂ
-0-
ਖਲੋੌਣਾ ਪੈਂਦਾ ਜਗ ਸਾਹਵੇਂ
ਲਗੀ ਨੂੰ ਨਿਭਾਉਣ ਲਈ
ਝੂਠੀਆਂ ਸਮਾਜ ਦੀਆਂ
ਰੀਤਾਂ ਰਸਮਾਂ ਮਿਟਾਉਣ ਲਈ
ਜਿੰਦ ਪੈਂਦੀ ਵਾਰਨੀ
ਦਿਲ ਨੂੰ ਵਟਾਉਣ ਲਈ
ਮਿਟਾਉਣਾ ਪੈਂਦਾ ਆਪਾ
ਸੱਜਣਾ ਨੂੰ ਪਾਉਣ ਲਈ
ਠਰ ਗਈ ਮੈਂ ਨਿੱਘ ਭਾਲਦੀ
ਤੇਰੇ ਸੂਰਜੇ ਦੇ ਲਗੀ ਨਾ
ਮੈਂ ਗਲ ਸੋਹਣਿਆਂ
ਸਾਡੀ ਜੁੱਤੀ ਦੀ ਨੋਕ
ਇਸ ਜਗ ਦਾ ਵਸੇਰਾ
ਅਸਾਂ ਵਸਣਾ
ਜਹਾਨ ਨਾਲੋਂ ਵਖ ਸੋਹਣਿਆਂ
-0-
ਸਾਨੂੰ ਘੁੱਟ ਕੇ ਕਲੇਜੇ ਨਾਲ
ਰੱਖ ਸੋਹਣਿਆਂ
ਸਾਨੂੰ ਕਰੀਂ ਨਾ ਤੂੰ ਆਪਣੇ ਤੋਂ
ਵੱਖ ਸੋਹਣਿਆਂ !
-0-

# ਤਾਰਿਆਂ ਦੀ ਛਾਂਵੇ

ਤਾਰਿਆਂ ਦੀ ਛਾਂਵੇ ਬੈਠੀ
ਕਰਾਂ ਤੈਨੂੰ ਯਾਦ
ਪਤਾ ਹੀ ਨਹੀਂ ਲੱਗਾ
ਕਦੋਂ ਹੋਈ ਪ੍ਰਭਾਤ
-0-
ਆਉਂਦਾ ਜਦੋਂ ਚੰਨਾ
ਬੀਤੇ ਦਾ ਖਿਆਲ
ਹੰਝੂਆਂ 'ਚ ਠਾਰਦੀ ਹਾਂ
ਦਿਲ ਦੇ ਉਬਾਲ਼
ਭਾਲਦਾ ਹੈ ਨਿੱਘ ਦਿਲ
ਤੇਰੀ ਹੀ ਆਗੋਸ਼ ਦਾ
ਸੇਕਦੀ ਹਾਂ ਸਿਵਾ
ਹੋਸ਼ ਮੱਧਹੋਸ਼ ਦਾ
-0-
ਸ਼ੀਸ਼ੇ ਸਾਹਵੇਂ ਬੈਠੀ
ਪਈ ਆਪਾਂ ਹਾਂ ਉਧੇੜਦੀ
ਭਰਦੀ ਤ੍ਰੋਪੇ
ਖੂਹ ਅੱਖੀਆਂ ਦੇ ਗੇੜਦੀ
ਲੰਘ ਜਾਂਦੀ ਰਾਤ
ਟਿੱਕੀ ਉੱਗਦੀ ਸਵੇਰ ਦੀ
ਚੜ੍ਹ ਜਾਂਦਾ ਸੂਰਜਾ
ਤੇਰੇ ਵਿਯੋਗ ਦਾ
ਚਿੱਟਾ ਦੁੱਧ ਜਾਪਦਾ ਏ
ਹਨੇਰਾ ਤੇਰੇ ਰੋਗ ਦਾ
-0-

ਯਾਦ ਤੇਰੀ
ਚੰਨ ਜਿਹਾ ਬਾਵਾ ਰੋਂਦਾ
ਬੂਹੇ ਉੱਤੇ ਧਰ ਗਈ
ਅੱਖੀਆਂ ਦੇ ਖਾਲੀ ਖੂਹ
ਹੰਝੂਆਂ ਨਾਲ ਭਰ ਗਈ
ਰਾਤ ਦੀ ਮੈਂ ਦਿਨ ਹੋਈ
ਦਿਨ ਦੀ ਮੈਂ ਰਾਤ ਹੋਈ
ਮੁਕ ਗਏ ਹੁੰਗਾਰੇ ਸਭ
ਮੈਂ ਧੁਖਦੀ ਜਿਹੀ ਬਾਤ ਹੋਈ
ਦਿਸਿਆ ਨਾ ਮੁਖ ਤੇਰਾ
ਬੁਝ ਗਏ ਚਿਰਾਗ
ਸੌਂ ਗਈਆਂ ਹਵਾਵਾਂ
ਹੰਝੂ ਰੋ ਰੋ ਮਲਿਹਾਰ
-0-
ਢਲ਼ ਗਿਆ ਜੋਬਨਾ
ਤੇ ਰੰਗ ਰੂਪ ਸਾਰੇ
ਨੁਚੜੇ ਨੇ ਦੇਹ ਵਿਚੋਂ
ਨਕਸ਼ ਕੁਆਰੇ
ਰਹਿ ਗਿਆ ਪਿੰਜਰਾ
ਹਵਾਵਾਂ ਵਿਚ ਲਟਕਦਾ
ਥਲ ਹੋਈ ਪਿਆਸ ਲਈ
ਬੂੰਦ ਲਈ ਤਰਸਦਾ
ਜ਼ਿੰਦਗੀ ਦੇ ਰਹੇ ਨਾ
ਕਬਰਾਂ ਦੇ ਹੋਏ
ਮਹਿਕਾਂ ਵਿਚ ਜਨਮੇਂ
ਤਸੀਹਾਂ ਵਿਚ ਮੋਏ
-0-

ਘੇਰਿਆ ਹਨੇਰਿਆਂ ਨੇ
ਸੂਰਜਾਂ ਦਾ ਕਾਫ਼ਲਾ
ਵੱਧ ਗਿਆ ਦੇਹੀ ਤੇ ਸਾਹਾਂ ਦਾ ਫਾਸਲਾ
ਪਿੱਠ ਦੇ ਗਈ ਜ਼ਿੰਦਗੀ
ਨਾ ਰਿਹਾ ਮੌਤ ਦਾ ਵੀ ਆਸਰਾ
ਕਰ ਗਿਉਂ ਝੱਲੀ ਰੂਹ ਲੱਭਦੀ ਹੈ ਖੋਲ
ਮਾਰਦੇ ਨੇ ਤਾਨੇ ਲੋਕ ਤੇਰੀ ਬੋਲ ਬੋਲ
ਕਟਾਰ ਜਿਹੇ ਬੋਲਾਂ ਕੀਤੇ ਦਿਲ 'ਚ ਸੁਰਾਖ
ਲਗੀਆਂ ਦੇ ਫੁੱਲ ਚੰਨਾ
ਬਣ ਗਏ ਨੇ ਖ਼ਾਰ
-0-
ਤਾਰਿਆਂ ਦੀ ਛਾਂਵੇ ਬੈਠੀ
ਕਰਾਂ ਤੈਨੂੰ ਯਾਦ
ਪਤਾ ਹੀ ਨਹੀਂ ਲਗਾ
ਕਦੋਂ ਹੋਈ ਪ੍ਰਭਾਤ!
-0-

# ਦੂਰ ਵਸੇਂਦੇ ਸੱਜਣਾਂ

ਦੂਰ ਵਸੇਂਦੇ ਸੱਜਣਾਂ
ਹੁਣ ਪਾ ਵਤਨਾਂ ਵਲ ਫੇਰੀ
ਉਡੀਕਾਂ ਕਰਦੀ ਦੀ
ਉਮਰ ਬੀਤ ਗਈ ਮੇਰੀ
–0–
ਸ਼ੀਸ਼ੇ 'ਚੋਂ ਮਾਂਜਦੀ ਚਿਹਰਾ
ਮੇਰਾ ਚਿਹਰਾ ਸ਼ੀਸ਼ਾ ਹੋਇਆ
ਚਿਹਰੇ 'ਚੋਂ ਆਪਾ ਨਾ ਦਿਸਿਆ
ਆਪਾ ਲਗ ਗਲ਼ ਆਪੇ ਦੇ ਰੋਇਆ
ਅੰਗ ਅੰਗ ਪਿਘਲ ਪਿਘਲ ਕੇ ਮੇਰਾ
ਮੇਰੇ ਪੈਰੀਂ ਵਗਿਆ
ਦੇਹ ਦਾ ਬੁੱਤ ਤਿੜਕਿਆ
ਮਿੱਟੀ ਦੇ ਵਿਚ ਰਲ਼ਿਆ
ਨੀਵੀਂ ਹੋਈ ਤਾਂ ਉਸ ਉੱਚੇ ਦਾ
ਮਸਤਕ ਵਿਚ ਸੂਰਜ ਚੜ੍ਹਿਆ
–0–
ਆਪਣਾ ਖੰਡਰ ਆਪ ਜੋ ਵੇਖੇ
ਆਪਣਾ ਸਿਵਾ ਆਪ ਜੋ ਸੇਕੇ
ਉਹ ਤੁੱਧ ਤਾਈਂ ਭਾਵੇ
ਆਪਣਾ ਆਪਾ ਮੇਟੇ ਪਹਿਲਾਂ
ਫਿਰ ਤੁੱਧ ਤਾਂਈ ਪਾਵੇ
–0–

# ਸ਼ੀਸ਼ੇ ਵਿਚੋਂ

ਸ਼ੀਸ਼ੇ ਵਿਚੋਂ
ਚਿਹਰਾ ਵੇਖਾਂ
ਜੋਬਨਮਤੀ ਜੋਬਨ ਦਾ ਨਿੱਘ ਸੇਕਾਂ
ਆਵੇ ਨੀ ਕੋਈ ਆਣ ਸੰਭਾਲੇ
ਮੇਰੇ ਜੋਬਨ ਵਾਂਗ ਹੀ ਮੱਚੀਆਂ
ਗਜ ਗਜ ਲੰਮੀਆਂ ਵਿਹੜੇ ਦੀਆਂ ਧਰੇਕਾਂ
ਇੰਜ ਹੀ ਮੌਸਮ ਰੁੱਤਾਂ ਆਈਆਂ
ਇੰਜ ਹੀ ਬੱਦਲ ਬਰਸੇ
ਇਕ ਤੂੰ ਨਾ ਆਇਉ
ਰਹੇ ਦੀਦ ਲਈ ਨੈਣ ਤਰਸਦੇ
-0-
ਚਰਖੀ ਡਾਹਾਂ ਕੋਠੀ ਧੜਕੇ
ਪੈਣ ਭੁਲੇਖੇ ਤੇਰੇ
ਚੁੱਪ ਚੁਪੀਤੇ ਕੌਣ ਹੈ ਲੱਗਾ, ਆ ਕੇ ਢਾਕੇ ਮੇਰੇ
ਫਿਰੋਲਦੀ ਹਾਂ ਨਜ਼ਰਾਂ ਦੀਆਂ ਪਰਤਾਂ
ਨਜ਼ਰ ਨਜ਼ਰਾਂ ਦੀ ਹੋ ਕੇ
ਗਿਣਦੀ ਹਾਂ ਅੰਗਾਂ ਨਖਸ਼ਾਂ ਨੂੰ
ਹੱਥਾਂ ਸੰਗ ਟੋਹ ਟੋਹ ਕੇ
ਅੰਤ ਭੁਲੇਖਾ ਹੀ ਸੱਚ ਹੋਇਆ
ਦਰਿਆ ਨਜ਼ਰਾਂ ਦਾ ਤਰਕੇ
ਆਪਣਾ ਆਪ ਸੀ ਢਾਕੇ ਲੱਗਾ
ਆਪਣੇ ਆਪ ਤੋਂ ਡਰਕੇ
-0-
ਕਿੰਜ ਖੁਸ਼ਬੂ ਨੂੰ ਜੰਦਰੇ ਮਾਰਾਂ
ਕਿੰਜ ਲੁਕਾਵਾਂ ਆਪਾ

ਭੌਰਿਆਂ ਦੇ ਦਿਲ ਫੂਕ ਗਿਆ
ਮੇਰੇ ਬੁੱਲ੍ਹਾਂ ਦਾ ਦੰਦਾਸਾ
ਜਾਗ ਪਏ ਕਬਰਾਂ 'ਚੋਂ ਮੁਰਦੇ
ਤੱਕਣ ਲਈ ਮੁੱਖ ਮੇਰਾ
ਤੇਰੇ ਬਾਝ ਉਠਾਏ ਘੁੰਡ ਕਲੀ ਦਾ ਕਿਹੜਾ
ਨੈਣਾਂ ਦੇ ਅੰਗਿਆਰਾਂ ਦਾ ਹੈ
ਕਿਸ ਵਿੱਚ ਸੇਕ ਜਰਨ ਦਾ ਜੇਰਾ
ਤੇਰੇ ਬਿੰਨ ਕੀ ਲਗਦੀ ਮੈਂ ਕਿਸੇ ਦੀ
ਕੋਈ ਕੀ ਲਗਦਾ ਮੇਰਾ
ਇਕੱਲੀ ਕੂੰਜ ਤੇ ਤੂੰ ਪ੍ਰਦੇਸੀ
ਕੀ ਜ਼ਿੰਦਗੀ ਹੈ ਮੇਰੀ
ਤੇਰੇ ਸਦਕਾ ਮੈਂ ਜਿਉਂਦੀ
ਤੇਰੇ ਬਿਨ ਮਿੱਟੀ ਦੀ ਢੇਰੀ
-0-
ਆ ਜਾ ਕਿਧਰੇ ਪੀ ਨਾ ਜਾਵਣ
ਕਾਂ ਬੋਟਾਂ ਦੀ ਜ਼ਰਦੀ
ਲੁੱਟੀ ਜਾਏ ਨਾ ਸਿਖ਼ਰ ਦੁਪਹਿਰੇ
ਰੂਪ ਤੇਰੇ ਦੀ ਬਸਤੀ
ਡੁਲ੍ਹ ਡੁਲ੍ਹ ਪੈਂਦੀ ਅੰਗਾਂ 'ਚੋਂ
ਤਰਲ ਮੁਹੱਬਤ ਤੇਰੀ
ਦੂਰ ਵਸੇਂਦੇ ਸੱਜਣਾ
ਹੁਣ ਪਾ ਵਤਨਾ ਵਲ ਫੇਰੀ!
-0-

## ਥਾਲ ਗਗਨ ਦਾ

ਥਾਲ ਗਗਨ ਦਾ ਚਿਹਰਾ
ਖ਼ੁਸ਼ਬੂ ਧਰਤ ਸੁਗੰਧੀ
ਨੈਣ ਤੇਜ਼ ਸੂਰਜ ਦਾ ਮੇਰੇ
ਹਯਾ ਚੰਦ ਚਾਂਦਨੀ ਸੰਧੀ
ਅਦਾਵਾਂ ਨਖ਼ਰੇ
ਮੌਸਮ ਰੁਤਾਂ ਬਹਾਰਾਂ
ਪੌਣਾਂ ਬਦਲਣ ਰੁਖ ਆਪਣਾ
ਜਦ ਜ਼ੁਲਫ਼ਾਂ ਸਵਾਰਾਂ
ਪੱਥਰ ਰੂਪ ਫੁੱਲਾਂ ਦਾ ਧਾਰਨ
ਜਦ ਮੈਂ ਸੈਨਤ ਮਾਰਾਂ
ਪੈਰ ਧਰਾਂ ਜਿਸ ਥਾਂ 'ਤੇ
ਧੁੱਪਾਂ ਹੋ ਜਾਵਣ ਛਾਂਵਾਂ
-0-
ਤਲ਼ੀਆਂ ਸਮਾਂ ਧਰੇ ਮੇਰੇ ਪੈਰੀਂ
ਜਦ ਧਰਤੀ ਪੈਰ ਟਿਕਾਵਾਂ
ਅੰਬਰ ਕਰੇ ਮੇਰੀ ਪ੍ਰਕਰਮਾ
ਸ਼ਬਦ ਦਾ ਸ਼ਬਦ ਕਹਾਵਾਂ
ਜਿਸ ਕਾਦਰ ਨੂੰ
ਦੁਨੀਆ ਪੂਜੇ
ਮੈਂ ਉਸ ਦਾ ਸਿਰਨਾਵਾਂ
ਕਾਇਨਾਤ ਸਰਿਸ਼ਟੀ ਸਾਰੀ
ਦੇਹ ਮੇਰੀ ਦਾ ਪ੍ਰਛਾਂਵਾਂ
ਮੈਂ ਹੀ
ਕਾਦਰ ਕੁਦਰਤ ਦੀ ਇਕਾਈ
ਮੈਂ ਹੀ

ਜ਼ਰੇ ਜ਼ਰੇ ਵਿਚ ਸਮਾਈ
ਤੇਰੀ ਲਗੀ
ਮੇਰੀ ਬੂੰਦ ਨੂੰ ਸਾਗਰ ਕੀਤਾ
ਜੋਤੋਂ ਜੋਤ ਨਿਰੰਜਨ ਹੋਈ
ਜਦ ਘੁਟ ਇਸ਼ਕ ਦਾ ਪੀਤਾ
ਤੇਰੀ ਜੋਤ ਜਗੀ ਮੇਰੇ ਵਿਚ
ਮੇਰੀ ਜਗਤ ਸਮਾਈ
ਜਗਤ ਜੋਤ 'ਚੋਂ ਸਾਗਰ ਦੀ
ਸਮਝ ਬੂੰਦ ਨੂੰ ਆਈ
ਮੈਂ ਬਿੰਦੂ ਤੋਂ ਦਾਇਰਾ ਹੋਈ
ਸਾਹਿਰਾ ਤੋਂ ਹੋਈ ਸਾਗਰ
ਸਾਗਰ ਤੋਂ ਹੋਈ ਸਹਿਰਾ
ਸਾਗਰ ਸਾਹਿਰਾ ਦਾ ਸੱਚ ਜਾਤਾ
ਆਪਣਾ ਕੂੜ ਪਛਾਤਾ
ਤੂੰ ਮੈਨੂੰ ਸ਼ੁੱਧ ਕਰਕੇ
ਆਪਣੇ ਗਲ਼ ਨਾਲ ਲਾਇਆ
ਤੂੰ ਮੇਰੀ ਮੈਂ 'ਚ ਉਤਰ ਆਇਆ
ਮੈਂ ਰਹੀ ਨਾ
ਤੇਰੀ ਹੋਈ
ਤੇਰੇ ਬਿਨ ਹੋਰ ਨਾ ਕੋਈ
-0-
ਦੂਰ ਵਸੇਂਦੇ ਸੱਜਣਾ
ਹੁਣ ਪਾ ਵਤਨਾ ਵਲ ਫੇਰੀ
ਉਡੀਕਾਂ ਕਰਦੀ ਦੀ
ਉਮਰ ਬੀਤ ਗਈ ਮੇਰੀ
-0-

# ਪੱਤਿਆਂ ਦੀ ਖੜ ਖੜ

ਪੱਤਿਆਂ ਦੀ ਖੜ ਖੜ ਵੇ
ਸਾਡੇ ਵਿਹੜੇ ਆ ਵੜ੍ਹ ਵੇ
ਕਦੀ ਤੱਕਾਂ ਬਾਰੀ 'ਚੋਂ
ਕਦੀ ਬੂਹੇ ਵਿਚ ਖੜ੍ਹ-ਖੜ੍ਹ ਵੇ
-0-
ਹਾਰ ਸ਼ਿੰਗਾਰ ਲਾਅ
ਕੇਸਾਂ ਨੂੰ ਸੰਵਾਰਾ ਮੈਂ
ਵੇਸਣ ਦਾ ਮਲ ਵਟਨਾ
ਅੰਗ ਨਖਸ਼ ਨਿਖਾਰਾਂ ਮੈਂ
ਮੋਕਲੇ ਅੰਗਾਂ 'ਚੋਂ
ਇਸ਼ਾਰੇ ਕਰਨ ਬਹਾਰਾਂ
ਮੈਂ ਭਿਜ ਭਿਜ ਸਾਵਨ 'ਚ
ਅੰਗ ਤਪਦੇ ਠਾਰਾਂ
ਗਲ ਲਗ ਲਗ ਰੁੱਖਾਂ ਦੇ
ਕਸ ਚੜ੍ਹੀ ਉਤਾਰਾਂ
ਤੇਰੇ ਸੁਫ਼ਨੇ ਲੈ ਲੈ ਮੈਂ ਪਈ ਉਮਰ ਗੁਜ਼ਾਰਾਂ
-0-
ਆਪਣੇ ਹੀ ਸਾਏ 'ਚੋਂ
ਤੇਰਾ ਭਰਮ ਭਾਲਦੀ ਹਾਂ
ਨੈਣਾਂ 'ਚ ਛੁਪਾ ਤੈਨੂੰ ਨੈਣਾਂ 'ਚੋਂ ਭਾਲਦੀ ਹਾਂ
ਜਿਉਂਦੀ ਹਾਂ ਤੇਰੇ ਲਈ ਆਪਣੇ ਲਈ ਮੋਈ ਹਾਂ
ਮੈਂ ਕਿਰਨ ਸਾਂ ਸੂਰਜ ਦੀ
ਪਰ ਮੈਲ਼ੀ ਹੋਈ ਹਾਂ
ਆਪਣੀ ਰਹੀ ਨਾ
ਤੇਰੀ ਹੋਈ ਹਾਂ

ਹੱਥੀਂ ਲਾਈ ਦੀ ਪੀੜ ਸਹਾਰਾਂ ਮੈਂ
ਇਕ ਬੂੰਦ ਦੇ ਕਤਰੇ 'ਚ
ਸਾਗਰ ਪਈ ਉਤਾਰਾਂ ਮੈਂ
ਆਪੇ 'ਚੋਂ ਜਨਮੇ ਆਪੇ ਦਾ
ਪਈ ਭਰਾਂ ਹੁੰਗਾਰਾ ਮੈਂ
ਤੱਕ ਚਿਹਰਾ ਸ਼ੀਸ਼ੇ 'ਚੋਂ
ਤੜਪੀ ਪਛਤਾਈ ਮੈਂ
ਆਪਣੇ ਆਪ ਨੂੰ ਲੱਗੀ
ਆਪ ਪਰਾਈ ਮੈਂ
-0-
ਦਿਲ 'ਚੋਂ ਚੰਨ ਚੜ੍ਹਿਆ
ਬੂਹੇ ਨੈਣਾਂ ਦੇ ਆ ਖੜ੍ਹਿਆ
ਜਦ ਡਿੱਠਾ ਸ਼ੀਸ਼ੇ 'ਚੋਂ ਅੱਥਰੂ ਸੀ
ਨਹੀਂ ਸੈਂ ਤੂੰ
ਮੈਂ ਥੱਕ ਗਈ ਜਿੰਦੜੀਏ
ਕੱਤ ਕੱਤ ਤੇਰਾ ਰੂੰ
ਵਲ਼ ਪੈ ਗਏ ਤਕਲ਼ੇ ਨੂੰ
ਟੁੱਟੀ ਮਾਲ੍ਹ ਨਾ ਗੰਢੀ ਤੂੰ
-0-
ਅਧੂਰੀ ਕਿ ਸਾਬਤ ਹਾਂ
ਆਪਾ ਮਿਣਦੀ ਹਾਂ
ਮੇਖਾਂ ਲਾ ਲਾ ਕੇ ਅੰਗ ਆਪਣੇ ਗਿਣਦੀ ਹਾਂ
ਹਰ ਵਾਰੀ ਭੁਲ ਜਾਵਾਂ
ਮੈਂ ਗਿਣਤੀ ਅੰਗਾਂ ਦੀ
ਹੈ ਮਨਫ਼ੀ ਮੇਰੇ 'ਚੋਂ ਤੇਰੇ ਰੰਗ ਦੇ ਰੰਗਾਂ ਦੀ
ਇਸ ਲਈ ਅਧੂਰੀ ਹਾਂ ਮਨਫੀ ਹਾਂ ਤੇਰੇ 'ਚੋਂ
ਤੈਨੂੰ ਕੁੱਝ ਵੀ ਨਹੀਂ ਦਿਸਦਾ ਆਪਣਾ ਮੇਰੇ 'ਚੋਂ

ਤੇਰੇ ਹਾਣ ਦੀ ਹੋਵਣ ਲਈ
ਕਦੀ ਆਪਾ ਭਰਦੀ ਹਾਂ
ਕਦੀ ਖਾਲੀ ਕਰਦੀ ਹਾਂ
ਕਦੀ ਖਾਲੀ ਵਿਚ ਡੁਬਦੀ ਹਾਂ
ਕਦੀ ਭਰਿਆ ਤਰਦੀ ਹਾਂ
ਕਿਤੇ ਆਪਾ ਧਰਕੇ ਮੈਂ
ਭੁਲ ਜਾਂਦੀ ਲਗਦੀ ਹਾਂ
ਮੈਨੂੰ ਪਤਾ ਨਹੀਂ ਲਗਦਾ
ਮੈਂ ਕੀ ਪਈ ਕਰਦੀ ਹਾਂ
–0–
ਅੱਡ ਹੋ ਕੇ ਤੇਰੇ ਤੋਂ
ਤੇਰੇ ਵਿਚ ਗੁੱਝਦੀ ਹਾਂ
ਕਦੀ ਜਗ ਜਗ ਬੁਝਦੀ ਹਾਂ
ਤੇਰੇ ਵਿਚ ਗੁੱਝਣ ਦਾ
ਚਾਅ ਚੜ੍ਹਿਆ ਵੱਧ ਵੱਧ ਕੇ
ਮੈਨੂੰ ਲੋਕ ਪਹਿਚਾਨਣ ਨਾ
ਤੇਰੀ ਆਖਣ ਖੜ੍ਹ ਖੜ੍ਹ ਕੇ
–0–
ਪੱਤਿਆਂ ਦੀ ਖੜ ਖੜ ਵੇ
ਸਾਡੇ ਵਿਹੜੇ ਆ ਵੜ ਵੇ
ਕਦੀ ਤੱਕਾਂ ਬਾਰੀ 'ਚੋਂ
ਕਦੀ ਬੂਹੇ ਵਿਚ ਖੜ੍ਹ ਖੜ੍ਹ ਵੇ!
–0–

# ਕਦੀ ਪਾ ਵਤਨਾ ਵਲ ਫੇਰੇ

ਕਦੀ ਪਾ ਵਤਨਾ ਵਲ ਫੇਰੇ
ਦਿਲ ਨਹੀਂ ਲਗਦਾ ਬਿਨ ਤੇਰੇ
–0–
ਕਦੀ ਦਿਲ ਰੋਵੇ ਕਦੀ ਮੈਂ ਰੋਵਾਂ
ਕਦੀ ਰੋਵਣ ਸ਼ਾਮ ਸਵੇਰਾ
ਅੱਖੀਆਂ ਦੀ ਠਰਦੀ ਭੱਠੀ
ਹੰਝੂਆਂ ਦੇ ਪਰਾਗੇ ਤੇਰੇ
–0–
ਬਿਨ ਤੇਰੇ ਜਿਉਦੀ ਮੋਈ
ਦੇਹ ਕਬਰਾਂ ਦੀ ਮਿੱਟੀ ਹੋਈ
ਤੈਨੂੰ ਅੰਬਰੀ ਭਾਲਣ ਨਿਕਲੇ
ਅੱਖੀਆਂ ਦੇ ਪੰਖੇਰੂ ਮੇਰੇ
–0–
ਮੇਰਾ ਪੁਰਜਾ ਪੁਰਜਾ ਕੀਤੋਈ
ਮੇਰੇ ਜਿਗਰ ਦਾ ਲਹੂ ਪੀਤੋਈ
ਮੇਰੇ ਰੂਪ ਦਾ ਸਾਗਰ ਪਾ ਸੁੱਕਣੇ
ਥਲ ਧਰ ਗਿਉਂ ਦਿਲ ਦੇ ਵਿਹੜੇ
–0–
ਅੱਖੀਆਂ ਸਰਦਲ ਹੋਈਆਂ
ਤਾਂਘਾ ਪਰਬਤ ਹੋਈਆਂ
ਬੂਹਾ ਮਲ ਕਲੇਜਾ ਬੈਠਾ
ਕਦ ਚੰਨ ਚੜ੍ਹੇਗਾ ਵਿਹੜੇ
–0–
ਤੂੰ ਕੀ ਹੋਇਉ ਨਜ਼ਰੋਂ ਓਹਲੇ
ਉਡ ਗਏ ਕਬੂਤਰ ਗੋਲੇ

ਤੈਨੂੰ ਭਾਲਦੀਆਂ ਪੌਣਾਂ ਨੂੰ
ਨਾ ਲੱਭੇ ਸਿਰਨਾਵੇਂ ਤੇਰੇ
-0-
ਕਦੀ ਪਾ ਵਤਨਾਂ ਵਲ ਫੇਰੇ
ਦਿਲ ਨਹੀਂ ਲੱਗਦਾ ਬਿਨ ਤੇਰੇ
-0-

## ਨਚ ਲਿਆ ਅਸਾਂ

ਨਚ ਲਿਆ ਅਸਾਂ
ਸਾਨੂੰ ਇਸ਼ਕ ਨਚਾਇਆ
ਕੱਖ ਹੋ ਕੇ ਗਲ਼ੀਆਂ ਦੇ
ਅਸਾਂ ਤੈਨੂੰ ਪਾਇਆ
-0-
ਵੈਰੀ ਹੋਇਆ
ਆਪਣਾ ਹੀ ਰੰਗ ਰੂਪ ਸਾਡਾ
ਆਪ ਹੀ ਤਮਾਸ਼ਾਈ ਅਸੀਂ
ਆਪ ਹੀ ਤਮਾਸ਼ਾ
ਆਪਣੇ ਹੀ ਘਰ ਬੇਗਾਨੇ ਹੋਏ ਜੀਆਂ ਤਾਈਂ
ਘਰ ਦੀਆਂ ਨੀਹਾਂ ਤਾਂਈ
ਕੰਧਾਂ ਛਤਾਂ ਵਿਹੜਾ ਬੂਹਾ
ਕਿਹੜਾ ਕੋਈ ਪਹਿਚਾਣਦਾ ਹੈ
ਪਾਣੀ ਹੋਏ ਰਿਸ਼ਤੇ ਨੂੰ
ਲਹੂ ਨਾ ਲਹੂ ਦਾ ਰੰਗ ਹੀ ਸਿਆਣਦਾ ਹੈ
-0-
ਗੁਆਚ ਜਾਏ ਜਦ ਆਪਣੀਆਂ ਅੱਖਾਂ ਵਿਚ
ਆਪਣਾ ਹੀ ਚਿਹਰਾ
ਅਜਨਬੀ ਉੱਗ ਪਏ ਦੁਆਲੇ
ਚੁੱਪ ਧਾਰ ਲੈਂਦਾ ਚਾਰ ਚੁਫੇਰਾ
ਕੀ ਕਰੇ ਕੋਈ ਕਿੱਥੇ ਜਾਏ
ਮੌਤ ਜਿਉਂਦਾ
ਕਿੰਨ੍ਹਾਂ ਚਿਰ ਬੰਦਾ
ਜਿਉਂਦੇ ਰਹਿਣ ਦਾ ਭਰਮ ਹੰਢਾਏ
-0-

ਇਸ਼ਕੇ ਨੂੰ
ਅਸਾਂ ਰੱਬ ਜਾਣਿਆਂ
ਬ੍ਰਿਹਾ ਦੀ ਅੱਗ 'ਚੋਂ
ਆਪਣਾ ਆਪਾ ਪਹਿਚਾਣਿਆਂ
ਤੇਰੇ ਹੋ ਕੇ
ਸਾਡੀ ਮਿਟ ਗਈ ਸਿਆਣ
ਜਾਣਦਾ ਹੈ ਸਾਨੂੰ
ਤੇਰੇ ਕਰਕੇ ਜਹਾਨ
ਅਸਾਂ ਜੋ ਵੀ ਪਾਇਆ
ਬਸ ਆਪਾ ਹੈ ਗਵਾਇਆ
ਪਾਇਆ ਵੀ ਨਾ ਹੋਇਆ ਸਾਡਾ
ਸਾਡਾ ਹੋਇਆ ਸਾਡੇ ਲਈ ਪਰਾਇਆ
ਚਾਹਤ ਨਾ ਰਹੀ
ਚਾਹੁੰਣ ਵਾਲੇ ਵੀ ਨਾ ਰਹੇ
ਮਿੱਟੀ ਐਵੇਂ ਭਾਰ
ਮਿੱਟੀ ਦਾ ਉਠਾਇਆ
ਮਿੱਟੀ ਹੋਇਆ ਬਾਵਾ
ਮਿੱਟੀ ਜੋ ਬਣਾਇਆ

-0-

ਵਾਅਦੇ ਵਫ਼ਾ ਕਲਮਾਂ
ਕਦ ਕੋਈ ਨਿਭਾਉਂਦਾ ਹੈ
ਆਪੇ ਸੰਗ ਰੁਸਦਾ
ਤੇ ਆਪੇ ਨੂੰ ਮਨਾਉਂਦਾ ਹੈ
ਕਿਸੇ ਦਾ ਕੀ ਹੋਣਾ ਕਿਸੇ
ਕਿਸੇ ਦੇ ਹੋਣ ਦਾ ਭੁਲੇਖਾ
ਆਪਣੇ ਆਪ ਨੂੰ ਪਾਉਂਦਾ ਹੈ
ਭਰਮ ਦੀ ਜੂੰਨ

ਸੱਚ ਜਾਣ ਕੇ ਹੰਢਾਉਂਦਾ ਹੈ
ਆਦਮੀ ਨੂੰ ਆਦਮੀ
ਕਦੀ ਵੀ ਨਹੀਂ ਮਿਲਿਆ
ਆਦਮੀ ਲਈ ਆਦਮੀ
ਸਾਇਆ ਪਿੱਛੇ ਭਾਉਂਦਾ ਹੈ
ਕਦ ਕੋਈ ਹੁੰਦੈ ਜਗ ਵਿਚ ਕਿਸੇ ਦਾ
ਗਰਜ ਨਾਲ
ਆਪਣਾ ਕੋਈ ਕਿਸੇ ਨੂੰ ਬਣਾਉਂਦਾ ਹੈ
-0-
ਛਾਲਾ ਹੈ ਧਰਤੀ
ਅੱਗ ਅਸਮਾਨ ਹੈ
ਕਬਰਾਂ ਹੈ ਜ਼ਿੰਦਗੀ
ਮੁਰਦਾ ਜਹਾਨ ਹੈ
ਹਵਾਵਾਂ ਵਿਚ ਬਲ਼ਦਾ
ਕੋਈ ਦੀਵਾ ਟਾਵਾਂ ਟਾਵਾਂ
ਕੋਈ ਕੋਈ ਘਰ ਹੈ
ਦੁਨੀਆ ਦੀ ਨਗਰੀ 'ਚ
ਹੈ ਜਿਦ੍ਹਾ ਸਿਰਨਾਵਾਂ
ਉਂਝ ਸਾਰੇ ਜਗ ਵਿਚ
ਬੰਦਿਆਂ ਦੀ ਭੀੜ ਹੈ
ਨਾ ਕੋਈ ਰੰਗ ਹੈ
ਨਾ ਕੋਈ ਤਸਵੀਰ ਹੈ
ਭੀੜ ਵਿਚ
ਇਕ ਅੱਧ ਬੰਦਾ ਹੀ ਅਖੀਰ ਹੈ
-0-
ਜ਼ਿੰਦਗੀ ਹੈ ਕੈਨਵਸ
ਧੱਬਿਆਂ ਨਾਲ ਭਰੀ ਹੈ

ਸੜਕਾਂ ਬਜ਼ਾਰਾਂ ਵਿਚ
ਰੌਣਕਾਂ ਦੀ ਝੜੀ ਹੈ
ਹਰ ਇਕ
ਲਾਸ਼ ਮੋਢੀ ਆਪਣੀ ਹੀ ਧਰੀ ਹੈ
ਵੇਖਣਾ ਸੀ ਜਗ
ਜਗ ਆਪਾ ਹੀ ਵਿਖਾ ਗਿਆ
ਨਚ ਲਿਆ
ਸਾਨੂੰ ਇਸ਼ਕ ਨਚਾਇਆ
ਕੱਖ ਹੋ ਕੇ ਗਲੀਆਂ ਦੇ
ਅਸਾਂ ਤੈਨੂੰ ਪਾਇਆ
-0-

# ਤੇਰੀਆਂ ਮੁਹੱਬਤਾਂ 'ਚ

ਤੇਰੀਆਂ ਮੁਹੱਬਤਾਂ 'ਚ
ਦਿਲ ਅਸਾਂ ਹਾਰਿਆਂ
ਸਾਡੀਆਂ ਵਫਾਵਾਂ ਦਾ
ਤੂੰ ਕੀ ਮੁੱਲ ਤਾਰਿਆ
-0-
ਸਾਨੂੰ ਛਡ ਅੱਧਵਾਟੇ
ਲਭ ਲਏ ਤੂੰ ਕਿਨਾਰੇ
ਠੇਲ੍ਹਿਆਂ ਤੂਫਾਨਾਂ ਵਿਚ
ਸਾਨੂੰ ਕਿਹੜੇ ਤੂੰ ਸਹਾਰੇ
ਅਸਾਂ ਛਡਿਆਂ ਜਹਾਨ
ਤੈਨੂੰ ਰੱਬ ਜਾਣ
ਕਿਸੇ ਪਾਸੇ ਨਾ ਲਗੇ
ਤੇਰੇ ਲਾਰਿਆਂ ਦੇ ਠੱਗੇ
ਅਸੀਂ ਬੁਝੇ ਹੋਏ ਚਿਰਾਗ
ਰੱਖੇ ਆਲ਼ਿਆਂ 'ਚ ਕਿਹੜਾ
ਲਹੂ ਸੁੱਕ ਗਿਆ ਸਾਡਾ
ਰਾਹ ਤੱਕ ਤੱਕ ਤੇਰਾ
-0-
ਛਡ ਗਿਉਂ ਇਕੱਲੀ
ਕਲੀ ਦਿਲ ਦੀ ਮਰੋੜ ਕੇ
ਕੱਚ ਦਾ ਖਿਡਾਉਣਾ
ਪੱਥਰਾਂ ਨਾਲ ਤੋੜ ਕੇ
ਜੋਤ ਜੇ ਪਿਆਰ ਦੀ
ਜਗਦੀ ਬੁਝਾਉਣੀ ਸੀ
ਦਿਲ ਵਿਹੜੇ ਸਾਡੇ ਚੰਨਾ

ਫੇਰੀ ਕਾਹਨੂੰ ਪਾਉਣੀ ਸੀ
-0-
ਮਾਰਦੇ ਨੇ ਤਾਨੇ ਲੋਕ
ਹਿੱਕ ਸਾਡੀ ਸਾੜਦੇ
ਜੀਉਂਦੇ ਜੀ ਹੀ ਟੁਰ ਗਿਉਂ
ਸਿਵਾ ਸਾਡਾ ਬਾਲ਼ ਕੇ
ਆਪਣਾ ਹੀ ਚਿਹਰਾ
ਅਸਾਂ ਹੱਥਾਂ 'ਚ ਲੁਕਾ ਲਿਆ
ਦਿਲ ਵਟੇ ਰੋਣਾਂ ਗਲ਼
ਉਮਰਾ ਦਾ ਪਾ ਲਿਆ
ਮਿਲੀ ਏ ਸਜ਼ਾ
ਅੱਖਾਂ ਤੇਰੇ ਨਾਲ ਲਾਉਣ ਦੀ
ਤੇਰੇ ਪਿੱਛੇ ਭਜ
ਤੈਨੂੰ ਆਪਣਾ ਬਣਾਉਣ ਦੀ
-0-
ਛਡਕੇ ਤੂੰ ਸਾਨੂੰ
ਭਾਵੇਂ ਹੋ ਗਿਆ ਹੈ ਗੈਰ
ਮੰਗਦਾ ਰਹੂ ਦਿਲ
ਸਦਾ ਤੇਰੀ ਖੈਰ
ਯੁੱਗ ਯੁੱਗ ਜੀਵੇ
ਸਾਨੂੰ ਧੁਖਣੇ ਜੋ ਲਾ ਗਿਆ
ਛੱਲਾਂ ਨੇ ਕੀ ਡੋਬਣਾ ਸੀ
ਸਾਨੂੰ ਡੋਬਿਆਂ ਕਿਨਾਰਿਆ
ਤੇਰੀ ਮੁਹੱਬਤਾਂ 'ਚ
ਦਿਲ ਅਸਾਂ ਹਾਰਿਆ
ਸਾਡੀਆਂ ਵਫਾਵਾਂ ਦਾ
ਤੂੰ ਕੀ ਮੁੱਲ ਤਾਰਿਆ

-0-

ਚਿਹਰੇ ਉੱਤੇ ਦਿਸਦੇ ਨੇ
ਵਾਦਿਆਂ ਦੇ ਦਾਗ
ਜਗ ਜਗ ਬੁਝ ਗਏ
ਸਾਹਾਂ ਦੇ ਚਿਰਾਗ
ਡਿਗਦੇ ਨੇ ਹੰਝੂ ਜਿੱਥੇ ਚੰਨਾ ਮੇਰੇ
ਝਾਕਦੇ ਨੇ ਕੌਲ ਤੇ ਇਕਰਾਰ ਉੱਥੋਂ ਤੇਰੇ
ਤੈਨੂੰ ਆਪਣਾ ਬਣਾ ਕੇ
ਵੈਰੀ ਜਗ ਨੂੰ ਬਣਾ ਲਿਆ
ਜੋਤ ਤੇਰੀ ਬਾਲ਼
ਦੀਵਾ ਆਪਣਾ ਬੁਝਾ ਲਿਆ

-0-

ਤੇਰੀਆਂ ਮੁਹੱਬਤਾਂ 'ਚ
ਦਿਲ ਅਸਾਂ ਹਾਰਿਆ
ਸਾਡੀਆਂ ਵਫਾਵਾਂ ਦਾ
ਤੂੰ ਕੀ ਮੁੱਲ ਤਾਰਿਆ

-0-

# ਬਹਿ ਜਾ ਸਾਡੇ ਕੋਲ

ਬਹਿ ਜਾ ਸਾਡੇ ਕੋਲ
ਦੁਖ ਸੁਖ ਫੋਲ
ਸਾਡੀ ਵੀ ਸੁਣ
ਕੁੱਝ ਆਪਣੀ ਵੀ ਬੋਲ
-0-
ਹੋਣਾ ਨਹੀਂ ਗੁਜ਼ਾਰਾ
ਇੰਜ ਚੁੱਪ ਧਾਰ ਕੇ
ਸੀਨੇ 'ਚ ਪਹਾੜ
ਗ਼ਮਾਂ ਦੇ ਉਤਾਰ ਕੇ
ਹੰਝੂਆਂ 'ਚ ਆਪਾ
ਆਪਣਾ ਉਬਾਲ ਕੇ
ਆਪਣਾ ਹੀ ਸੱਚ
ਸੂਲ਼ੀ ਆਪਣੀ 'ਤੇ ਚਾੜ੍ਹ ਕੇ
ਦਿਲ ਦੀਆਂ ਗੰਢਾਂ
ਜ਼ਰ੍ਹਾ ਅੱਖੀਆਂ ਨਾਲ ਖੋਲ੍ਹ
ਬਹਿ ਜਾ ਸਾਡੇ ਕੋਲ
ਦੁਖ ਸੁਖ ਫੋਲ
ਸਾਡੀ ਵੀ ਸੁਣ
ਕੁੱਝ ਆਪਣੀ ਵੀ ਬੋਲ
-0-
ਲੈਂਦੀ ਰਹਿੰਦੀ ਜਿੰਦ
ਸਦਾ ਤੇਰੀ ਕਨਸੋਅ
ਸਾਡੇ ਵਿਚੋਂ ਆਵੇ
ਸਾਨੂੰ ਤੇਰੀ ਖ਼ੁਸ਼ਬੂ
ਆਪਣਾ ਬਣਾਇਆ ਸਾਨੂੰ

ਤੂੰ ਵੀ ਸਾਡਾ ਹੋ
ਤੇਰੀ ਇੱਕ ਤੱਕਣੀ ਲਈ
ਪਿਆਸੀ ਸਾਡੀ ਰੂਹ
ਦਿਲ ਵਿਚ ਯਾਦ ਤੇਰੀ
ਅੱਖੀਆਂ 'ਚ ਤੂੰ
-0-
ਲੰਘ ਜਾਨੈ ਗਲੀ ਵਿਚੋਂ
ਨੀਵੀਆਂ ਤੂੰ ਪਾਅ
ਅੱਗ ਸਾਡੇ ਸੀਨੇ ਵਿਚ
ਵਸਲਾਂ ਦੀ ਲਾਅ
ਅੱਖੀਆਂ 'ਚ ਅੱਖੀਆਂ
ਪਾ ਲੈ ਇਕ ਵਾਰ
ਮੱਖਣੀ ਹੈ ਦੇਹ ਸਾਡੀ
ਤੂੰ ਹੈ ਅੰਗਿਆਰ
ਆਪਣੇ ਵਜੂਦ ਵਿਚ
ਸਾਡਾ ਆਪਾ ਢਾਲ
ਬੱਤੀ ਸਾਡੀ ਜਿੰਦ
ਦੀਵੇ ਆਪਣੇ 'ਚ ਬਾਲ
ਬੰਦ ਦਰਵਾਜ਼ਾ
ਦਿਲ ਆਪਣੇ ਦਾ ਖੋਲ
ਬਹਿ ਜਾ ਸਾਡੇ ਕੋਲ
ਦੁਖ ਸੁਖ ਫੋਲ
ਸਾਡੀ ਵੀ ਸੁਣ
ਕੁੱਝ ਆਪਣੀ ਵੀ ਬੋਲ
-0-
ਰਾਤਾਂ ਦੀ ਇਕੱਲ
ਤੇਰੇ ਨੈਣ ਮੈਨੂੰ ਘੇਰ ਦੇ

ਖਿੜਦੇ ਨੇ ਫੁੱਲ ਨੈਣੀਂ
ਸੱਜਰੀ ਸਵੇਰ ਦੇ
ਮੁਖ ਮੇਰਾ ਚੁੰਮਦੇ ਨੇ
ਤੁਪਕੇ ਤ੍ਰੇਲ ਦੇ
ਘੋਲਦੇ ਨੇ ਰੰਗ
ਗੁਲਾਬੀ ਤੇਰੇ ਚਿਹਰੇ ਦਾ
ਜਗਦੈ ਚਿਰਾਗ ਮੱਥੇ
ਮੁਖ ਤੇਰੇ ਦਾ
ਤੋੜ ਚੁੱਪ ਆਪਣੀ
ਤੇ ਚੁਪ ਲਈ ਹੀ ਬੋਲ
-0-
ਬਹਿ ਜਾ ਸਾਡੇ ਕੋਲ
ਦੁਖ ਸੁਖ ਫੋਲ
ਸਾਡੀ ਵੀ ਸੁਣ
ਕੁਝ ਆਪਣੀ ਵੀ ਬੋਲ!
-0-

## ਜ਼ਹਿਰ ਮਹੁਰੇ ਹਾਸਿਆਂ

ਲੁਟਿਐ ਹੈ ਸਾਨੂੰ
ਸਾਡੀਆਂ ਬਹਾਰਾਂ
ਜ਼ਹਿਰ ਮਹੁਰੇ ਹਾਸਿਆਂ
ਅੱਖੀਆਂ ਕਟਾਰਾਂ
-0-
ਆਪਣਾ ਬਣਾ ਕੇ
ਭੁਲ ਗਏ ਉਹ
ਚਾਂਦੀ ਦਿਆਂ ਪੱਲਿਆਂ 'ਚ
ਤੁਲ ਗਏ ਉਹ
ਮਹਿਕਾਂ ਛਡ
ਕੰਡਿਆਂ 'ਤੇ ਡੁਲ੍ਹ ਗਏ ਉਹ
ਮਾਰੀਆਂ ਸੀ ਗੰਢਾਂ
ਜਿਨ੍ਹਾਂ ਪਿਆਰ ਦੀਆਂ ਪੀਡੀਆਂ
ਅੰਬਰਾਂ ਤੋਂ ਉੱਚੀਆਂ
ਮੁਹੱਬਤਾਂ ਸੀ ਕੀਤੀਆਂ
ਕੀਤੇ ਹੋਏ ਕੌਲਾਂ
ਇਕਰਾਰਾਂ ਨੂੰ ਵਿਸਾਰ ਗਏ
ਮਿੱਟੀ ਦਿਆਂ ਘਰਾਂ ਦੀਆਂ
ਰੌਣਕਾਂ ਉਜਾੜ ਗਏ
ਗਿਲਾ ਕੀ ਰਕੀਬਾਂ ਉੱਤੇ
ਦਿਤਾ ਦਗਾ ਦਿਲਦਾਰਾਂ
ਲੁਟਿਐ ਸਾਨੂੰ
ਸਾਡੀਆਂ ਬਹਾਰਾਂ
ਜ਼ਹਿਰ ਮਹੁੱਰੇ ਹਾਸਿਆਂ
ਅੱਖੀਆਂ ਕਟਾਰਾਂ

-0-

ਵਿਖਾ ਕੇ ਸਾਨੂੰ ਸਬਜ਼ਾਂ
ਉਜਾੜਾਂ 'ਚ ਉਤਾਰਿਆ
ਚਟ ਲਿਆ ਲਹੂ
ਸੂਰਜੇ ਨੂੰ ਠਾਰਿਆ
ਚਾੜ੍ਹ ਗੁੱਡੀ ਅੰਬਰਾਂ 'ਤੇ
ਖਿੱਚ ਲਿਆ ਡੋਰ ਨੂੰ
ਸੁਗੰਧੀਆਂ ਬਹਾਨੇ
ਕਲੀ ਖਾ ਲਿਆ ਭੌਰ ਨੂੰ

-0-

ਛਡ ਸਾਡਾ ਆਲ੍ਹਣਾ
ਤੂੰ ਮਾਰੀਆਂ ਉਡਾਰੀਆਂ
ਚੁੱਪ ਤੇ ਹਯਾ ਪਿੱਛੇ
ਕਰੇ ਬਦਕਾਰੀਆਂ
ਦੇਹ ਦੇ ਵਿਉਪਾਰੀਆਂ 'ਚ
ਲਾਉਂਦੀ ਫਿਰੇ ਤਾਰੀਆਂ
ਨੰਗੇਜ਼ ਦੇ ਬਜ਼ਾਰੀ ਫਿਰੇਂ
ਹਾਸਿਆਂ ਨੂੰ ਵੇਚਦੀ
ਰੌਣਕਾਂ ਦੀ ਰੌਣਕ ਤੂੰ
ਹਰ ਇਕ ਸੇਜ਼ ਦੀ
ਮੰਗਦੇ ਨਾ ਪਾਣੀ
ਮਾਰੇ ਤੇਰੀਆਂ ਅਦਾਵਾਂ ਦੇ
ਬਦਲੇ ਇਸ਼ਾਰੇ ਨਾਲ
ਰੁਖ਼ ਤੂੰ ਹਵਾਵਾਂ ਦੇ

-0-

ਪਰਦਾ ਨਾ ਕੋਈ
ਤੇਰਾ ਨੰਗਾ ਅੰਗ ਅੰਗ

ਤਲ਼ੀ ਤੇ ਟਿਕਾਈ ਫਿਰੇਂ
ਆਪਣੀ ਤੂੰ ਸੰਗ
ਹਰ ਰੰਗ ਉੱਤੇ ਚਾੜ੍ਹੇ
ਆਪਣਾ ਤੂੰ ਰੰਗ
ਚਟਾ ਕੇ ਪਹਿਲਾਂ ਸ਼ਹਿਦ
ਮਾਰੇ ਪਿੱਛੋਂ ਡੰਗ
ਬੁਲ੍ਹ ਰੰਗੇ ਲਹੂ ਨਾਲ
ਤੇਰੀਆਂ ਬਹਾਰਾਂ ਦੇ
ਸੂਲ਼ੀ ਉੱਤੇ ਸਿਰ ਟੰਗੇ
ਤੇਰੇ ਸ਼ਾਹ ਸਵਾਰਾਂ ਦੇ
ਖੁਸ਼ ਰਹੇ ਆਬਾਦ ਰਹੇ
ਸਾਡੀ ਇਹ ਦੁਆ ਹੈ
ਤੂੰ ਤੇ ਵਿਖਾਇਆ ਸਾਨੂੰ
ਜ਼ਿੰਦਗੀ ਦਾ ਰਾਹ ਹੈ
ਰੂਪ ਦਾ ਪੁਜਾਰੀ ਕੋਈ ਟਾਂਵਾਂ
ਵਿਉਪਾਰੀ ਨੇ ਹਜ਼ਾਰਾਂ
ਲੁਟਿਐ ਹੈ ਸਾਨੂੰ
ਸਾਡੀਆਂ ਬਹਾਰਾਂ
ਜ਼ਹਿਰ ਮਹੁਰੇ ਹਾਸਿਆਂ
ਅੱਖੀਆਂ ਕਟਾਰਾਂ !
-0-

# ਇਹ ਕੈਸੀ ਰੁੱਤ

ਪਦਾਰਥਕ ਵਿਕਾਸ ਦੀ
ਹੈ ਇਹ ਕੈਸੀ ਰੁੱਤ
ਲਹੂ ਮਾਸ ਦੇ ਸਰੀਰ
ਲੋਕ ਜਾਪਦੇ ਨੇ ਬੁੱਤ
-0-
ਸੁੱਕ ਗਿਆ ਲਹੂ
ਚੋਅ ਗਿਆ ਹੈ ਤੇਜ਼
ਛਡ ਗਈ ਜ਼ਿੰਦਗੀ
ਥਲਾਂ 'ਚ ਹਮੇਸ਼
ਆਪਣੇ ਹੀ ਆਪ ਲਈ
ਹੋ ਗਏ ਪਰਾਏ
ਫੁੱਲਾਂ ਦਿਆਂ ਚਿਹਰਿਆਂ 'ਚੋਂ
ਪੱਥਰ ਉੱਗ ਆਏ
ਆਪਣੇ ਹੀ ਸਾਏ
ਹੋਏ ਆਪਣੇ ਲਈ ਗੈਰ
ਨਾ ਹੀ ਅਸੀਂ ਪਿੰਡ ਰਹੇ
ਨਾ ਹੀ ਅਸੀਂ ਸ਼ਹਿਰ
-0-
ਖੂਨ ਦੇ ਪਿਆਸੇ ਅਸੀਂ
ਅੱਜ ਦੇ ਖਿਡਾਰੀ
ਨਫ਼ਰਤਾਂ ਈਰਖਾ
ਯੁੱਧਾਂ ਦੇ ਵਿਉਪਾਰੀ
ਚੱਪਾ ਚੱਪਾ ਧਰਤੀ 'ਤੇ
ਅਸੀਂ ਮੌਤ ਹੈ ਉਤਾਰੀ
ਭਲਾ ਕੀ ਸੀ ਮੰਗਣਾ
ਆਪਣੀ ਜ਼ਮੀਰ
ਅਸਾਂ ਆਪਣੇ ਲਈ ਮਾਰੀ

-0-
ਸਾੜਿਆ ਹੈ ਅਸਾਂ
ਜ਼ਿੰਦਗੀ ਦੇ ਖੇਤ ਨੂੰ
ਰਹਿਮਤਾਂ ਤੇ ਨਿਹਮਤਾ ਦੇ
ਕੁਦਰਤੀ ਭੇਦ ਨੂੰ
ਪਿਆਰ ਦੀਆਂ ਵੇਲਾਂ
ਅਸਾਂ ਹੱਥੀਂ ਲਈਆਂ ਪੁੱਟ
ਪਦਾਰਥਕ ਵਿਕਾਸ ਦੀ
ਹੈ ਇਹ ਕੈਸੀ ਰੁੱਤ
ਲਹੂ ਮਾਸ ਦੇ ਸਰੀਰ
ਲੋਕ ਜਾਪਦੇ ਨੇ ਬੁੱਤ
-0-
ਬੁੱਧੀ ਜੀਵੀ ਜਗ ਦਿਆਂ
ਕੰਡਿਆਂ 'ਤੇ ਟੋਰਿਆ
ਕਰਕੇ ਬੇਘਰ ਸਾਨੂੰ
ਕੱਖਾਂ ਵਾਂਗ ਰੋਲ਼ਿਆ
ਚੁੱਲ੍ਹੇ ਵਿਚ ਧੁਖਦੀ
ਲੱਕੜੀ ਦਾ ਧੂੰਆਂ ਅਸੀਂ
ਖੋਲ੍ਹਿਆ ਨਾ ਕਿਸੇ ਸਾਨੂੰ
ਬੰਦ ਹੋਇਆ ਬੂਹਾ ਅਸੀਂ
ਘੜੇ ਵਿਚੋਂ ਨਸੇ ਹੋਏ ਜਲ ਹਾਂ
ਵਿਹੜੇ ਵਿਚ ਨਚਦੀ
ਉਜਾੜ ਪਲ ਪਲ ਹਾਂ
ਸੋਗ ਅਸੀਂ ਰੁੱਖਾਂ ਦਾ
ਚੁੱਪ ਹਾਂ ਬਹਾਰ ਦੀ
ਸ਼ਮਸ਼ਾਨ ਹੋਈ ਰੂਹ ਹਾਂ
ਅਸੀਂ ਗੁਲਜ਼ਾਰ ਦੀ
ਬੁਝੀ ਦਾ ਪਿਆਸ
ਭਰੇ ਸਾਗਰਾਂ ਦੇ ਘੁੱਟ

ਪਦਾਰਥਕ ਵਿਕਾਸ ਦੀ
ਹੈ ਇਹ ਕੈਸੀ ਰੁੱਤ
ਲਹੂ ਮਾਸ ਦੇ ਸਰੀਰ
ਲੋਕ ਜਾਪਦੇ ਨੇ ਬੁੱਤ
-0-
ਹੋਈ ਜ਼ਿੰਦਗੀ ਨਾ ਸਾਡੀ
ਹੋਈ ਮੌਤ ਨਾ ਨਸੀਬ
ਦੂਰ ਦੂਰ ਹੋ ਗਏ ਅਸੀਂ
ਹੁੰਦੇ ਆਪਣੇ ਕਰੀਬ
ਹੋਈ ਦੁਨੀਆ ਰਕੀਬ
ਕੋਈ ਦਿਸੇ ਨਾ ਹਬੀਬ
ਰਹਿ ਗਈਆਂ ਪਿੱਛੇ
ਰੌਣਕਾਂ ਬਹਾਰਾਂ
ਅਸੀਂ ਅਪੜੇ ਹਾਂ ਜਿੱਥੇ
ਨੇ ਵੀਰਾਨੀਆਂ ਉਜਾੜਾਂ
ਤ੍ਰਿਸ਼ਨਾ ਨੇ ਸਾਡੀ
ਪਿਆਰ ਪੂੰਜੀ ਲਈ ਲੁਟ
ਸਿਵਿਆਂ ਦਾ ਮੋਹ
ਲਾਇਆ ਸੀਨੇ ਨਾਲ ਘੁੱਟ
ਐਸੀ ਫੈਲੀ ਅੰਬਰੀਂ
ਚੰਨਾਂ ਸੂਰਜਾਂ ਤੇ ਤਾਰਿਆਂ ਦੇ
ਹੋਏ ਦਿਲ ਦਾਗ ਦਾਗ
ਜਲ ਸਾਗਰਾਂ ਦਾ ਹੋਇਆ
ਸਾਡੇ ਹੰਝੂਆਂ ਦੀ ਮੁੱਠ
ਪਦਾਰਥਕ ਵਿਕਾਸ ਦੀ
ਹੈ ਇਹ ਕੈਸੀ ਰੁੱਤ
ਲਹੂ ਮਾਸ ਦੇ ਸਰੀਰ
ਲੋਕ ਜਾਪਦੇ ਨੇ ਬੁੱਤ!
-0-

# ਤੂੰ ਆਉਣਾ ਸੀ

ਤੂੰ ਆਉਣਾ ਸੀ
ਤੇਰੀ ਖ਼ੁਸ਼ੀ 'ਚ
ਅਸਾਂ ਆਪਾ ਭੁੱਲ ਜਾਣਾ ਸੀ
ਖਿਲਰ ਜਾਣਾ ਸੀ ਜ਼ਰਿਆਂ 'ਚ
ਤੇਰੇ ਅੰਗਾਂ ਠਰਿਆਂ ਠਰਿਆਂ 'ਚ
ਤੇਰੇ ਨੈਣਾਂ ਭਰਿਆਂ ਭਰਿਆਂ 'ਚ
ਫਿਰ ਅੱਥਰੂ ਬਣ ਉੱਗ ਆਉਣਾ ਸੀ
ਤੇਰੇ ਜਲ ਦਾ ਜਲ ਸਦਾਉਣਾ ਸੀ
ਫਿਰ ਬਣ ਜਾਣੀ ਸੀ ਗੱਲ ਸੱਜਣ
ਤੈਨੂੰ ਆਪਣੇ ਵਿੱਚੋਂ ਤੱਕਣ ਦਾ
ਸਾਨੂੰ ਆ ਜਾਣਾ ਸੀ ਵਲ ਸੱਜਣ
-0-
ਤੂੰ ਆਇਓਂ
ਕਿਹੜੀ ਰੁੱਤ ਸੱਜਣ
ਜਦ ਰੁੱਖ ਹੋਏ ਨੇ ਬੁੱਤ ਸੱਜਣ
ਜਦ ਸ਼ੋਰਾਂ ਕੰਠੀ ਚੁੱਪ ਸੱਜਣ
ਜਦ ਲੱਕ ਨਾਲੋਂ ਰੁੱਸੀ ਗੁੱਤ ਸੱਜਣ
ਜਦ ਨਦੀਆਂ ਸੁੰਗੜ ਗਈਆਂ
ਤੇ ਪੌਣਾਂ ਸੁਕਣੇ ਪਈਆਂ
ਜਦ ਬੱਦਲੀਆਂ ਤ੍ਰਿਹਾਈਆਂ
ਜਦ ਸਾਉਣ ਉਡੀਕਦੀਆਂ ਕੂੰਜਾਂ
ਥਲ ਦੀ ਜੂਨੇ ਆਈਆਂ
ਜਦ ਬ੍ਰਿਹਾ ਕੱਤਦੀਆਂ ਕੋਇਲਾਂ
ਧੁਖ ਧੁਖ ਕੋਲ਼ੇ ਹੋਈਆਂ
ਜਦ ਰੰਗਾਂ ਮਹਿਕਾਂ ਵਿਹੜੇ

ਰੁੱਤਾਂ ਵਿਧਵਾ ਹੋਈਆਂ
-0-
ਜਦ ਮੌਸਮ ਭੁਲ ਬਹਾਰ ਗਏ
ਜਦ ਪਤਝੜ ਹੋ ਗੁਲਜ਼ਾਰ ਗਏ
ਜਦ ਬ੍ਰਿਹਾ ਚੂਸ ਲਿਆ ਜੋਬਨ
ਮੋਕਲੇ ਮੋਕਲੇ ਅੰਗਾਂ ਦਾ
ਤੇ ਮਾਰ ਮੁਕਾਈਆਂ ਮੰਗਾਂ ਦਾ
ਤ੍ਰੇਲ ਹੰਢਾਉਂਦੀਆਂ ਸੰਗਾਂ ਦਾ
ਹੁਣ ਕੀ ਕਰਨਾ ਕਿਸੇ ਰੰਗਾਂ ਦਾ
ਜਦ ਬਣਨੀ ਕੋਈ ਤਸਵੀਰ ਨਹੀਂ
ਕੈਨਵਸ 'ਤੇ ਧੱਬੇ ਪੈ ਜਾਣੇ
ਕੋਈ ਦਿਸਣੀ ਸੱਸੀ ਹੀਰ ਨਹੀਂ
ਹੁਣ ਕੀ ਭਰੋਸਾ ਦਮ ਦਾ ਵੇ
ਤੇਰਾ ਆਉਣਾ ਕਿਹੜੇ ਕੰਮ ਦਾ ਵੇ
ਜ਼ਿੰਦਗੀ ਦੇ ਕਿਹੜੇ ਰੰਗ ਦਾ ਵੇ
ਸਾਥੀ ਨਾ ਬਣਿਉ ਗ਼ਮ ਦਾ ਵੇ
ਅਸੀਂ ਕੀ ਕਰਨਾ ਤੇਰੇ ਚੰਮ ਦਾ ਵੇ
-0-
ਜਦ ਰਸ ਸੰਗ ਭਰਿਆ ਜੋਬਨ ਸੀ
ਬਹਾਰਾਂ ਸੰਗ ਹਸਦਾ ਮੌਸਮ ਸੀ
ਜਦ ਅੱਗ ਅੰਗਾਂ ਵਿਚ ਮਘਦੀ ਸੀ
ਜਦ ਪੌਣ ਪੌਣਾਂ ਵਿਚ ਵਗਦੀ ਸੀ
ਜਦ ਦੇਹ 'ਚੋਂ ਚਿਣਗਾਂ ਫੁਟਦੀਆਂ ਸਨ
ਜਦ ਜ਼ੁਲਫਾਂ ਬੁੱਲ੍ਹੇ ਲੁਟਦੀਆਂ ਸਨ
-0-
ਜਦ ਛਾਂਵਾਂ ਛਾਂਵੇਂ ਬਹਿੰਦੀਆਂ ਸਨ
ਕੋਹਜੀ ਨੂੰ ਸੋਹਣੀ ਕਹਿੰਦੀਆਂ ਸਨ

ਜਦ ਸਾਵਣ ਵਰ੍ਹ ਵਰ੍ਹ ਜਾਂਦਾ ਸੀ
ਜਦ ਦਿਲ ਵਿਚ ਭਾਂਬੜ ਬਲਦਾ ਸੀ
ਸਖੀਆਂ ਨੂੰ ਸਖੀਆਂ ਕਹਿੰਦੀਆਂ ਸਨ
ਤੇਰਾ ਕਿੱਥੇ ਗਿਆ ਹੈ ਢੋਲ ਕੁੜੇ
ਤੂੰ ਦਿਲ ਦੀ ਘੁੰਡੀ ਖੋਲ੍ਹ ਕੁੜੇ
ਉਦੋਂ ਤੂੰ ਨਹੀਂ ਸੈਂ ਕੋਲ ਸੱਜਣ
ਮੇਰਾ ਹਾਲ ਤਕੇਂਦੇ ਗੂੰਗੇ ਹੋਏ
ਤੇਰੇ ਪੱਲ੍ਹੇ ਬੰਨ੍ਹੇ ਬੋਲ ਸੱਜਣ
ਤੂੰ ਦੂਰ ਗਿਉਂ ਤੇ ਆਇਉ ਨਾ
ਅਸਾਂ ਰੱਖਿਆ ਆਪਾ ਖੋਲ੍ਹ ਸੱਜਣ
ਜੇ ਜੋਬਨ ਰੁੱਤੇ ਆ ਜਾਂਦੋਂ
ਜਲ ਦੀ ਪਿਆਸ ਬੁਝਾ ਜਾਂਦੋਂ
ਇਕ ਬੂਟਾ ਵਿਹੜੇ ਲਾ ਜਾਂਦੋਂ
ਮੈਂ ਪਾਣੀ ਦਿੰਦੀ ਥੱਕਦੀ ਨਾ
ਮੈਂ ਸਭ ਕੁੱਝ ਆਪਣਾ ਵਾਰ ਦਿੰਦੀ
ਕੁੱਝ ਆਪਣੇ ਲਈ ਵੀ ਰੱਖਦੀ ਨਾ
ਖਿਲਰ ਜਾਂਦੀ ਜ਼ਰਿਆਂ 'ਚ
ਤੇਰੇ ਅੰਗਾਂ ਠਰਿਆਂ ਠਰਿਆਂ 'ਚ
ਫਿਰ ਬਣ ਜਾਣੀ ਸੀ ਗੱਲ ਸੱਜਣ
ਤੈਨੂੰ ਆਪਣੇ ਵਿੱਚੋਂ ਤੱਕਣ ਦਾ
ਸਾਨੂੰ ਆ ਜਾਣਾ ਸੀ ਵਲ ਸੱਜਣ
-0-

# ਲਗੀਆਂ ਨਿਭਾਵੀਂ

ਲਗੀਆਂ ਨਿਭਾਵੀਂ
ਸਾਡੇ ਵਿਚ ਵਸ ਜਾਵੀਂ
ਮੌਸਮਾਂ ਬਹਾਰਾਂ ਵਾਂਗ
ਰੂਪ ਨਾ ਵਟਾਵੀਂ
-0-
ਖੋਲ੍ਹ ਖੋਲ੍ਹ ਬਾਰੀ
ਤੱਕਾ ਤੇਰਾ ਰਾਹ
ਤੇਰੇ ਸੰਗ ਲੱਗੀਆਂ ਦਾ
ਗੋਡੇ ਗੋਡੇ ਚਾਅ
ਖੋਲ੍ਹ ਬੂਹਾ ਤੱਕਾਂ
ਆਉਂਦੇ ਜਾਂਦੇ ਰਾਹੀ ਨੂੰ
ਪੈਂਦਾ ਏ ਭੁਲੇਖਾ ਤੇਰਾ
ਦਿਲ ਵੇ ਸ਼ੁਦਾਈ ਨੂੰ
-0-
ਤੇਰੀ ਇੱਕ ਤੱਕਣੀ
ਤੰਦੂਰ ਵਾਂਗ ਤਾਇਆ ਏ
ਸਰੀਰ ਵਿਚ ਚਿਣਗਾਂ ਦਾ
ਚੰਨ ਚੜ੍ਹ ਆਇਆ ਏ
ਉੱਡ ਗਈਆਂ ਨੀਂਦਾਂ
ਚੈਨ ਦਿਲ ਦਾ ਗਵਾਇਆ ਏ
ਧੁਖਦਾ ਏ ਪਿੰਡਾ
ਗਿੱਲੀ ਲੱਕੜੀ ਦੇ ਵਾਂਗ
ਘਲੇ ਕਈ ਸੁਨੇਹੇ
ਆਇਆ ਕੋਈ ਨਾ ਜੁਆਬ
ਬੁਝ ਗਏ ਬਲ ਬਲ

ਨੈਣਾਂ ਦੇ ਚਿਰਾਗ

-0-

ਰਾਹਾਂ ਉੱਤੇ ਲਗੀਆਂ ਨੇ
ਚੰਨਾ ਅੱਖਾਂ ਮੇਰੀਆਂ
ਝਲੀਆਂ ਨਹੀਂ ਜਾਂਦੀਆਂ
ਜੁਦਾਈਆਂ ਹੁਣ ਤੇਰੀਆਂ
ਤੇਰੀਆਂ ਉਡੀਕਾਂ ਵਿਚ
ਸੁੱਕ ਗਏ ਨੇ ਸਾਹ
ਕਬਰਾਂ ਦੇ ਰਾਹੀਂ ਪਏ
ਸੱਧਰਾਂ ਦੇ ਚਾਅ
ਅੱਖਾਂ ਬੰਦ ਹੋਣੋਂ ਪਹਿਲਾਂ
ਇੱਕ ਵਾਰੀ ਆਵੀਂ
ਦੀਦ ਵਾਲੀ ਖੈਰ
ਝੋਲੀ ਸਾਡੀ ਪਾਵੀਂ

-0-

ਲਗੀਆਂ ਨਿਭਾਵੀਂ
ਸਾਡੇ ਵਿਚ ਵਸ ਜਾਵੀਂ
ਮੌਸਮਾਂ ਬਹਾਰਾਂ ਵਾਂਗੂ
ਰੂਪ ਨਾ ਵਟਾਵੀਂ

-0-

# ਤਾਰਿਆਂ ਦੀ ਲੋਅ

ਤਾਰਿਆਂ ਦੀ ਲੋਅ
ਮੈਂ ਤੇਰੀ ਗਈ ਹੋ
ਹਵਾ ਬਣ ਫੈਲੀ
ਸਾਡੀ ਖੁਸ਼ਬੋ
-0-
ਆਈਆਂ ਨੇ ਹਵਾਵਾਂ
ਹੁਣ ਸਾਡੇ ਹਾਣ
ਪੈਰਾਂ ਹੇਠ ਧਰਤੀ
ਸਿਰ ਅਸਮਾਨ
ਸੂਰਜਾਂ ਦੇ ਵਾਂਗ ਜਗੇ
ਦਿਲ ਵਾਲੇ ਦਾਗ
ਫੁੱਲਾਂ ਖੁਸ਼ਬੂਆਂ ਦੇ
ਨੈਣੀ ਵਸੇ ਬਾਗ
ਮਿੱਟੀ ਸਾਡੀ
ਆਪਣੀ ਮਿੱਟੀ ਵਿੱਚ ਗੋ
ਅਸੀਂ ਜਿਵੇਂ ਤੇਰੇ ਹੋਏ
ਤੂੰ ਵੀ ਸਾਡਾ ਹੋ
-0-
ਤਾਰਿਆਂ ਦੇ ਸਿਰ ਉੱਤੇ
ਚੰਨ ਦੀ ਹੈ ਚਾਂਦਨੀ
ਹੁਸਨ ਜਵਾਨੀ ਅਸਾਂ
ਰੱਜ ਰੱਜ ਮਾਣਨੀ
ਦਿਲ ਦੀ ਮੈਲ਼
ਨਾਂਅ ਲੈ ਲੈ ਸਾਡਾ ਧੋਅ
ਸਾਡੇ ਨਾਲ

ਸਾਡਾ ਸਾਇਆ ਬਣ ਕੇ ਖਲੋ!
-0-
ਮੌਸਮ ਬਹਾਰਾਂ ਰੁੱਤਾਂ
ਸਾਡੀਆਂ ਨੇ ਹੋਈਆਂ ਅੱਜ
ਬਣ ਕੇ ਮਿਸ਼ਾਲਾਂ ਰਾਤਾਂ
ਰਾਹਾਂ 'ਚ ਖਲੋਈਆਂ ਅੱਜ
ਤਾਰਿਆਂ ਦੇ ਵਾਂਗ ਜਗਦਾ ਦੇ ਰੂਪ
ਮਘਦੀ ਜਵਾਨੀ
ਅੰਗਿਆਰਿਆਂ ਸਰੂਪ
ਸੂਰਜਾਂ ਦੇ ਕਾਫ਼ਲੇ ਗਏ
ਰਾਹ ਸਾਡਾ ਹੋ
ਸਾਡੇ ਵਿਹੜੇ ਗਿਆ
ਕਿਰਨਾਂ ਕੋਈ ਬੋਅ
ਮੁੱਕੇ ਪੈਂਡੇ ਹਿਜ਼ਰਾਂ ਦੇ
ਆਈ ਵਸਲਾਂ ਦੀ ਰਾਤ
ਧਰਤੀ ਦੇ ਘਰ ਆਈ
ਅੰਬਰੋਂ ਬਰਾਤ
ਇੱਕੋ ਡੀ ਕੇ ਪੀ ਲਾਂ
ਵਗੇ ਹੁਸਨਾ ਦਾ ਚੋਅ
-0-
ਤਾਰਿਆਂ ਦੀ ਲੋਅ
ਮੈਂ ਗਈ ਤੇਰੀ ਹੋ
ਹਵਾ ਬਣ ਫੈਲੀ
ਸਾਡੀ ਖੁਸ਼ਬੋ!
-0-

# ਤੇਰੇ ਜਾਣ ਪਿੱਛੋਂ

ਤੇਰੇ ਜਾਣ ਪਿੱਛੋਂ
ਕਈ ਚਲੀਆਂ ਹਵਾਵਾਂ
ਰੁੱਖਾਂ ਨਾਲੋਂ ਵੱਖ ਹੋਈਆਂ
ਰੁੱਖਾਂ ਦੀਆਂ ਛਾਂਵਾਂ
-0-
ਕੰਧਾਂ ਨੇ ਉਦਾਸ
ਵਿਹੜੇ ਅੱਥਰੂ ਨੇ ਕੇਰਦੇ
ਚੁੱਪ ਚੁੱਪ ਗਲ਼ੀਆਂ
ਹਨੇਰੇ ਪਏ ਨੇ ਮੇਲਦੇ
ਗੂੰਜਦਾ ਹੈ ਅੰਬਰਾਂ 'ਚ
ਸ਼ੋਰ ਤੇਰੇ ਬੋਲ ਦਾ
ਨਜ਼ਰਾਂ 'ਚ ਨਚਦਾ ਹੈ
ਮੋਰ ਤੇਰੀ ਤੋਰ ਦਾ
ਪੈਂਦੇ ਨੇ ਭੁਲੇਖੇ ਤੇਰੇ
ਆਉਂਦੇ ਜਾਂਦੇ ਰਾਹੀਆਂ 'ਚੋਂ
ਝਾਕਦੇ ਨੇ ਨੈਣ ਤੇਰੇ
ਨੈਣਾਂ ਸੰਗ ਲਾਈਆਂ 'ਚੋਂ
ਢਾਕ ਨਾਲ ਅਜੇ ਵੀ
ਮਹਿਸੂਸ ਹੁੰਦਾ ਲੱਗਿਆ
ਤੇਰਾ ਦੀਵਾ
ਸਦਾ ਸਾਡੀ ਦੇਹੀ ਵਿਚ ਜਗਿਆ
ਕੋਲ ਕੋਲ ਜਾਪਦਾ ਹੈ
ਭਾਵੇਂ ਅੱਖੋਂ ਦੂਰ ਤੂੰ
ਰੂਪ ਦਾ ਸ਼ਿੰਗਾਰ
ਜਵਾਨੀ ਦਾ ਸਰੂਰ ਤੂੰ
-0-
ਸੋਚਾਂ ਵਿਚ ਡੁਬੀ
ਜਦੋਂ ਆਪੇ ਵਿਚ ਬਹਿਣੀਆਂ

ਭੁਲ ਜਾਂਦਾ ਆਪਾ
ਤੇਰੇ ਸੰਗ ਟੁਰ ਪੈਣੀਆਂ
ਦੇਹ ਵਿਚੋਂ ਮਹਿਕਦਾ ਤੂੰ
ਲਹੂ ਵਿਚ ਟੁਰਦਾ ਤੂੰ
ਸਾਹਾਂ ਵਿਚ ਵਸਦਾ ਹੈਂ
ਦੁਨੀਆ 'ਚੋਂ ਦਿੱਸਦਾ ਤੂੰ
ਭਰਿਆ ਭਰਾਇਆ
ਖੌਰੇ ਕਿੱਥੇ ਜਾ ਕੇ ਡੁਲ੍ਹਦਾ ਤੂੰ
ਮੁੱਲ ਟੁੱਕ ਸਾਡੇ ਨਾਲ
ਤਕੜੀ ਪਰਾਈ ਵਿਚ ਤੁਲਦਾ ਤੂੰ
ਦੇਹ ਦਾ ਪ੍ਰਾਣ ਹੋ ਕੇ
ਦੇਹ ਤਾਈਂ ਭੁਲਦਾ ਤੂੰ
-0-
ਤੱਕਦੀ ਹਾਂ ਚੰਦ ਜਦੋਂ
ਯਾਦਾਂ ਘੇਰ ਲੈਂਦੀਆਂ
ਢੁਕ ਢੁਕ ਨੇੜੇ
ਨਾਲ ਹੋ ਕੇ ਬਹਿੰਦੀਆਂ
ਬਿੱਟ ਬਿੱਟ ਤੱਕਦੀਆਂ
ਚੁੱਪ ਚੁੱਪ ਰਹਿੰਦੀਆਂ
ਮਲੂਕ ਜਿਹੇ ਮੁਖੜੇ ਦਾ
ਰੂਪ ਧਾਰ ਲੈਂਦੀਆਂ
ਇੱਕੋ ਗੱਲ ਪੁੱਛਦੀਆਂ
ਇੱਕੋ ਗੱਲ ਕਹਿੰਦੀਆਂ
ਰੁਸਿਆ ਨਾ ਕਰ
ਮੈਨੂੰ ਪੈਂਦਾ ਹੈ ਮਨਾਉਣਾ ਫਿਰ
ਜਲ ਨਾਲ ਰੁਸਣਾ
ਤੇ ਜਲ 'ਚ ਨਹਾਉਣਾ ਫਿਰ
ਰੁਸਦਾ ਹੈ ਜਿਹਦੇ ਨਾਲ
ਉਹ ਤਾਂ ਆਪਾ ਤੇਰਾ ਹੈ
ਸੋਚਿਆ ਈ ਕਦੀ
ਰੁਸਣ ਵਾਲਾ ਕਿਹੜਾ ਹੈ

ਜੜ੍ਹ ਨਾਲ ਰੁੱਖ ਹੁੰਦਾ
ਰੁੱਖ ਨਾਲ ਜੜ੍ਹ ਵੇ
ਇਸ ਲਈ ਆਖਦੀ ਹਾਂ
ਆਪਣੇ ਹੀ ਆਪ ਨਾਲ
ਰੁਸਿਆ ਨਾ ਕਰ ਵੇ
-0-
ਚੀਰਦੀ ਪਹਾੜ
ਤੇਰੀ ਭਾਲ ਵਿਚ ਆਵਾਂ
ਅੱਖੀਆਂ ਦੇ ਦੀਵੇ
ਤਲੀ ਪੌਣਾਂ ਦੀ ਜਗਾਵਾਂ
ਰੋਟ ਵੰਡਾ ਮਿੱਠੜੇ
ਤੇ ਪੀਰਾਂ ਨੂੰ ਮਨਾਵਾਂ
ਤੱਕ ਤੱਕ ਰਾਹ ਤੇਰਾ
ਨਿਗਾਹਾਂ ਹੋਈਆਂ ਰਾਹਾਂ
ਧਰਤੀ ਨੂੰ ਛਾਣਾਂ
ਪੁਣਾਂ ਸਾਗਰਾਂ ਦੇ ਤਾਈਂ
ਤੇਰੇ ਪਿੱਛੇ ਥਲ ਗਾਹੁੰਦੀ
ਹੋਈ ਮੈਂ ਸ਼ੁਦਾਈ
ਪੁਕਾਰਦਾ ਏ ਦਿਲ ਤੈਨੂੰ
ਚੁੱਕ ਚੁੱਕ ਅੱਡੀਆਂ
ਦਿਲ ਵਿਚ ਯਾਦ
ਅੱਖਾਂ ਬੂਹੇ ਉੱਤੇ ਰਖੀਆਂ
ਸਾਥੋਂ ਅੱਖਾਂ ਫੇਰ ਗਿਆ
ਸਾਡਾ ਪ੍ਰਛਾਵਾਂ
ਦਰਿਆ ਦੇ ਕਿਨਾਰੇ
ਪਿਆਸੀ ਉਮਰਾਂ ਲੰਘਾਵਾਂ
-0-
ਤੇਰੀ ਜਾਣ ਪਿੱਛੋਂ
ਕਈ ਚਲੀਆਂ ਹਵਾਵਾਂ
ਰੁੱਖਾਂ ਨਾਲੋਂ ਵਖ ਹੋਈਆਂ
ਰੁੱਖਾਂ ਦੀਆਂ ਛਾਂਵਾਂ! -0-

# ਯਾਰ ਦੀ ਹੈ ਕੁਲੀ

ਯਾਰ ਦੀ ਹੈ ਕੁਲੀ
ਦਰਿਆ ਦਾ ਕਿਨਾਰਾ
ਚੁੱਪ ਚੁੱਪ ਪੌਣਾ ਸੁੱਤਾ ਜਗ ਸਾਰਾ
ਆਪ ਹੀ ਮੈਂ ਪੀਂਘ ਆਪ ਹੀ ਹੁਲਾਰਾ
ਆਪ ਹੀ ਮੈਂ ਯਾਰ
ਤੇ ਯਾਰ ਦਾ ਨਜ਼ਾਰਾ
0–
ਭਰ ਭਰ ਬੁੱਕਾਂ
ਵੰਡਾ ਰੂਪ ਦਾ ਖਜ਼ਾਨਾ
ਰੱਜਦੀ ਨਾ ਤੱਕ ਤੱਕ ਆਪਾ ਮਸਤਾਨਾ
ਜ਼ਿੰਦਗੀ ਜਿਉਣ ਦਾ
ਸਮੇਂ ਦਾ ਇਸ਼ਾਰਾ ਹੈ
ਮੇਰੀ ਹੀ ਜਵਾਨੀ
ਰੂਪ ਮੇਰੀ ਹੀ ਕੁਆਰਾ ਹੈ
ਝਾਕਦੇ ਨੇ ਕੁੜਤੇ ’ਚੋਂ
ਗੁਲਾਬੀ ਮੇਰੇ ਅੰਗ
ਜੋਬਨੇ ਦੀ ਰੁੱਤ ਤੇ ਸੰਧੂਰੀ ਮੇਰਾ ਰੰਗ
ਗੁੱਤ ਮੇਰੀ
ਮਾਰਦੀ ਮਦਾਰੀਆਂ ਨੂੰ ਡੰਗ
ਮੱਖਣ ਦਾ ਪਿੰਡਾ  ਮੇਰਾ
ਤਿੱਤਲੀ ਦਾ ਲੱਕ
ਕੱਜਲਾ ਘਟਾਵਾਂ ਬਿਜਲੀ ਹੈ ਸੰਗ
ਚਿਹਰੇ ਉੱਤੇ ਜਗਦੇ ਦੀਵੇ ਦੋ ਮਲੰਗ
ਇਕ ਵਾਰੀ ਤੱਕੇ ਜਿਹੜਾ
ਉਹਦਾ ਉੱਡ ਜਾਂਦਾ ਰੰਗ

ਅੱਗ ਅੱਗ ਕਹਿੰਦੇ ਲੋਕੀਂ
ਲਾਵਾਂ ਜਾਂਦੀ ਅੱਗ
ਇਕ ਵਾਰੀ ਸੇਕ ਪਿੰਡਾ
ਜੇ ਤੈਨੂੰ ਕੋਈ ਸ਼ੱਕ
ਲੱਗ ਜਾਊ ਪਤਾ ਲੱਗਦੀ ਹੈ
ਪਾਣੀਆਂ ਨੂੰ ਕਿਵੇਂ ਚੰਨਾ ਅੱਗ
-0-
ਰੁੱਤਾਂ ਵਾਂਗੂ ਮੇਲ ਦੀ ਮੈਂ
ਭੁਲੀ ਸਾਰੇ ਦੁਖ
ਚੁੰਮਦੇ ਨੇ ਪੈਰ ਮੇਰੇ ਝੁਕ ਝੁਕ ਰੁੱਖ
ਮੇਰੀਆਂ ਹੈ ਬਾਹਾਂ ਵਿਚ
ਅੱਜ ਸਾਰਾ ਜਗ
ਇਕੱਲੀ ਨਾ ਮੈਂ
ਰੱਬ ਜਿਹਾ ਤੇਰਾ ਸੰਗ ਸਾਥ
ਆਪਣੇ ਹੀ ਆਪ 'ਚ
ਮੈਂ ਪੂਰੀ ਕਾਇਨਾਤ
-0-
ਮੁਹੱਬਤਾਂ ਦੀ ਰੁੱਤ
ਆਉਣੀ ਨਾ ਦੁਬਾਰਾ
ਆਸ਼ਕਾਂ ਦਾ ਆਉਣ
ਮਸ਼ੂਕਾਂ ਦਾ ਇਸ਼ਾਰਾ
ਚੰਦ ਸੰਗ ਚਾਂਦਨੀ
ਰਾਤ ਸੰਗ ਤਾਰਾ
ਹਿਜਰਾਂ ਦੇ ਦਿਨ ਢਲੇ
ਆਈ ਵਸਲਾਂ ਦੀ ਰਾਤ
ਮੁਕੇ ਨਾ ਇਹ
ਤੇਰੀ ਮੇਰੀ ਕਦੀ ਮੁਲਾਕਾਤ

ਰਾਤ ਦੀ ਨਾ ਹੋਵੇ ਚੰਨਾ ਕਦੀ ਪ੍ਰਭਾਤ
ਚੜ੍ਹਿਆ ਰਹੇ ਚੰਨ
ਚੜ੍ਹੇ ਦਿਨ ਨਾ ਦੁਬਾਰਾ
ਯਾਰ ਦੀ ਹੈ ਕੁੱਲੀ
ਦਰਿਆ ਦਾ ਕਿਨਾਰਾ
ਚੁੱਪ ਚੁੱਪ ਪੌਣ ਸੁੱਤਾ ਜਗ ਸਾਰਾ
ਆਪ ਹੀ ਮੈਂ ਪੀਂਘ ਆਪ ਹੀ ਹੁਲਾਰਾ
ਆਪ ਹੀ ਮੈਂ ਯਾਰ
ਤੇ ਯਾਰ ਦਾ ਨਜ਼ਾਰਾ
-0-
ਘੁਲ਼ਾਂ ਤੇਰੇ ਸਾਹਾਂ ਵਿਚ
ਭੁਲ ਜਾਵਾਂ ਆਪਾ
ਤੇਰੀ ਹੀ ਪਹਿਚਾਣ ਹੋਵਾਂ
ਤੇਰਾ ਰੂਪ ਜਾਪਾਂ
ਹਰ ਪਾਸੇ ਦਿਸਦੀਆਂ
ਤੇਰੀਆਂ ਨੁਹਾਰਾਂ
ਵੀਰਾਨੀਆਂ ਵੀ ਜਾਪਦੀਆਂ
ਸਾਡੀਆਂ ਬਹਾਰਾਂ
ਗਲ਼ ਨਾਲ ਲਾ ਲੈ
ਲੈ ਲਹੂ ਵਿਚ ਘੋਲ
ਸਾਹਾਂ ਵਿਚ ਘੁਲ ਜਾਣ
ਤੇਰੇ ਮਿੱਠੇ ਬੋਲ
-0-
ਮਹਿਕਾਂ ਵਿਚ ਮਹਿਕ ਅਸੀਂ
ਫੁੱਲਾਂ ਵਿਚ ਫੁੱਲ
ਬੁਲਬੁਲ ਮੈਂ ਚੰਨਾ
ਤੂੰ ਹੈਂ ਮੇਰਾ ਗੁੱਲ

ਆਪਣੇ ਲਈ ਭਰਾ ਤੈਨੂੰ
ਆਪਣੇ ਲਈ ਡੋਲਾਂ
ਤੂੰ ਸੁਣੇਂ ਮੇਰੇ ਵਿੱਚੋਂ ਮੈਂ ਤੇਰੇ ਵਿੱਚੋਂ ਬੋਲਾਂ
ਮੈਂ ਤੂੰ ਦੀ
ਸਦਾ ਲਈ ਮਿਟ ਜਾਏ ਵਿੱਥ
ਹੋਈਏ ਵੀ ਤੇ ਦਿੱਸੀਏ ਵੀ
ਦੋਵੇਂ ਅਸੀਂ ਇੱਕ
ਸੋਨੇ ਦਿਆਂ ਜ਼ੇਵਰਾਂ ਦੇ ਰੂਪ ਨੇ ਅਨੇਕ
ਜ਼ੇਵਰਾਂ ਦਾ ਇੱਕੋ ਸੱਚ
ਸੋਨਾ ਹੈ ਹਮੇਸ਼
ਕਰ ਕਰ ਯਾਦ ਤੈਨੂੰ ਕੱਤਾਂ ਤੇਰਾ ਰੂੰ
ਕੱਤ ਕੱਤ ਰੂੰ ਤੇਰਾ ਮੈਂ ਤੋਂ ਹੋਜਾਂ ਤੂੰ
ਵਾਜਾਂ ਮਾਰਾਂ ਆਪੇ ਨੂੰ
ਤਾਂ ਭੱਜਾ ਆਵੇਂ ਤੂੰ
ਐਸਾ ਹੋਵੇ ਜਲ ਵਿਚ ਜਲ ਦਾ ਉਤਾਰਾ
ਯਾਰ ਦੀ ਹੈ ਕੁੱਲੀ
ਦਰਿਆ ਦਾ ਕਿਨਾਰਾ
ਚੁੱਪ ਚੁੱਪ ਪੌਣ ਸੁੱਤਾ ਜੱਗ ਸਾਰਾ
ਆਪ ਹੀ ਮੈਂ ਪੀਂਘ ਆਪ ਹੀ ਹੁਲਾਰਾ
ਆਪ ਹੀ ਮੈਂ ਯਾਰ
ਤੇ ਯਾਰ ਦਾ ਨਜ਼ਾਰਾ !

–0–

# ਮਾਹੀ ਨਾਲ

ਮਾਹੀ ਨਾਲ ਅੱਖ ਲਗ ਗਈ
ਨੀ ਮੈਂ ਉਡਦੀ ਹਵਾ ਵਿਚ ਰਹਿੰਦੀ
ਸਾਹਾਂ ਵਿਚ ਮਹਿਕਾਂ ਘੁਲੀਆਂ
ਮੈਨੂੰ ਆਪੇ 'ਚੋਂ ਸੁਗੰਧੀ ਪਈ ਆਉਂਦੀ
–0–
ਮੈਥੋਂ ਮੇਰਾ ਚਿਹਰਾ ਹੀ ਪਛਾਣਿਆ ਨਾ ਜਾਏ
ਅੰਗ ਅੰਗ ਮੇਰਾ ਰੂਪ ਮਾਹੀ ਦਾ ਵਟਾਏ
ਨਾ ਇਸ਼ਕੇ ਦੀ ਵਿਸ ਚੜ੍ਹਦੀ
ਜੇ ਮੈਂ ਨਾਮ ਨਾ ਸੱਜਣ ਦਾ ਲੈਂਦੀ
–0–
ਬਾਲ਼ਦੀ ਬਨੇਰੇ ਉੱਤੇ ਨੈਣਾਂ ਦੇ ਚਿਰਾਗ
ਮੋੜਦਾ ਹੈ ਮਾਹੀ ਕਦੋਂ ਸਾਡੇ ਵਲ ਵਾਗ
ਵਸਦਾ ਹੈ ਕਦੋਂ ਰਹਿਮਤਾਂ ਦਾ ਮੀਂਹ
ਵਿਛੋੜੇ ਵਿਚ ਭਿੱਜ ਭਿੱਜ ਸੜ ਗਿਆ ਜੀਅ
ਬੂਹਾ ਖੋਲ੍ਹ ਕੇ ਗਲ਼ੀ ਵਿੱਚ ਬਹਿੰਦੀ
–0–
ਮਲਿਆ ਏ ਸੱਕ ਕੱਜਲਾ ਵੀ ਪਾਇਆ ਏ
ਮਨ ਭਾਉਂਦਾ ਮਾਹੀ ਦਾ ਰੂਪ ਬਣਾਇਆ ਏ
ਕੂਚੀਆਂ ਨੇ ਅੱਡੀਆਂ ਤੇ ਕੰਘੀਆਂ ਵੀ ਫੇਰੀਆਂ
ਰੱਬ ਜਾਣੇ ਮਾਹੀ ਕਾਹਨੂੰ ਲਾਈਆਂ ਦੇਰੀਆਂ
ਹਵਾ ਸੰਗ ਬੂਹਾ ਖੜਕੇ ਫੜ ਕਾਲਜਾ ਮੁੱਠੀ ਵਿਚ ਲੈਂਦੀ
–0–
ਚੜ੍ਹਿਆ ਹੈ ਚਾਅ ਮਾਹੀ ਦੇ ਆਉਣ ਦਾ
ਧਰਤੀ 'ਤੇ ਖੜ੍ਹ ਹੱਥ ਅੰਬਰਾਂ ਨੂੰ ਲਾਉਣ ਦਾ
ਆਪਾ ਭੁੱਲ ਬਾਹਾਂ ਮਾਹੀ ਗਲ਼ ਪਾਉਣ ਦਾ
ਨੰਗੇ ਪਿੰਡੇ ਮਾਹੀ ਦੇ ਨਿੱਘ 'ਚ ਨਹਾਉਣ ਦਾ
ਨੀ ਮੈਂ ਰੂਹ ਤੋਂ ਸਰੀਰ ਲਾਹ ਬਹਿੰਦੀ
–0–

ਮਾਹੀ ਨਾਲ ਅੱਖ ਲਗ ਗਈ
ਨੀ ਮੈਂ ਉਡਦੀ ਹਵਾ ਵਿਚ ਰਹਿੰਦੀ
ਸਾਹਾਂ ਵਿਚ ਮਹਿਕਾਂ ਘੁਲੀਆਂ
ਮੈਨੂੰ ਆਪੇ 'ਚੋਂ ਸੁਗੰਧੀ ਪਈ ਆਉਂਦੀ
-0-

# ਮੌਲੀ ਧਰਤੀ

(ਲੋਕ-ਕਾਵਿ ਟੱਪੇ)

ਚਰਨ ਸਿੰਘ

ਕਾਵਿ-ਸ਼ਾਸਤਰ

# ਤਤਕਰਾ


1. ਵਿਸ਼ਵ ਅਨੁਭਵ
2. ਜੀਵਨ ਅਨੁਭਵ
3. ਪ੍ਰਵਾਸੀ ਅਨੁਭਵ
4. ਹੋਂਦ ਅਨੁਭਵ
5. ਪਿਆਰ ਅਨੁਭਵ
6. ਵਿਛੋੜਾ ਅਨੁਭਵ
7. ਉਡੀਕ ਅਨੁਭਵ
8. ਕਿੱਤਾ ਅਨੁਭਵ

# ਲੋਕ-ਕਾਵਿ ਟੱਪੇ

# ਵਿਸ਼ਵ ਅਨੁਭਵ

ਜੰਗਲ ਨਹੀਂ ਰੁੱਖਾਂ ਦਾ
ਇਹ ਯੁੱਗ ਪਦਾਰਥ ਦਾ
ਇਹ ਯੁੱਗ ਨਹੀਂ ਮਨੁੱਖਾਂ ਦਾ
—0—
ਸੱਚ ਸਮੇਂ ਦਾ ਪਾਵਨ ਹੈ
ਮਨੁੱਖ ਨੇ ਸਿਰਜਿਆ ਜੋ
ਉਹ ਸਮੇਂ ਦਾ ਰਾਵਨ ਹੈ
—0—
ਜ਼ਿੰਦਗੀ 'ਚ ਹੋ ਚੂਰ ਗਿਆ
ਆਪਣੇ ਹੀ ਸਾਏ ਫੜਦਾ
ਬੰਦਾ ਸੱਚ ਤੋਂ ਹੋ ਦੂਰ ਗਿਆ
—0—
ਆਪਾ ਭਾਲਦਾ ਮੋਇਆ ਹੈ
ਆਪਾ ਤੇ ਨਾ ਲੱਭਿਆ
ਬੰਦਾ ਕਬਰਾਂ ਦਾ ਹੋਇਆ ਹੈ
—0—
ਪਾਣੀ ਡੂੰਘੇ ਖੂਹੀਆਂ ਦੇ
ਉਜਾੜਾਂ ਉੱਗ ਆਈਆਂ
ਵਿਹੜੇ ਰੁੱਤਾਂ ਮੋਈਆਂ ਦੇ
—0—
ਬੰਦਾ ਸਾਗਰ ਰਿੜਕ ਗਿਆ
ਆਪਣੇ ਹੀ ਸ਼ੀਸ਼ੇ 'ਚ
ਚਿਹਰਾ ਬੰਦੇ ਦਾ ਤਿੜਕ ਗਿਆ
—0—
ਦੌੜ ਜ਼ਿੰਦਗੀ ਦੀ ਮਾਰ ਗਈ
ਫੁੱਲਾਂ ਦਿਆਂ ਮੱਥਿਆ 'ਚ

ਦੀਵੇ ਪੱਥਰਾਂ ਦੇ ਬਾਲ਼ ਗਈ
—0—
ਬੰਦਾ ਵੰਡ ਲਿਆ ਲੀਕਾਂ ਨੇ
ਸੂਲ਼ੀ ਚੰਨ ਚੜ੍ਹਿਆ
ਗਿੱਧੇ ਪੈਣ ਸ਼ਰੀਕਾਂ ਦੇ
—0—
ਗਾਗਰ ਵਿੱਚ ਸਾਗਰ ਹੈ
ਕ੍ਰਿਸ਼ਮਾ ਮਨੁੱਖੀ ਸੱਚ ਦਾ
ਦੁਨੀਆ 'ਚ ਉਜਾਗਰ ਹੈ
—0—
ਗਤੀ ਪੱਥਰਾਂ 'ਚੋਂ ਜਨਮੀ ਹੈ
ਬੰਦੇ ਦੀ ਪ੍ਰਾਪਤੀ ਸਮਾਂ
ਬੰਦਾ ਸਮੇਂ 'ਚੋਂ ਮੰਨਫੀ ਹੈ
—0—
ਪਰਬਤ ਪਿਆ ਤਰਦਾ ਏ
ਧਰਤੀ ਸਿਰਜ ਲਈ
ਬੰਦਾ ਅੰਬਰ ਘੜਦਾ ਏ
—0—
ਬੰਦਾ ਸਮੇਂ ਨੂੰ ਰਿੜਕ ਗਿਆ
ਬੰਦੇ ਦੀ ਥਾਂ ਸਮੇਂ ਨੇ
ਜਾਨਵਰ ਸਿਰਜ ਲਿਆ
—0—
ਕੀ ਸਫਰ ਮੁਕਾਇਆ ਹੈ
ਮਨੁੱਖ ਦੇ ਭੱਵਿਖ 'ਚੋਂ
ਮਨੁੱਖ ਨਜ਼ਰ ਨਾ ਆਇਆ ਹੈ
—0—
ਕੀ ਬੰਦੇ ਕਰ ਦਿੱਤਾ
ਵਿਹੜਾ ਧਰਤੀ ਦਾ
ਪ੍ਰਦੂਸ਼ਨ ਨਾਲ ਭਰ ਦਿੱਤਾ

—0—
ਕੰਧਾਂ ਵਿੱਚ ਵਿਹੜੇ ਨੇ
ਬੰਦਿਆ ਤੋਂ ਦੂਰ ਹੋਏ
ਬੰਦੇ ਬੰਦਿਆਂ ਦੇ ਜਿਹੜੇ ਨੇ
—0—
ਕੋਈ ਸਾਗਰ ਮੋੜ ਰਿਹਾ
ਜ਼ਿੰਦਗੀ ਪਿੱਛੇ ਰਹਿ ਗਈ
ਮਨੁੱਖ ਅੱਗੇ ਦੌੜ ਰਿਹਾ
—0—
ਜ਼ਿੰਦਗੀ ਦੀਆਂ ਦੌੜਾਂ ਨੇ
ਬੰਦੇ ਦੀਆਂ ਨਜ਼ਰਾਂ 'ਚ
ਉੱਗਾ ਦਿੱਤੀਆਂ ਔੜਾਂ ਨੇ
—0—
ਮਨੁੱਖ ਭੁੱਲ ਗਿਆ ਆਪੇ ਨੂੰ
ਜ਼ਿੰਦਗੀ ਦੀ ਦੌੜ ਪਿੱਛੇ
ਜਿਉਂਦਾ ਇੱਕਲਾਪੇ ਨੂੰ
—0—
ਬੰਦਾ ਆਪੇ 'ਚ ਵੰਡਿਆ ਗਿਆ
ਜਿਉਣ ਦੀ ਜਾਚ ਭੁੱਲਿਆ
ਸੂਲ਼ੀ ਵਸਤੂ ਦੀ ਟੰਗਿਆ ਗਿਆ
—0—
ਚੁੱਪ ਕਰਕੇ ਬਹਿ ਗਿਆ ਹੈ
ਦਾਇਰੇ ਸਿਰਜਦਾ ਸੀ
ਸਿਫਰਾ ਬਣ ਰਹਿ ਗਿਆ ਹੈ
—0—
ਇੱਕਲਾ ਰੁੱਖ ਨਾ ਕੋਈ ਹੋਵੇ
ਜੰਗਲ ਨੂੰ ਮਿਲਣ ਲਈ
ਇੱਕਲੇ ਰੁੱਖ ਦੀ ਜੜ੍ਹ ਰੋਵੇ
—0—

ਜਗ ਪਦਾਰਥੀ ਧੰਦਾ ਏ
ਜ਼ਿੰਦਗੀ ਅੱਗੇ ਲੰਘ ਗਈ
ਪਿੱਛੇ ਰਹਿ ਗਿਆ ਬੰਦਾ ਏ
—0—
ਚਰਚੇ ਵਸਤੂ ਸੰਸਾਰ ਦੇ ਨੇ
ਰਿਸ਼ਤੇ ਮਨੁੱਖਤਾ ਦੇ ਹੋਏ
ਪਾਣੀ ਸਾਰ ਦੇ ਨੇ
—0—
ਕਿਹਾ ਮਾਹੁਰਾ ਖਾਹ ਬੈਠੇ
ਜ਼ਿੰਦਗੀ ਦੀ ਦੌੜ ਪਿੱਛੇ
ਆਪਾ ਹੀ ਗੁਆ ਬੈਠੇ
—0—
ਰੁੱਖ ਝੱਲੇ ਦਾ ਝੱਲਾ ਹੈ
ਜੰਗਲ ਵਿੱਚ ਰਹਿੰਦਾ ਵੀ
ਇੱਕਲ ਮਕੱਲਾ ਹੈ
—0—
ਉਦਾਸੀ ਚਿਹਰੇ 'ਤੇ ਛਾਈ ਹੈ
ਬੂੰਦ ਹੋ ਸਾਗਰ ਦੀ
ਸਾਗਰ ਲਈ ਪਰਾਈ ਹੈ
—0—
ਤਾਰੇ ਟੁੱਟਦੇ ਨੇ ਅੰਬਰਾਂ ਤੋਂ
ਜੰਗਲ ਦੇ ਰੁੱਖ ਜਾਗੇ
ਜੰਗਲ ਦਿਆ ਭਰਮਾਂ ਤੋਂ
—0—
ਆਪਣਾ ਹੀ ਜ਼ਮਾਨਾ ਹੈ
ਦੁਨੀਆ ਤਾਂ ਹੈ ਆਪਣੀ
ਆਪਣਾ ਹੀ ਬੇਗਾਨਾ ਹੈ
—0—
ਮਨੁੱਖ ਗਲ ਲੱਗ ਰੋਇਆ ਹੈ

ਬਿਨਾਂ ਚਾਹੇ ਵੰਡਿਆ ਗਿਆ
ਏਕਾ ਸਿਫਰੇ ਹੋਇਆ ਹੈ
—0—
ਪਿੰਜਰੇ ਨੇ ਸੌ ਮੰਜ਼ਿਲੇ
ਪੰਛੀ ਵਿੱਚ ਵਸਦੇ
ਨਾ ਕਿਸੇ ਦੇ ਕੁੱਝ ਲਗਦੇ
—0—
ਦੇਹ ਬਜਾਰੀ ਜਹਾਨ ਦੀ ਏ
ਭੀੜ ਹੈ ਲੋਕਾਂ ਦੀ
ਕਮੀ ਇਨਸਾਨ ਦੀ ਏ
—0—
ਕੀ ਖੱਟਿਆ ਕਮਾਇਆ ਹੈ
ਸ਼ੀਸ਼ ਦੀ ਦੁਨਿਆ 'ਚੋਂ
ਜੰਗਲ ਉੱਗ ਆਇਆ ਹੈ
—0—
ਮਿੱਟੀ ਦਾ ਖਾਲੀ ਘੜਾ
ਮਨੁੱਖ ਜਿੱਥੋਂ ਟੁਰਿਆ ਸੀ
ਹੈ ਉੱਥੇ ਦਾ ਉੱਥੇ ਖੜਾ
—0—
ਤਿਪ ਤਿਪ ਕਰ ਚੋਇਆ ਹੈ
ਭਰਿਆ ਸੀ ਜਦ ਟੁਰਿਆ
ਖਾਲੀ ਮੰਜ਼ਿਲ 'ਤੇ ਹੋਇਆ ਹੈ
—0—
ਕੇਹੀ ਹੋਣੀ ਹੈ ਆਦਮ ਦੀ
ਜ਼ਿੰਦਗੀ ਜ਼ਖ਼ਮ ਹੋਈ
ਜੋ ਮਾਂ ਸੀ ਆਲਮ ਦੀ
—0—
ਬੰਦਾ ਬੰਦੇ ਨੂੰ ਲੁੱਟਦਾ ਹੈ
ਫੁੱਲਾਂ ਵਾਲਾ ਰੁੱਖ ਜ਼ਿੰਦਗੀ

ਹੱਥੀਂ ਮਾਨਵ ਪੁੱਟਦਾ ਹੈ
—0—
ਮਾਨਵ ਸਿਰ ਸਿਹਰੇ ਨੇ
ਇੱਕ ਧੜ ਮਾਨਵ ਦਾ
ਗਰਦਨ ਤੇ ਕਈ ਚਿਹਰੇ ਨੇ
—0—
ਸਾਗਰ 'ਚੋਂ ਚੰਨ ਚੜ੍ਹਿਆ
ਨਾ ਧਰਤੀ ਤੇ ਜਿਉਣਾ ਸਿੱਖਿਆ
ਬੰਦਾ ਅੰਬਰੀ ਜਾਅ ਵੜਿਆ
—0—
ਬੰਦਾ ਬੰਦੇ ਦਾ ਨਾ ਹੋਇਆ
ਮੁੱਠ ਵਿੱਚ ਚੰਨ ਫੜਿਆ
ਬੰਦਾ ਰੱਬ ਦਾ ਰੱਬ ਹੋਇਆ
—0—
ਕੀ ਧਰਤੀ ਨੇ ਜਣਿਆ ਹੈ
ਬੰਦਾ ਨਾ ਬਣ ਸਕਿਆ
ਗੋਲਾ ਅੱਗ ਦਾ ਬਣਿਆ ਹੈ
—0—
ਜਲ ਥਲ ਵਿੱਚ ਬਦਲ ਗਿਆ
ਅੱਖੀਆਂ 'ਚ ਵਸਦਾ ਸੀ
ਰੁੱਖ ਹਰਿਆ ਕਿੱਧਰ ਗਿਆ
—0—
ਪਏ ਹੌਕੇ ਭਰਦੇ ਹਾਂ
ਜਦੋਂ ਦੀ ਹੈ ਲਾਈ ਚੰਨ ਵੇ
ਜਿਉਂਦੇ ਨਾ ਮਰਦੇ ਹਾਂ
—0—
ਗੁਆਚਾ ਲਭਦੇ ਹਾਂ
ਹਾਸਲ ਜੋ ਕੀਤਾ
ਉਹਨੂੰ ਰੋ-ਰੋ ਤੱਕਦੇ ਹਾਂ

—0—
ਹੋਇਆ ਕੱਖੋਂ ਹੌਲਾ ਏ
ਜ਼ਿੰਦਗੀ ਦੀ ਦੌੜ 'ਚ ਬੰਦਾ
ਮਾਸਾ ਨਾ ਤੋਲਾ ਏ
—0—
ਬੰਦਾ ਨਜ਼ਰਾਂ 'ਚ ਗਿਰ ਗਿਆ
ਡੁੱਬਕੇ ਕਈ ਤਰ ਗਏ
ਇਹ ਤਰਕੇ ਡੁੱਬ ਗਿਆ
—0—
ਇਸ ਰੁੱਖ ਦੀ ਛਾਂਅ ਕੋਈ ਨਾ
ਬੈਠਾ ਤਾਂ ਮੰਜ਼ਿਲ ਹੈ
ਟੁਰਦਾ ਹੈ ਤਾਂ ਰਾਹ ਕੋਈ ਨਾ
—0—
ਜ਼ਿੰਦਗੀ ਇਕ ਬਿੰਦੂ ਨਹੀਂ
ਬਿੰਦੂਆਂ ਦਾ ਸਾਗਰ ਹੈ
ਪ੍ਰੰਤੂ ਤੇ ਕਿੰਤੂ ਨਹੀਂ
—0—
ਚਲੇ ਝੱਖੜ ਹਨੇਰੀਆਂ ਨੇ
ਥਲ ਵਿੱਚ ਰੁੱਖ ਇੱਕਲੜਾ
ਦੁਆਲੇ ਰੇਤਾਂ ਦੀਆਂ ਢੇਰੀਆਂ ਨੇ
—0—
ਕੀ ਬੂਟਾ ਲਾਇਆ ਹੈ
ਮਨ ਦਾ ਸੁੱਖ ਭਾਲ਼ਦੇ
ਅਸਾਂ ਆਪਾ ਗੁਆਇਆ ਹੈ
—0—
ਕਿੰਨ੍ਹਾ ਜ਼ਿੰਦਗੀ 'ਚ ਦੌੜੇ ਹਾਂ
ਜ਼ਿੰਦਗੀ ਨੂੰ ਫੜ ਨਾ ਸਕੇ
ਹੋਏ ਭੀੜਾਂ ਰੋਲ਼ੇ ਹਾਂ
—0—

ਅਸੀਂ ਜ਼ਿੰਦਗੀ ਲਈ ਧੋਤੇ ਹਾਂ
ਭੱਵਿਖ ਲਈ ਨਿਕਲੇ ਸਾਂ
ਬੀਤੇ 'ਚ ਖਲੋਤੇ ਹਾਂ

—0—

ਪਿੰਡਾ ਕੱਚ ਦਾ ਜਗ ਹੋਇਆ
ਆਪਣਾ ਸੱਚ ਭੁੱਲ ਕੇ
ਕੁਦਰਤ ਤੋਂ ਵੱਖ ਹੋਇਆ

—0—

ਲਾਏ ਅੰਬਰੀ ਡੇਰੇ ਨੇ
ਛਾਲੇ ਬੀਜ ਦਿੱਤੇ
ਅਸਾਂ ਧਰਤੀ ਵਿਹੜੇ ਨੇ

—0—

ਅੱਗ ਸਾਗਰ 'ਚ ਧਰ ਗਿਆ ਹੈ
ਹਰੀ ਭਰੀ ਦੁਨੀਆ ਨੂੰ
ਬੰਦਾ ਖੰਡਰ ਕਰ ਗਿਆ ਹੈ

—0—

ਹਵਾ ਪਾਣੀ ਵੰਡ ਲਏ ਨੇ
ਧਰਤੀ ਦੇ ਕਰ ਟੁਕੜੇ
ਢਿੱਡ ਆਪਣੇ ਭਰ ਲਏ ਨੇ

—0—

ਅੰਬਰਾਂ ਤੇ ਪਸੀਜ ਗਿਆ
ਜੀਉਂਦੇ ਜੀਅ ਧਰਤੀ 'ਤੇ
ਬੰਦਾ ਅੱਗਾਂ ਬੀਜ ਗਿਆ

—0—

ਬੰਦਾ ਅੰਬਰ ਗਾਹੁੰਦਾ ਏ
ਔੜਾਂ ਮਾਰੀ ਧਰਤੀ 'ਤੇ
ਅੱਗਾਂ ਬਰਸਾਉਂਦਾ ਏ

—0—

ਮੂੰਹ ਪੇਟ ਬਣਾ ਲਿਆ ਹੈ

ਬੰਦੇ ਨੇ ਮਾਸ ਤਾਈਂ
ਬੰਦੇ ਦਾ ਖਾਹ ਲਿਆ ਹੈ
—0—
ਜੰਗਲ ਹੈ ਬਾਸਾ ਦਾ
ਮੁਹੱਬਤਾਂ ਰਾਖ ਹੋਈਆਂ
ਧਰਤੀ ਘਰ ਲਾਸ਼ਾਂ ਦਾ
—0—
ਅੱਗ ਜੰਗਲੀ ਲਾ ਗਿਆ ਏ
ਆਪਣੀ ਭੁੱਖ ਖਾਤਿਰ
ਹਰਿਆਉਂਲਾ ਖਾਹ ਗਿਆ ਏ
—0—
ਸ਼ੀਸ਼ਾ ਜੰਗਲੋਂ ਉਗਾਇਆ ਏ
ਸ਼ੀਸ਼ੇ ਦੀ ਦੁਨੀਆ ਨੇ
ਸੱਚ ਆਪਣਾ ਗੁਆਇਆ ਏ
—0—
ਪਿਆਰੋਂ ਸੱਖਣੇ ਰਿਸ਼ਤੇ ਨੇ
ਹਰ ਸ਼ੈਅ ਮਹਿੰਗੀ ਹੈ
ਬਸ ਬੰਦੇ ਸਸਤੇ ਨੇ
—0—
ਉੱਚੀ ਬੰਦੇ ਦੀ ਹਸਤੀ ਏ
ਆਪਣੇ ਘਰ ਸੂਰਜ
ਹਨੇਰੀ ਦੁਨੀਆ ਦੀ ਬਸਤੀ ਏ
—0—
ਬੰਦੇ ਅੰਬਰ ਤਣਿਆ ਹੈ
ਬੰਦੇ ਤੋਂ ਹੈਵਾਨ ਹੋ ਗਿਆ
ਬੰਦਾ ਬੰਦਾ ਨਾ ਬਣਿਆ ਹੈ
—0—
ਹਰ ਨਿਹਮਤ ਚਾਹੁੰਦਾ ਹੈ
ਦੂਜੇ ਲਈ ਅੱਗਾਂ ਬੀਜ ਦਾ

ਖੇਤੀ ਭੁੱਖਾ ਉਗਾਉਂਦਾ ਹੈ
—0—
ਬੰਦੇ ਆਪਾ ਵਿਸਥਾਰ ਲਿਆ
ਧਰਤੀ ਨੂੰ ਮੁੱਠੀ ਫੜਿਆ
ਕੱਛੇ ਅੰਬਰ ਮਾਰ ਲਿਆ
—0—
ਬੰਦਾ ਆਪਾ ਜੇ ਪੜ੍ਹ ਲੈਂਦਾ
ਜ਼ਿੰਦਗੀ ਦੇ ਮੱਥੇ ਸੂਰਜ
ਚਾਨਣ ਘਰ ਘਰ ਕਰ ਲੈਂਦਾ
—0—
ਪੈਰ ਅੰਬਰਾਂ 'ਤੇ ਕੀ ਧਰਨਾ
ਚੰਨਾਂ ਤਾਰਿਆਂ ਦਾ ਕੀ
ਜੇ ਆਪਾ ਹੀ ਨਹੀਂ ਪੜ੍ਹਨਾ
—0—
ਮਨੁੱਖ ਦਾਇਰਾ ਹੋ ਗਿਆ ਹੈ
ਲੋਭ ਹੰਕਾਰ ਆਪਣਾ
ਹਰ ਬਿੰਦੂ 'ਚ ਬੋਅ ਗਿਆ ਹੈ
—0—
ਰਾਵਨ ਵੇਦਾਂ ਦਾ ਗਿਆਤਾ ਹੈ
ਗਿਆਨ ਦਾ ਸੂਰਜ ਹੈ
ਖਾਲੀ ਅਕਲ ਦਾ ਖਾਤਾ ਹੈ
—0—
ਜ਼ਿੰਦਗੀ ਦੇ ਜੋ ਪਾੜੇ ਨੇ
ਬੰਦੇ ਲਈ ਬੰਦੇ ਨੇ
ਖ਼ੁਦ ਆਪ ਉਸਾਰੇ ਨੇ
—0—
ਜਿੱਥੇ ਆ ਕੇ ਖਲੋਅ ਗਿਆ ਹੈ
ਸਭ ਕੁੱਝ ਹੈ ਉੱਥੇ
ਬੰਦਾ ਮੰਨਫੀ ਹੋ ਗਿਆ ਹੈ

—0—
ਕੀ ਸਫਰ ਮੁਕਾਇਆ ਹੈ
ਮੰਜ਼ਿਲ ਤੇ ਡਿੱਠਾ ਆ ਕੇ
ਸੱਚ ਰਾਹਾਂ 'ਚ ਗਵਾਇਆ ਹੈ
—0—
ਅਸੀਂ ਭਰਮ ਪਏ ਜੀਂਦੇ ਹਾਂ
ਜ਼ਹਿਰ ਹੈ ਜ਼ਿੰਦਗੀ ਦਾ
ਅੰਮ੍ਰਿਤ ਸਮਝ ਜੋ ਪੀਂਦੇ ਹਾਂ
—0—
ਸੱਚ ਸਾਹਮਣੇ ਆਇਆ ਹੈ
ਦੁਨੀਆ ਦੀ ਭੀੜ 'ਚ ਬੰਦੇ
ਸ਼ਨਾਖਤ ਨੂੰ ਗਵਾਇਆ ਹੈ
—0—
ਧਰਤੀ ਸਿਰ ਕਰਜ਼ਾ ਹੋਇਆ ਹੈ
ਕਰਜ਼ੇ ਦੇ ਹੇਠ ਆ ਕੇ
ਅੰਨ ਦਾਤਾ ਮੋਇਆ ਹੈ
—0—
ਲਹੂ ਛਤਾਂ 'ਚੋਂ ਚੋਇਆ ਹੈ
ਬਰੂਦ ਦੇ ਹੇਠਾਂ ਆਇਆ
ਘਰ ਕੋਲੇ ਹੋਇਆ ਹੈ
—0—
ਕੀ ਜ਼ਿੰਦਗੀ 'ਚ ਪਾਇਆ ਹੈ
ਆਪਣੇ ਰੁਝੇਵਿਆਂ 'ਚ
ਅੱਗਾ ਆਪਣਾ ਗੁਆਇਆ ਹੈ
—0—
ਚੁੱਲ੍ਹਾ ਹਰ ਘਰ ਦਾ ਠੰਡਾ ਹੈ
ਨਿਵਸਤਰ ਧਰਤੀ 'ਤੇ
ਭੌਂਦਾ ਅੰਬਰ ਨੰਗਾ ਹੈ
—0—

ਨਸ਼ਾ ਘੜਿਉ ਪਾਣੀ ਹੈ
ਠੰਡੇ ਚੁੱਲ੍ਹਿਆ ਦੀ
ਘਰ-ਘਰ ਦੀ ਕਹਾਣੀ ਹੈ
—0—
ਲੋਕੀਂ ਜਿਉਂਦੇ ਮੁਰਦੇ ਨੇ
ਜ਼ਿੰਦਗੀ ਦੇ ਲੈਣ ਸੁਫਨੇ
ਜੋ ਕਬਰੀ ਵਸਦੇ ਨੇ
—0—
ਕੋਈ ਅਦਬ ਅਦੀਬ ਨਹੀਂ
ਦੁਨੀਆ ਨਫ਼ਰਤ ਦੀ
ਕੋਈ ਆਪਣਾ ਹਬੀਬ ਨਹੀਂ
—0—
ਦਿੱਤੀ ਜ਼ਿੰਦਗੀ ਉਜਾੜ ਬਣਾ
ਮਨੁੱਖ ਨੇ ਧਰਤੀ 'ਤੇ
ਦਿੱਤਾ ਹੈ ਬਰੂਦ ਉੱਗਾ
—0—
ਬੰਦੇ ਚੰਨ ਨੂੰ ਕੀ ਪਾਇਆ ਹੈ
ਧਰਤੀ ਦੀ ਕੁੱਖ ਵਿੱਚੋਂ
ਜੰਗਲ ਅੱਗ ਦਾ ਉਗਾਇਆ ਹੈ
—0—
ਦੁਨੀਆ ਸ਼ੀਸ਼ੇ ਦੀ ਸਿਰਜ ਲਈ
ਜ਼ਿੰਦਗੀ ਦੇ ਪਿੰਡੇ 'ਚੋਂ
ਕੁਦਰਤ ਹੈ ਨੁਚੜ ਗਈ
—0—
ਬੁੱਤ ਸ਼ੀਸ਼ੇ ਦਾ ਘੜਿਆ ਏ
ਸਿਰਜੇ ਬੁੱਤ ਪਿੰਡਿਉਂ
ਜੰਗਲ ਉੱਗ ਖੜਿਆ ਏ
—0—
ਜੀਉਂਦੇ ਜੀਅ ਮੁਰਦੇ ਨੇ

ਕੱਚ ਦੀਆਂ ਸੜਕਾਂ 'ਤੇ
ਬੁੱਤ ਕੱਚ ਦੇ ਜੋ ਟੁਰਦੇ ਨੇ
—0—
ਜ਼ਿੰਦਗੀ ਸੰਗ ਵਹਿ ਗਏ ਹਾਂ
ਪਿੱਛੇ ਵੀ ਇੱਕਲੇ ਸਾਂ
ਅੱਗੇ ਵੀ ਇੱਕਲੇ ਰਹਿ ਗਏ ਹਾਂ
—0—
ਰੁੱਖ ਨਾ ਛਾਂਅ ਆਪਣੀ
ਅਜਨਬੀ ਦੁਨੀਆ 'ਚ
ਓਪਰੀ ਜਿਹੀ ਥਾਂ ਆਪਣੀ
—0—
ਜ਼ਿੰਦਗੀ ਉਬਲਣੇ ਧਰ ਲਈ ਏ
ਗੰਧਲਾ ਜਲ ਹੋਇਆ
ਹਵਾ ਮੈਲੀ ਕਰ ਲਈ ਏ
—0—
ਉਜੜੇ ਬੇਲੇ ਜੂਹਾਂ ਨੇ
ਕਿੱਥੇ ਜਾ ਕੇ ਸਾਹ ਲਈਏ
ਹਰ ਪਾਸੇ ਧੂੰਆ ਏ
—0—
ਪ੍ਰਦੂਸ਼ਨ ਸੰਗ ਜਗ ਭਰਿਆ
ਹਵਾਵਾਂ ਝੂਲਸ ਗਈਆਂ
ਪਿੰਡਾ ਅੱਗਣ ਦਾ ਹੈ ਠਰਿਆ
—0—
ਵਾਤਾਵਰਣ ਨੂੰ ਕੀ ਹੋਇਆ
ਜ਼ਿੰਦਗੀ ਦੇ ਸਾਗਰ ਦਾ
ਪਿੰਡਾ ਸੜਕੇ ਸਵਾਹ ਹੋਇਆ
—0—
ਫੁੱਲ ਕਲੀਆਂ ਸਲੀਬਾਂ 'ਤੇ
ਧੁਖਦੇ ਬੋਲ ਨੇ ਗੁਲਸ਼ਨ ਦੇ

ਛਾਲੇ ਕੋਇਲ ਦੀ ਜੀਭਾਂ 'ਤੇ
—0—
ਜੀਨ ਮਰਨ ਦੀ ਅਜਾਦੀ ਨਹੀਂ
ਲਾਸ਼ਾਂ ਦਾ ਘਰ ਦੁਨੀਆ
ਜੀਂਦੇ ਲੋਕਾਂ ਦੀ ਅਬਾਦੀ ਨਹੀਂ
—0—
ਪੀਲਾ ਅੰਬਰ ਹੋਇਆ ਹੈ
ਧਰਤੀ ਦੀ ਕੁੱਖ ਧੁੱਖਦੀ
ਕੋਈ ਗਰਭ 'ਚ ਮੋਇਆ ਹੈ
—0—
ਥਲ ਪਸਰੇ ਨੈਣੀਂ ਨੇ
ਦਰਿਆਵਾਂ ਨੂੰ ਕੰਢੇ ਭੁੱਲ ਗਏ
ਭੁੱਲੇ ਕੰਢਿਆਂ ਨੂੰ ਪਾਣੀ ਨੇ
—0—
ਗਿੱਲੀ ਵੱਟ ਤੋਂ ਤਿਲ੍ਹਕ ਗਿਆ
ਜ਼ਿੰਦਗੀ ਪਿੱਛੇ ਰਹਿ ਗਈ
ਬੰਦਾ ਅੱਗੇ ਨਿਕਲ ਗਿਆ
—0—
ਜਗ ਕੋਠਾ ਰੰਡੀਆਂ ਦਾ
ਸੌਦਾ ਜਿਸਮਾਂ ਦਾ
ਵਿਉਪਾਰ ਹੈ ਮੰਡੀਆਂ ਦਾ
—0—
ਕੀ ਜ਼ਿੰਦਗੀ ਮਨੁੱਖ ਸਿਰਜੀ
ਨਾ ਜ਼ਿੰਦਗੀ 'ਚੋਂ ਮਨੁੱਖ ਦਿਸਦਾ
ਨਾ ਮਨੁੱਖ 'ਚੋਂ ਜ਼ਿੰਦਗੀ ਦਿਸਦੀ
—0—
ਅਸਾਂ ਹਰ ਥਾਂ ਲੱਭਿਆ ਹੈ
ਸਾਨੂੰ ਤਾਂ ਮਿਲਿਆ ਨਹੀਂ
ਕਣ-ਕਣ 'ਚ ਜੋ ਵਸਿਆ ਹੈ

# ਲੋਕ-ਟੱਪੇ

# ਜੀਵਨ ਅਨੁਭਵ

ਤੇਰਾ ਚੋਅ ਚੋਅ ਰੰਗ ਪੈਂਦਾ
ਤਾਰਿਆਂ ਦੀ ਮਹਿਫਲ 'ਚ
ਜਿਉ ਸੰਗ-ਸੰਗ ਚੰਨ ਬਹਿੰਦਾ
—0—
ਹੱਥਾਂ ਦੀ ਮਹਿੰਦੀ ਹੈ
ਸਦਾ ਤੈਨੂੰ ਲੱਭਦੀ ਰਹੀ
ਲਭ ਤੱਕਦੀ ਰਹਿੰਦੀ ਹੈ
—0—
ਬੱਦਲਾਂ ਦਾ ਸਾਇਆ ਹੈ
ਸੱਜਣ ਰੱਬ ਵਰਗਾ
ਵਿਹੜੇ ਸਾਡੇ ਆਇਆ ਹੈ
—0—
ਕੋਈ ਗੀਤ ਉਚਾਰ ਗਿਆ
ਅੱਖਾਂ ਰਾਹੀਂ ਮੁੱਖ ਆਪਣਾ
ਦਿਲ 'ਚ ਉਤਾਰ ਗਿਆ
—0—
ਕਈ ਰੰਗ ਨੇ ਲਗੀਆਂ ਦੇ
ਸ਼ੀਸ਼ੇ ਨੂੰ ਤ੍ਰੇੜ ਆ ਗਈ
ਭੇਦ ਖੁੱਲ ਗਏ ਅੱਖੀਆਂ ਦੇ
—0—
ਕਈ ਰੰਗ ਗੁਲਜ਼ਾਰਾਂ ਦੇ
ਬੰਨੇਰੇ ਤੇ ਹੈ ਕਾਗ ਬੋਲਦਾ
ਸੁਨੇਹੇ ਆਏ ਬਹਾਰਾਂ ਦੇ
—0—
ਕੋਠੇ 'ਤੇ ਤੰਦੂਰ ਤਪੇ
ਮੁੜ੍ਹਕੇ 'ਚ ਰੰਗ ਚੋਅ ਗਿਆ

ਲੈਲਾ ਕਾਲੀ ਪਈ ਹੂਰ ਲੱਗੇ
—0—
ਦੀਵੇ ਧਰਤੀ 'ਤੇ ਜਗਦੇ ਨੇ
ਚੂਚੇ ਕੁਕੜੀ ਦੇ
ਬੁੱਕ ਤਾਰਿਆਂ ਦੀ ਲਗਦੇ ਨੇ
—0—
ਰੇਲ ਦਾ ਠੇਲ੍ਹਾ ਏ
ਸਦਾ ਲਈ ਨਹੀਂ ਰਹਿੰਦਾ
ਜਗ ਜਿਉਂਦਿਆ ਦਾ ਮੇਲਾ ਏ
—0—
ਨੈਣ ਪਏ ਜਗਦੇ ਨੇ
ਬੂਟੇ ਅੰਬਾਂ ਦੇ
ਸੋਹਣੇ ਖੂਹ 'ਤੇ ਲਗਦੇ ਨੇ
—0—
ਨਦੀਆਂ ਪਈਆਂ ਵਗਦੀਆਂ
ਕਲੀਆਂ ਅਨਾਰਾਂ ਦੀਆਂ
ਮੋਮ ਬੱਤੀਆਂ ਜਗਦੀਆਂ
—0—
ਮੱਥੇ ਚੰਨ ਪਿਆ ਹੱਸਦਾ ਏ
ਰੁੱਖਾਂ ਦੀ ਬੁੱਕਲ਼ 'ਚ
ਪਿੰਡ ਸਾਡਾ ਵਸਦਾ ਏ
—0—
ਕੱਚੇ ਕੋਠੇ ਵਿਹੜੇ ਨੇ
ਮਿੱਟੀ ਦੇ ਘਰੀਂ ਜਗਦੇ
ਮਿੱਟੀ ਦੇ ਦੀਵੇ ਨੇ
—0—
ਜ਼ਿੰਦਗੀ ਦੇ ਰੁਝੇਵੇਂ ਨੇ
ਆਪਣੇ ਲਈ ਵਕਤ ਨਹੀਂ
ਕੰਮ ਜ਼ਿੰਦ ਨੂੰ ਬਥੇਰੇ ਨੇ

—0—
ਰੁੱਖ ਟੁਰਨਾ ਸਿੱਖ ਗਏ ਨੇ
ਸਾਗਰਾਂ ਦੇ ਪਾਣੀਆਂ 'ਤੇ
ਨਾਂਅ ਆਪਣਾ ਲਿਖ ਗਏ ਨੇ
—0—
ਦੁਖੜੇ ਰੋਜ਼ਗਾਰਾਂ ਦੇ
ਵਿਹਲ ਨਹੀਂ ਜ਼ਿੰਦਗੀ ਦੀ
ਭੁੱਖੇ ਨੈਣ ਦੀਦਾਰਾਂ ਦੇ
—0—
ਸਾਡੀ ਕੁੱਲੀ ਚੋਂਦੀ ਏ
ਧੁੱਪ ਸਾਡੇ ਵਿਹੜੇ ਦੀ
ਲਗ ਕੰਧਾਂ ਨਾਲ ਰੋਂਦੀ ਏ
—0—
ਸਮੇਂ ਦੀਆਂ ਘੜੀਆਂ ਨੇ
ਵਸਤਾਂ ਖਾਣ ਦੀਆਂ
ਅਸਮਾਨੀ ਚੜ੍ਹੀਆਂ ਨੇ
—0—
ਮਹਿੰਗਾਈ ਮਾਰ ਲਿਆ
ਸੂਰਜ ਅੰਬਰਾਂ ਦਾ
ਰਿਸ਼ਵਤ ਨੇ ਠਾਰ ਲਿਆ
—0—
ਜੀਣਾ ਮੁਹਾਲ ਹੋਇਆ
ਗਲੀਆਂ ਦੇ ਕੱਖਾਂ ਜਿਹਾ
ਲੋਕਾਂ ਦਾ ਹਾਲ ਹੋਇਆ
—0—
ਇੱਕ ਪੱਤਾ ਟਾਲ੍ਹੀ ਦਾ
ਫੁੱਲਾਂ ਨੂੰ ਮਾਰ ਗਿਆ
ਡਰ ਬਾਗ ਦੇ ਮਾਲੀ ਦਾ
—0—

ਜਗਰਾਤਾ ਉਮਰਾਂ ਦਾ
ਨਜ਼ਰਾਂ 'ਚ ਸੂਲ਼ਾਂ ਉੱਗੀਆਂ
ਫਲ਼ ਮਿਲਿਆ ਕਰਮਾਂ ਦਾ
—0—
ਤ੍ਰਿਸ਼ਨਾ ਖਾਹ ਗਈ ਏ
ਹਾਸਲ ਕੁੱਝ ਵੀ ਨਹੀਂ
ਐਵੇ ਉਮਰ ਗੁਆ ਲਈ ਏ
—0—
ਰੀਸਾਂ ਨੇ ਮਾਰ ਲਿਆ
ਮਰਕੇ ਵੀ ਨਹੀਂ ਲਹਿਣਾ
ਜਿੰਨ੍ਹਾ ਕਰਜ਼ਾ ਚਾੜ੍ਹ ਲਿਆ
—0—
ਕੀ ਕਹਿਰ ਕਮਾਇਆ ਏ
ਬੰਦੇ ਨੇ ਬੰਦੇ ਨੂੰ
ਤੱਤੀ ਤਵੀ 'ਤੇ ਬਿਠਾਇਆ ਏ
—0—
ਪਏ ਅੰਬਰੀ ਛਾਲੇ ਨੇ
ਰੱਬੀ ਬੁੱਤ ਬੰਦਿਆਂ
ਦੇਗਾਂ 'ਚ ਉਬਾਲ਼ੇ ਨੇ
—0—
ਪਾਅ ਛੱਜ ਵਿੱਚ ਛੱਟਿਆ ਏ
ਅੰਨ੍ਹੀ ਹਕੂਮਤ ਨੇ
ਬੰਦਾ ਬੰਦ-ਬੰਦ ਕੱਟਿਆ ਏ
—0—
ਇਹ ਦਰ ਜੋ ਭੀੜੇ ਨੇ
ਹੈਕੜੀ ਹਕੂਮਤ ਨੇ
ਬੰਦੇ ਆਰਿਆ ਨਾਲ ਚੀਰੇ ਨੇ
—0—
ਕੀ ਹਨੇਰੀਆਂ ਆਈਆਂ ਨੇ

ਬੰਦੇ ਦੀਆਂ ਖੋਪਰੀਆਂ
ਰੰਬੀਆਂ ਨਾਲ ਲਾਹੀਆਂ ਨੇ
—0—
ਹੱਥ ਲਹੂ ਨਾਲ ਰੰਗੇ ਨੇ
ਚਿੜੀਆਂ ਦੇ ਬੋਟ ਜ਼ਾਲਮਾਂ
ਨੇਜ਼ਿਆਂ 'ਤੇ ਟੰਗੇ ਨੇ
—0—
ਕੋਈ ਡੁਬਦੇ ਤਾਰ ਗਿਆ
ਸਾਰਾ ਪ੍ਰਵਾਰ ਆਪਣਾ
ਲੋਕਾਂ ਲਈ ਵਾਰ ਗਿਆ
—0—
ਅਸੀਂ ਜਿਉਣਾ ਭੁੱਲ ਗਏ ਹਾਂ
ਅੰਬਰਾਂ ਦੇ ਤਾਰੇ ਸਾਂ
ਮਿੱਟੀ ਵਿੱਚ ਰੁਲ ਗਏ ਹਾਂ
—0—
ਕੀ ਜ਼ਿੰਦਗੀ 'ਚ ਪਾਇਆ ਹੈ
ਤ੍ਰਿਸ਼ਨਾ ਨਾ ਮੁੱਕੀਆਂ
ਚੈਨ ਮਨ ਦਾ ਗੁਆਇਆ ਹੈ
—0—
ਦਾਇਰੇ ਬਿੰਦੂ ਹੋ ਗਏ ਨੇ
ਸਾਡੀਆਂ ਹੀ ਨਜ਼ਰਾਂ 'ਚ
ਦਿਸਹੱਦੇ ਖੋਹ ਗਏ ਨੇ
—0—
ਪੱਤ ਰੁੱਖਾਂ ਦੇ ਸੁੱਕ ਗਏ ਨੇ
ਚਿਹਰੇ ਸੱਜਣਾ ਦੇ
ਚੇਤੇ ਆਉਣੋ ਭੁੱਲ ਗਏ ਨੇ
—0—
ਤਮਾਸ਼ਾਈ ਜਗ ਸਾਰਾ ਏ
ਕਲੀਆਂ ਦੀ ਸ਼ਰਮੋ ਹਾਇਆ

ਕੋਠੇ ਦਾ ਨਜ਼ਾਰਾ ਏ
—0—
ਆਰ ਦੇ ਨਾ ਪਾਰ ਦੇ ਰਹੇ
ਜ਼ਿੰਦਗੀ ਨੂੰ ਕੰਡ ਦੇ ਕੇ
ਐਵੇਂ ਉਮਰ ਗੁਜ਼ਾਰਦੇ ਰਹੇ
—0—
ਹੱਥੋਂ ਜ਼ਿੰਦਗੀ ਦੇ ਕਿਰ ਗਏ ਹਾਂ
ਜਿੱਧਰ ਵੀ ਨਜ਼ਰ ਗਈ
ਹਰ ਪਾਸਿਉਂ ਗਿਰ ਗਏ ਹਾਂ
—0—
ਰੁੱਖਾਂ ਦੇ ਸਾਏ ਨੇ
ਰੁੱਖਾਂ ਲਈ ਬੇਗਾਨੇ ਨੇ
ਆਪਣੇ ਲਈ ਪਰਾਏ ਨੇ
—0—
ਨਦੀਆਂ ਵਿੱਚ ਸਾਗਰ ਨੇ
ਗੁਲਸ਼ਨ ਦੇ ਮਾਲੀ ਲਈ
ਧੀਆਂ ਪੁੱਤ ਨਾ ਬਰਾਬਰ ਨੇ
—0—
ਬੱਦਲਾਂ ਦੀ ਗੜ-ਗੜ ਹੈ
ਪ੍ਰਦੇਸਾਂ ਨੂੰ ਪੰਛੀ ਉੱਡੇ
ਖੰਭਾਂ ਦੀ ਖੜਖੜ ਹੈ
—0—
ਮਚ ਜੰਗਲ ਵਿੱਚ ਸ਼ੋਰ ਗਿਆ
ਰੁੱਖਾਂ ਨੇ ਚੁੱਪ ਤੋੜੀ
ਅਰਥ ਸ਼ਬਦਾਂ ਦਾ ਬੋਲ ਪਿਆ
—0—
ਮੁੱਠ ਵਿੱਚ ਗੁੜ ਫੜਿਆ
ਦਿਲ ਮੇਰਾ ਹਾਣ ਮੰਗਦਾ
ਅੱਖੀਆਂ ਵਿੱਚ ਤੱਕ ਅੜਿਆ

—0—
ਲੱਗਾ ਮੇਲਾ ਝੁਗੀਆਂ ਦਾ
ਮੇਲੇ 'ਚ ਗੁਆਚ ਗਿਆ
ਜੋੜਾ ਸ਼ਹਿਰੀ ਘੁੱਗੀਆਂ ਦਾ
—0—
ਉਦਾਸੀ ਅੱਖਾਂ 'ਚ ਘੁਲ ਗਈ ਹੈ
ਸੱਜਣਾਂ ਦੀ ਪੰਡ ਝੂਠ ਦੀ
ਚੌਰਾਹੇ ਵਿੱਚ ਖੁੱਲ੍ਹ ਗਈ ਹੈ
—0—
ਕੋਠੇ ਦੀਆਂ ਰੰਡੀਆਂ ਨੇ
ਪੂਜੀਆਂ ਨਾ ਜਾਣ ਮੰਦਰੀਂ
ਲੱਖ ਨਿਹਮਤਾਂ ਵੰਡੀਆਂ ਨੇ
—0—
ਮੁਰਦਾ ਲੋਕਾਈ ਹੈ
ਜਗ ਦੀ ਜਨਮ ਦਾਤੀ
ਕੋਠੇ 'ਤੇ ਬਿਠਾਈ ਹੈ
—0—
ਸਿੱਕੇ ਦੁਨੀਆ 'ਚ ਚੰਮ ਦੇ ਚੱਲਣ
ਜਿਸਮ ਕੁਆਰੀਆਂ ਦੇ
ਸ਼ਬਜ਼ੀ ਤੋਂ ਵੀ ਸਸਤੇ ਵਿਕਣ
—0—
ਮੰਡੀਆਂ ਜਿਸਮਾਂ ਦੀਆਂ
ਸੜਕਾਂ 'ਤੇ ਵਿਕਣ ਪਈਆਂ
ਗੰਦਲਾਂ ਹਰ ਕਿਸਮਾਂ ਦੀਆਂ
—0—
ਇਨ੍ਹਾਂ ਟੁੱਟੀਆਂ ਗੰਢੀਆਂ ਨੇ
ਘਰ ਨਾ ਬਾਹਰ ਦੀਆਂ
ਕੋਠੇ ਦੀਆਂ ਰੰਡੀਆਂ ਨੇ
—0—

ਟੁਰ ਆਪਾ ਦੂਰ ਗਿਆ
ਜਵਾਨੀ ਗੁਜ਼ਰ ਗਈ
ਬੁਢਾਪੇ ਦਾ ਆ ਦੌਰ ਗਿਆ
—0—
ਬਾਰੀ 'ਚ ਪਟੋਲੇ ਨੇ
ਖੰਡਰ ਮੰਜ਼ਿਲਾਂ ਨੇ
ਬੂਹੇ ਦਿਲ ਦੇ ਖੋਲੇ ਨੇ
—0—
ਤੂੰ ਨੈਣਾਂ ਦੀ ਜੋਤੀ ਏ
ਮੁਖ ਤੇਰਾ ਹਿਰਨੀ ਜਿਹਾ
ਰੂਪ ਤ੍ਰੇਲ ਦਾ ਮੋਤੀ ਏ
—0—
ਤੈਥੋਂ ਸਦਕੇ ਜਾਵਾਂ ਮੈਂ
ਘੜਾ ਕੇ ਤਵੀਤ ਤੇਰਾ
ਤੈਨੂੰ ਹਿੱਕ ਨਾਲ਼ ਲਾਵਾਂ ਮੈਂ
—0—
ਹਰ ਸ਼ੈਅ ਵਿੱਚ ਦਿਸਦਾ ਤੂੰ
ਭੇਦ ਹੈ ਮਹਿਕਾਂ ਦਾ
ਰੰਗਾਂ ਵਿੱਚ ਵਸਦਾ ਤੂੰ
—0—
ਸਾਨੂੰ ਗਲ਼ ਨਾਲ ਲਾ ਚੰਨ ਵੇ
ਅੱਖੀਆਂ ਉਡੀਕ ਦੀਆਂ
ਆ ਬਣ ਕੇ ਹਵਾ ਚੰਨ ਵੇ
—0—
ਕਦੀ ਸਾਡੀ ਗਲੀ ਆਵੇ ਤੂੰ
ਕੱਚੀਆਂ ਕੁੱਲੀਆਂ 'ਚ
ਦੀਵਾ ਆਪਣਾ ਜਗਾਵੇ ਤੂੰ
—0—
ਚੰਨ ਬੱਦਲਾਂ 'ਚ ਇੱਕਲਾ ਹੈ

ਨੈਣਾਂ ਦਿਆਂ ਡੋਰਿਆਂ ਜਿਹਾ
ਸਾਡਾ ਗਲੀ ਮੁਹੱਲਾ ਹੈ
—0—
ਮਲ ਮਲ ਕੇ ਨਹਾਉਂਦੀ ਹਾਂ
ਲੋਕੀਂ ਰੱਬ ਪੂਜਦੇ
ਮੈਂ ਯਾਰ ਧਿਆਉਂਦੀ ਹਾਂ
—0—
ਤੇਰਾ ਪਾਣੀ ਭਰਦੀ ਹਾਂ
ਵਾਰੀ ਤੇਰੇ ਮੁਖੜੇ ਤੋਂ
ਤੇਰੇ ਬੋਲਾਂ 'ਤੇ ਮਰਦੀ ਹਾਂ
—0—
ਪਿੱਪਲਾਂ ਦੀਆਂ ਛਾਂਵਾਂ ਨੇ
ਮਹਿੰਦੀ ਦੀ ਥਾਂ ਘੋਲ ਕੇ
ਤੈਨੂੰ ਤਲ਼ੀਆਂ 'ਤੇ ਲਾਵਾਂ ਮੈਂ
—0—
ਤੈਨੂੰ ਬਾਹਾਂ 'ਚ ਭਰ ਲਾਂ ਮੈਂ
ਬਣ ਜਾਅ ਦੰਦਾਸ ਵੇ
ਤੈਨੂੰ ਬੁੱਲ੍ਹਾਂ 'ਤੇ ਮਲ ਲਾਂ ਮੈਂ
—0—
ਦੀਵੇ ਬਾਲ਼ਦੀ ਆਵਾਂ ਮੈਂ
ਤੂੰ ਨਰਗਸੀ ਫੁੱਲ ਅੜਿਆ
ਤੈਨੂੰ ਗੁੱਤ ਵਿੱਚ ਲਾਵਾਂ ਮੈਂ
—0—
ਤੈਨੂੰ ਅੱਖੀਆਂ 'ਚ ਪਾ ਲਾਂ ਮੈਂ
ਦੁਨੀਆ ਦੀ ਨਜ਼ਰ ਬੁਰੀ
ਉਹਲੇ ਦਿਲ ਦੇ ਛੁਪਾਲਾਂ ਮੈਂ
—0—
ਪਿਆਰ ਦਾ ਬੂਟਾ ਹੈ
ਰੁੱਖ ਕੋਲ ਛਾਂਅ ਬਿਨਾਂ

ਕੋਈ ਹੋਰ ਨਾ ਦੂਜਾ ਹੈ
—0—
ਸਿਰ ਤਲ਼ੀ 'ਤੇ ਧਰ ਲਾਂ ਮੈਂ
ਦੁਨੀਆ ਪਈ ਕੁੱਝ ਆਖੇ
ਘੁਟ ਤੇਰਾ ਭਰ ਲਾਂ ਮੈਂ
—0—
ਮੁਹੱਲੇ ਸਾਡੇ ਆ ਅੜਿਆ
ਰੱਬ ਜਿਹਾ ਮੁਖ ਆਪਣਾ
ਕੱਚੇ ਘਰਾਂ ਨੂੰ ਵਿਖਾ ਅੜਿਆ
—0—
ਅੱਗ ਪਾਣੀ ਨੂੰ ਲਾ ਜਾਵਾਂ
ਯਾਰ ਪੁਕਾਰੇ ਜੇ
ਉੱਠ ਕਬਰਾਂ 'ਚੋਂ ਆ ਜਾਵਾਂ
—0—
ਉਡੀਕਾਂ ਵਿੱਚ ਸੜਦੀ ਜਾਂਅ
ਤੱਕਦੀਆਂ ਰਹਿਣ ਅੱਖੀਆਂ
ਭਾਵੇਂ ਹਿਜਰਾਂ 'ਚ ਮਰਦੀ ਜਾਂਅ
—0—
ਲੰਘ ਵੱਟ ਕੇ ਨਾ ਪਾਸਾ ਵੇ
ਕੋਲੇ ਹੋ ਜਾਉਗਾ
ਸਾਡੇ ਬੁਲ੍ਹਾਂ ਦਾ ਦੰਦਾਸਾ ਵੇ
—0—
ਤੂੰ ਕਾਂਤਰ ਚੰਨ ਦੀ ਏ
ਚੁੱਪ ਵਿੱਚ ਸ਼ੋਰ ਜਿਹੀ
ਗਲ ਮੇਰੇ ਮਨ ਦੀ ਏ
—0—
ਲੱਖ ਭੇਸ ਵਟਾਉਂਦਾ ਹੈ
ਸ਼ੀਸ਼ਾ ਮੈਂ ਤੱਕਦੀ
ਤੂੰ ਨਜ਼ਰੀ ਆਉਂਦਾ ਹੈ

—0—
ਪਾਣੀ ਮਿੱਠਾ ਖੂਹ ਦਾ ਏ
ਲੋਕ ਭੁੱਖੇ ਜਿਸਮਾਂ ਦੇ
ਢੋਲਾ ਭੁੱਖਾ ਰੂਹ ਦਾ ਏ
—0—
ਕੁੰਡਾ ਅੰਦਰੋਂ ਖੋਲ੍ਹਦਾ ਏ
ਬੋਲ ਪਛਾਣੇ ਲੱਗਦੇ
ਚੁੱਪ 'ਚ ਕੋਈ ਬੋਲਦਾ ਏ
—0—
ਸਾਗਰ ਤਰ ਆ ਜਾਵਾਂ
ਇੱਕ ਤੇਰੇ ਇਸ਼ਾਰੇ ਤੇ
ਬਾਜੀ ਸਿਰ ਦੀ ਲਾ ਜਾਵਾਂ
—0—
ਮੱਥੇ ਚੰਨ ਦੇ ਚੰਨ ਚੜ੍ਹਿਆ
ਮਿੱਤਰਾ ਕੀ ਪੈਰ ਪਾਇਆ
ਰੱਬ ਵਿਹੜੇ ਆ ਵੜਿਆ
—0—
ਖੰਡਰ ਗੁਲਜ਼ਾਰਾਂ ਨੇ
ਤੂੰ ਨਹੀਂ ਤਾਂ ਕੁੱਝ ਵੀ ਨਹੀਂ
ਪਤਝੜ ਨਾ ਬਹਾਰਾਂ ਨੇ
—0—
ਤੇਰਾ ਇਸ਼ਕ ਕੁਕਨੂਸ ਜਿਹਾ
ਬਿਰਹਾ 'ਚ ਰਾਖ ਹੋਇਆ
ਫਿਰ ਰਾਖ 'ਚੋਂ ਪੁੰਗਰ ਪਿਆ
—0—

# ਲੋਕ-ਕਾਵਿ ਟੱਪੇ

# ਪ੍ਰਵਾਸੀ ਅਨੁਭਵ

ਆਲ੍ਹਣਿਉਂ ਉੱਡ ਗਏ ਨੇ
ਬੋਟ ਜਨੌਰਾਂ ਦੇ
ਇਕੱਲਿਆਂ ਛੱਡ ਟੁਰ ਗਏ ਨੇ
—0—
ਛੱਡ ਵਤਨਾਂ ਨੂੰ ਕੀ ਖੱਟਿਆ
ਜੜ੍ਹਾਂ ਨਾਲੋਂ ਅਸੀਂ ਟੁੱਟ ਗਏ
ਭੱਵਿਖ ਸਾਡੇ ਤੋਂ ਮੂੰਹ ਵੱਟਿਆ
—0—
ਅਸੀਂ ਬੋਟਾਂ ਨੂੰ ਭੁੱਲ ਗਏ ਹਾਂ
ਵਿਸਾਰ ਸੱਚ ਆਪਣਾ
ਡਾਲਰਾਂ ’ਤੇ ਡੁੱਲ੍ਹ ਗਏ ਹਾਂ
—0—
ਅਸਾਂ ਆਪਣਾ ਹੀ ਮੁੱਢ ਵੱਢਿਆ
ਨੈਣਾਂ ਦੇ ਦੀਵੇ ਬੁਝਾ
ਹਨੇਰਾ ਆਪਣੇ ਲਈ ਕਰ ਸੁੱਟਿਆ
—0—
ਪ੍ਰਛਾਂਵੇ ਫੜਦੇ ਰਹੇ
ਕਾਗਜ਼ਾਂ ਦੀ ਬੇੜੀ ’ਤੇ
ਅਸੀਂ ਸਾਗਰ ਤਰਦੇ ਰਹੇ
—0—
ਕੀ ਸਾਹਮਣੇ ਆਇਆ ਹੈ
ਲਹੂ ਨਾਲ ਜਿਨੂੰ ਸਿੰਜਿਆ
ਉਹ ਰੁੱਖ ਪਰਾਇਆ ਹੈ
—0—
ਕੀ ਖੱਟਿਆ ਗੁਆਇਆ ਹੈ
ਆਪਣੇ ਹੀ ਦਰਪਣ ’ਚੋਂ

ਚਿਹਰਾ ਨਜ਼ਰ ਨਾ ਆਇਆ ਹੈ
—0—
ਜੋ ਬੀਜਿਆ ਪਾਇਆ ਹੈ
ਭੂਤ ਤਾਂ ਪਿੱਛੇ ਰਹਿ ਗਿਆ
ਭੱਵਿਖ ਨਜ਼ਰ ਨਾ ਆਇਆ ਹੈ
—0—
ਅਸੀਂ ਡਾਲਰ ਕਮਾ ਲਏ ਨੇ
ਡਾਲਰਾਂ ਦੇ ਬਦਲੇ
ਜਾਏ ਕੁੱਖ ਦੇ ਗੁਆ ਲਏ ਨੇ
—0—
ਪ੍ਰਦੇਸੀਂ ਰੁਲ਼ ਗਏ ਹਾਂ
ਮਾਂ ਦੀ ਨੁਹਾਰ ਵਿਸਰੀ
ਮਾਂ ਬੋਲੀ ਭੁੱਲ ਗਏ ਹਾਂ
—0—
ਅੰਬਰ ਧਰਤੀ ਪਰਾਈ ਹੈ
ਰੋਟੀ ਰੋਜ਼ੀ ਖਾਤਿਰ
ਜ਼ਿੰਦ ਕਿੱਥੇ ਲੈ ਆਈ ਹੈ
—0—
ਪਿਆਸੇ ਬੱਦਲ ਛਾਏ ਨੇ
ਜਿੰਨ੍ਹਾ ਵੀ ਲਹੂ ਰੋੜ੍ਹੀਏ
ਇਹ ਦੇਸ਼ ਪਰਾਏ ਨੇ
—0—
ਇਹ ਧਰਤੀ ਉਸ ਦੀ ਹੈ
ਇਸ 'ਚੋਂ ਜੋ ਉੱਗਿਆ
ਮਾਂ ਉਸ ਦੀ ਲਗਦੀ ਹੈ
—0—
ਅਸੀਂ ਕੁੱਖ ਦੀ ਪੀੜ ਹੰਢਾਈਏ
ਜਨਮ ਕੇ ਦੇਸ਼ ਆਪਣੇ
ਪ੍ਰਦੇਸ਼ ਵਿੱਚ ਮਰ ਜਾਈਏ

—0—
ਇਸ ਮਿੱਟੀ ਦੇ ਪੁਤਲੇ ਨਹੀਂ
ਸਾਨੂੰ ਕਿੰਜ ਆਪਣਾ ਕਹੇ
ਇਹਦੀ ਕੁੱਖ ’ਚੋਂ ਜਨਮੇ ਨਹੀਂ
—0—
ਅਸਾਂ ਆਪਾ ਗੁਆਇਆ ਏ
ਜ਼ਿੰਦਗੀ ਦੀ ਦੌੜ ਪਿੱਛੇ
ਸੱਚ ਨਜ਼ਰ ਨਾ ਆਇਆ ਏ
—0—
ਅਸੀਂ ਭੱਵਿਖ ਸਿਰਜਦੇ ਰਹੇ
ਅੱਜ ਨੂੰ ਜੀਅ ਨਾ ਸਕੇ
ਬਿਨਾਂ ਜੀਉਣ ਦੇ ਮਰ ਹੀ ਗਏ
—0—
ਅਸੀਂ ਸਾਗਰ ਹੰਗਾਲੇ ਨੇ
ਵਿਸ਼ਰਾਮ ਘਰਾਂ ਵਿੱਚ ਛੱਡ ਗਏ
ਜੋ ਹੱਥੀਂ ਪਾਲੇ ਨੇ
—0—
ਪ੍ਰਦੇਸ ਹੰਢਾਇਆ ਹੈ
ਬੋਟਾਂ ਦੇ ਚੋਗੇ ਨੇ
ਸਾਨੂੰ ਸੁੱਕਣੇ ਪਾਇਆ ਹੈ
—0—
ਸਾਡੇ ਕੁੱਝ ਵੀ ਨਾ ਪਾਸ ਰਿਹਾ
ਨਸ ਨਸ ਡਾਲਰਾਂ ਪਿੱਛੇ
ਸਾਡਾ ਚੈਨ ਗੁਆਚ ਗਿਆ
—0—
ਇੱਕ ਬੱਦਲੀ ਛਾਈ ਏ
ਪਾਈ ਨਾ ਹਵਾ ਆਪਣੀ
ਮਿੱਟੀ ਵੀ ਪਰਾਈ ਹੈ
—0—

ਰੀਤਾਂ ਰਸਮਾ ਭੁੱਲ ਗਏ ਹਾਂ
ਸ਼ਰਮ–ਹਯਾ ਛੱਡ ਕੇ
ਨੰਗੇਪਣ 'ਤੇ ਡੁੱਲ੍ਹ ਗਏ ਹਾਂ
—0—
ਨਾ ਵਿਹੜੇ ਸਦਾਉਂਦੇ ਹਾਂ
ਨਾ ਗਲੀਆਂ ਕਹਾਉਂਦੇ ਹਾਂ
ਆਪਣੇ ਹੀ ਘਰ ਵਸਦੇ ਪ੍ਰਦੇਸੀ ਅਖਵਾਉਂਦੇ ਹਾਂ
—0—
ਇੱਥੇ ਵੱਖਰੀ ਬੋਲੀ ਹੈ
ਸੋਚਾਂ ਨਾ ਰੰਗ ਮਿਲ ਦੇ
ਦੀਵਾਲੀ ਨਾ ਹੋਲੀ ਹੈ
—0—
ਰਿਸ਼ਤੇ ਪਾਣੀ ਹੋ ਗਏ ਨੇ
ਪਰਦੇਸੀ ਮਿੱਟੀ ਵਿੱਚ
ਸੱਚ ਆਪਣਾ ਖੋਹ ਗਏ ਨੇ
—0—
ਕਮਾਈਆਂ ਦੀਆਂ ਢੇਰੀਆਂ ਨੇ
ਸ਼ੀਸ਼ੇ ਵਿੱਚ ਚਿਹਰੇ ਨੇ
ਅੱਖਾਂ ਆਪਣੇ ਤੋਂ ਫੇਰੀਆਂ ਨੇ
—0—
ਸ਼ਿਫਟਾਂ ਕੰਮ ਦੀਆਂ ਖਾ ਲਿਆ ਹੈ
ਹੁੰਗਾਰਾ ਮਿਲਣ ਤੋਂ ਪਹਿਲਾ
ਦੀਵਾ ਦੇਹ ਦਾ ਬੁਝਾ ਲਿਆ ਹੈ
—0—
ਅਸੀਂ ਉਮਰਾਂ ਗੁਵਾ ਬੈਠੇ
ਪੱਲੇ ਨਾ ਕੁੱਝ ਵੀ ਰਿਹਾ
ਜ਼ਿੰਦ ਦਾਅ 'ਤੇ ਲਾ ਬੈਠੇ
—0—
ਸੱਚ ਸੁਫਨੇ ਦਾ ਪਾਅ ਲਿਆਏ

ਡਾਲਰਾਂ ਦੇ ਲਾਲਚ ਨੇ
ਸੱਚ ਦੇਹ ਦਾ ਖਾਹ ਲਿਆ ਏ
—0—
ਅਸੀਂ ਗੁੰਮ ਗਏ ਨਜ਼ਰਾਂ ’ਚ
ਛਾਂਵਾਂ ਢੂੰਢ ਰਹੇ
ਜ਼ਿੰਦਗੀ ਦੀਆਂ ਪਲਕਾ ’ਚੋਂ
—0—
ਅੱਖੀਆਂ ’ਚ ਗੁਆਚ ਗਿਆ
ਧੜਕਣ ਦਿਲ ਦੀ ਸੀ
ਹੋ ਚੁੱਪ ਦੀ ਅਵਾਜ਼ ਗਿਆ
—0—
ਪੂਰੀ ਹਰ ਜ਼ਰੂਰਤ ਹੈ
ਮਿਹਨਤ ਹੱਡ ਭੰਨ ਵੀ
ਹਰ ਮਿਲਦੀ ਹਸੂਲਤ ਹੈ
—0—
ਦਵਾ ਦਾਰੂ ਦਾ ਭਾਰ ਨਹੀਂ
ਸੁਰਖ਼ਰੂ ਹਾਂ ਕਰਜ਼ੇ ਤੋਂ
ਸਿਰ ’ਤੇ ਉਧਾਰ ਨਹੀਂ
—0—
ਖਾਣਾ-ਪੀਣਾ ਸਸਤਾ ਹੈ
ਕੋਈ ਤੰਗੀ ਤੁਰਸ਼ੀ ਨਹੀਂ
ਰਹਿੰਦਾ ਭਰਿਆ ਬਸਤਾ ਹੈ
—0—
ਵਿੱਦਿਆ ਦਾ ਲੰਗਰ ਹੈ
ਹੰਢਾਉਣ ਤੇ ਪਹਿਨਣ ਦਾ
ਇੱਥੇ ਸਦਾ ਹੀ ਮੰਗਲ ਹੈ
—0—
ਕੁਦਰਤ ਦਾ ਦੀਦਾਰ ਬੜਾ
ਦੇਸ਼ ਦੇ ਲੋਕਾਂ ਦਾ

ਕੌਮੀ ਕਿਰਦਾਰ ਬੜਾ
—0—
ਮੌਕਾ ਤੇ ਸਾਧਨ ਹੈ
ਦੇਸ਼ ਦੇ ਹਰ ਸਖ਼ਸ਼ ਲਈ
ਕਾਨੂੰਨ ਇਬਾਦਤ ਹੈ
—0—
ਘੱਟ ਭਾਸ਼ਨ ਵੱਧ ਰਾਸ਼ਨ ਹੈ
ਮੁਲਕ ਦਾ ਹਰ ਬਸ਼ਰ
ਰਹਿੰਦਾ ਵਿੱਚ ਅਨੁਸ਼ਾਸਨ ਹੈ
—0—
ਹਰ ਬਸ਼ਰ ਲਈ ਕਿੱਤਾ ਹੈ
ਰੱਬ ਦਾ ਦਿੱਤਾ ਵੀ
ਮਿਹਨਤ ਦਾ ਦਿੱਤਾ ਹੈ
—0—
ਪਿਆਰ ਮਿਲਵਰਤਣ ਹੈ
ਸਭ ਰੁੱਖ ਮਿੱਠੜੇ
ਹਵਾ ਪਾਣੀ ਸ਼ਰਬਤ ਹੈ
—0—
ਹਰ ਇੱਕ ਬਰਾਬਰ ਹੈ
ਕੋਈ ਉੱਚਾ ਨੀਵਾਂ ਨਹੀਂ
ਕੋਈ ਜ਼ਾਲਮ ਨਾ ਜਾਬਰ ਹੈ
—0—
ਅਨੁਸ਼ਾਸਨ ਹੀ ਅਜ਼ਾਦੀ ਹੈ
ਸੁਰਖਸ਼ਤ ਜੀਵਨ ਹੈ
ਹਰ ਘਰ ਵਿੱਚ ਖ਼ੁਸ਼ਹਾਲੀ ਹੈ
—0—
ਰਹਿਮਤ ਦੀਆਂ ਝੜੀਆਂ ਨੇ
ਇੱਥੇ ਪਹਾੜ ਨੇ ਮੱਖਣਾਂ ਦੇ
ਦੁੱਧ ਦੀਆਂ ਨਦੀਆਂ ਨੇ

—0—
ਲੋਕ ਮਰਜ਼ੀ ਦਾ ਖਾਂਦੇ ਹੰਢਾਉਂਦੇ ਨੇ
ਰਤਾ ਭਰ ਫ਼ਰਕ ਨਾਲ
ਜੀਵਨ ਬਿਤਾਉਂਦੇ ਨੇ
—0—
ਮੁੱਲ ਮਿਹਨਤ ਦਾ ਮਿਲਦਾ ਹੈ
ਘੰਟੇ ਦੀ ਉਜਰਤ ਸੰਗ
ਬੰਦਾ ਢਿੱਡ ਭਰ ਸਕਦਾ ਹੈ
—0—
ਕੋਈ ਝੂਠ ਫਰੇਬ ਨਹੀਂ
ਹੱਕ ਸੱਚ ਦੀ ਧਰਤੀ ਹੈ
ਰਿਸ਼ਵਤ ਦਾ ਹਨੇਰ ਨਹੀਂ
—0—
ਇਹ ਦੇਸ਼ ਹਬੀਬ ਹੈ ਸਭ ਦਾ
ਲੋਕ ਨੇ ਲੋਕਾਂ ਦੇ
ਚੰਗਾ ਨਸੀਬ ਹੈ ਸਭ ਦਾ
—0—
ਨਾ ਲੋਟੂ ਨਾ ਕੋਈ ਲੁਟੇਰਾ ਹੈ
ਸੱਚ ਸੁੰਦਰਤਾ ਕਲਿਆਣ ਦਾ
ਇਸ ਧਰਤੀ ’ਤੇ ਵਸੇਰਾ ਹੈ
—0—
ਇੱਥੇ ਉਮਰ ਲਮੇਰੀ ਹੈ
ਕੁਝ ਵੀ ਨਕਲੀ ਨਹੀਂ
ਧੋਖਾ ਨਾ ਹੇਰਾ ਫੇਰੀ ਹੈ
—0—
ਨਿਰਪੱਖ ਚੋਣਾਂ ਨੇ
ਕਿਸੇ ਦੀ ਮੁਥਾਜੀ ਨਹੀਂ
ਲੋਕਾਂ ਦੀ ਮਰਜ਼ੀ ਦਾ ਹੋਣਾ ਹੈ
—0—

ਪੈਂਤੀ ਅੱਖਰੀ ਅਬਾਦੀ ਹੈ
ਯੋਗਤਾ ਦਾ ਮੂਲ ਇੱਥੇ
ਹਰ ਇੱਕ ਲਈ ਅਜ਼ਾਦੀ ਹੈ
—0—
ਧਨ ਜੋੜਣ ਦੀ ਲੋੜ ਨਹੀਂ
ਨਾ ਕੋਈ ਫਿਕਰ ਬੁਢਾਪੇ ਦਾ
ਬੁਢਾਪੇ ਦਾ ਭੱਤਾ ਹੈ ਕੋਈ ਥੋੜ ਨਹੀਂ
—0—
ਬੁਢਾਪੇ ਦੀ ਜੂੰਨ ਸੁਧਾਰੀ ਹੈ
ਔਲਾਦ ਅੱਗੇ ਨਹੀਂ ਹੱਥ ਅੱਡਣੇ
ਸਰਕਾਰ ਦੀ ਜ਼ੁੰਮੇਵਾਰੀ ਹੈ
—0—
ਅਧਖੜ ਆਯੂ ਤੱਕ ਕਿਰਤ ਕਰੋ
ਖਾਉ ਪੀਉ ਬੱਚੇ ਪਾਲ਼ੋ
ਬੁਢਾਪੇ ਦਾ ਨਾ ਫ਼ਿਕਰ ਕਰੋ
—0—
ਅਸਲੀ ਹੀ ਵਿਕਦਾ ਹੈ
ਪੈਕਿਟ ਤੇ ਜੋ ਲਿਖਿਆ
ਉਹੀ ਮਿਲਦਾ ਹੈ
—0—
ਹਰ ਸ਼ੈਅ ਦੀ ਪ੍ਰਦਰਸ਼ਨੀ ਹੈ
ਮਿੱਥਿਆ ਹੈ ਮੁੱਲ ਸਭ ਦਾ
ਉਸ ਮੁੱਲ 'ਤੇ ਹੀ ਮਿਲਣੀ ਹੈ
—0—
ਉਹ ਸਫ਼ਰ ਹੀ ਪੁਗਦਾ ਹੈ
ਸਿਰ ਚੋਂ ਜਨਮੇ ਜੋ
ਪੈਰਾਂ 'ਚ ਉਤਰਦਾ ਹੈ
—0—
ਖ਼ਜਾਨਾ ਭਰਪੂਰ ਬੜਾ

ਆਰਥਕ ਤੰਗੀ ਨਹੀਂ
ਲੋਕਾਂ ਨੂੰ ਸਕੂਨ ਬੜਾ
—0—
ਸਭ ਸੱਚ ਬੋਲਦੇ ਨੇ
ਸੱਚ ਦੀ ਤੱਕੜੀ 'ਚ
ਬੰਦੇ ਨੂੰ ਤੋਲਦੇ ਨੇ
—0—
ਸਾਹੀਂ ਵਸਦਾ ਹੈ
ਇਸ ਧਰਤੀ ਨੂੰ
ਹਰ ਸ਼ਖ਼ਸ਼ ਤਰਸਦਾ ਹੈ
—0—
ਸਾਰਾ ਜਗ ਅਜਿਹਾ ਹੋਵੇ
ਮਨੁੱਖ ਦਾ ਕੋਈ ਲਹੂ ਨਾ ਪੀਵੇ
ਬੰਦਾ ਬੰਦੇ ਦਾ ਰੱਬ ਹੋਵੇ
—0—
ਪੈਰ ਕੈਨੇਡਾ ਦੇ ਜੇ ਭਾਰਤ ਪੈ ਜਾਵਣ
ਰਿਸ਼ਵਤਖੋਰੀ ਭ੍ਰਿਸ਼ਟਾਚਾਰੀ
ਗਲੋਂ ਮੁਲਕ ਦੇ ਲਹਿ ਜਾਵਣ
—0—
ਕੈਨੇਡਾ ਵਿੱਦਿਆ ਪ੍ਰਧਾਨ ਕਰੇ
ਬੇਰੁਜ਼ਗਾਰਾਂ ਨੂੰ ਰੋਜ਼ੀ ਰੋਟੀ
ਭੁੱਖਿਆ ਦਾ ਪੇਟ ਭਰੇ
—0—
ਕੈਨੇਡਾ ਸਭ ਦੀ ਸਹਾਇਤਾ ਕਰੇ
ਵਿਸ਼ਵ ਪ੍ਰਗਤੀ ਖਾਤਿਰ
ਆਪਣਾ ਸਿਰ ਤਲ਼ੀ ਧਰੇ
—0—
ਕੈਨੇਡਾ ਤੇਰਾ ਦਰਸ਼ਨ ਪਾਇਆ ਹੈ
ਤੇਰੀ ਧਰਤੀ 'ਤੇ ਵਸਦਾ

ਰੱਬ ਨਜ਼ਰੀ ਆਇਆ ਹੈ
—0—
ਕੈਨੇਡਾ ਘਰ ਮਨੁੱਖੀ ਸੂਰਤ ਦਾ
ਜਨਮ ਤੋਂ ਮਰਨ ਤੀਕਰ
ਬੰਦੇ ਦੀ ਹਸੂਲਤ ਦਾ
—0—
ਤੇਰੀ ਬੁੱਕਲੇ ਸੱਚ ਪਾਇਆ
ਅਸਭਿਅਕ ਨੂੰ ਸਭਿਅਕ
ਹੈਵਾਨ ਨੂੰ ਇਨਸਾਨ ਬਣਾਇਆ
—0—
ਤੇਰੇ ਦਰ ਜੋ ਆਇਆ ਹੈ
ਰੂਹ ਤੋਂ ਉਤਾਰ ਦੇਹੀ
ਆਪਣਾ ਸੱਚ ਉਸ ਪਾਇਆ ਹੈ
—0—
ਤੂੰ ਲੋਹਾ ਸੋਨਾ ਕਰੇ
ਹਸਤੀਹੀਣ ਮਨੁੱਖਾਂ ਨੂੰ
ਊਰਜਾ ਸੰਗ ਭਰੇ
—0—
ਤੈਨੂੰ ਅੱਖਾਂ ਤਰਸਣ ਜੱਗ ਦੀਆਂ
ਤੇਰੀ ਮਿੱਟੀ ਚੁੰਮਣ ਲਈ
ਕਈ ਰੂਹਾਂ ਤਰਸ ਦੀਆਂ
—0—
ਲੋਕੀਂ ਤੇਰੀ ਛਾਂਅ ਚਾਹੁੰਦੇ
ਦੁਨੀਆ ਦੇ ਪੰਛੀ
ਤੇਰੇ ਰੁੱਖ ’ਤੇ ਥਾਂ ਚਾਹੁੰਦੇ
—0—
ਪ੍ਰੇਮ ਸਤਿਕਾਰ ਦੀ ਵਾਦੀ ਤੂੰ
ਅਰਥਾਂ ਦੀ ਦੁਨੀਆ
ਸ਼ਬਦਾਂ ਦੀ ਅਜ਼ਾਦੀ ਤੂੰ

# ਲੋਕ-ਕਾਵਿ

# ਹੋਂਦ ਅਨੁਭਵ

ਮੈਨੂੰ ਕੋਈ ਨਾ ਪਛਾਣੇ
ਮੇਰੇ ਵਿੱਚੋਂ ਤੂੰ ਦਿਸਦਾ
ਜਗ ਸਾਰਾ ਇਹ ਜਾਣੇ
—0—
ਤੈਨੂੰ ਕਿੰਜ ਸਮਝਾਵਾਂ
ਤੇਰੇ ਵਿੱਚ ਇੰਜ ਗੁੱਝ ਗਈ
ਜਿਉਂ ਦੇਹੀ ਤੇ ਪ੍ਰਛਾਵਾਂ
—0—
ਸਾਨੂੰ ਇਸ਼ਕ ਨੇ ਰੰਗਿਆ ਹੈ
ਆਪਾ ਸਿਆਣਨ ਲਈ
ਮੁੱਖ ਤੇਰਾ ਤੱਕਿਆ ਹੈ
—0—
ਕੋਈ ਦਿਲ ਦੀਆਂ ਜਾਣੇ ਨਾ
ਤੇਰੇ ਹੋ ਕੇ ਕੀ ਖੱਟਿਆ
ਸਾਨੂੰ ਕੋਈ ਪਛਾਣੇ ਨਾ
—0—
ਸਿਰ ਤਲ਼ੀ 'ਤੇ ਟਿਕਾਇਆ ਏ
ਕੱਖ ਹੋ ਕੇ ਗਲੀਆਂ ਦੇ
ਅਸਾਂ ਯਾਰ ਮਨਾਇਆ ਏ
—0—
ਮਿੱਟੀ ਵਿੱਚ ਰੁੱਲ ਗਏ ਹਾਂ
ਅੱਖੀਆਂ ਕੀ ਲਗੀਆਂ
ਅਸੀਂ ਆਪਾ ਭੁੱਲ ਗਏ ਹਏ
—0—
ਉਨ੍ਹਾਂ ਨਿਹਮਤਾਂ ਪਾਈਆਂ ਨੇ
ਬੰਦੇ ਤੋਂ ਖ਼ੁਦਾ ਹੋ ਗਏ

ਜਿਨ੍ਹਾਂ ਲਾ ਕੇ ਨਿਭਾਈਆਂ ਨੇ
—0—
ਰੋਗ ਇਸ਼ਕੇ ਦਾ ਲਾਇਆ ਏ
ਪੈਰਾਂ ਦੀ ਧੂੜ ਹੋ ਕੇ
ਸੱਚ ਆਪਣਾ ਪਾਇਆ ਹੈ
—0—
ਦਿਲ ਲੈ ਕੇ ਗੁਆਚ ਗਏ
ਲੱਭਦੇ ਬੇਦਰਦੀ ਨੂੰ
ਆ ਆਪਣੇ ਹੀ ਪਾਸ ਗਏ
—0—
ਦਰਿਆ ਇਸ਼ਕੇ ਦਾ ਤਰਿਆ ਹੈ
ਦੁਖਾਂ ਵਾਲੀ ਹੱਦ ਟੱਪ ਗਈ
ਦੀਵਾ ਸੁਖ ਦਾ ਬਲਿਆ ਹੈ
—0—
ਤੇਰੇ ਇਸ਼ਕ ਨੇ ਤਾਰੀ ਹੈ
ਮੇਰੇ ਵਿੱਚੋਂ ਮੈਂ ਮਾਰ ਕੇ
ਤੂੰ ਮੇਰੇ 'ਚ ਉਤਾਰੀ ਹੈ
—0—
ਅਸਾਂ ਇਸ਼ਕੇ 'ਚੋਂ ਪਾਇਆ ਹੈ
ਮੈਂ ਤੋਂ ਤੂੰ ਵਿਚਲਾ
ਸੱਚ ਸਮਝੀ ਆਇਆ ਹੈ
—0—
ਫੜ ਉਂਗਲੀ ਤਾਰ ਗਿਉਂ
ਮੈਨੂੰ ਮੈਥੋਂ ਦੂਰ ਲੈ ਗਿਉਂ
ਮੈਲ਼ਾ ਮਨ ਦਾ ਉਤਾਰ ਗਿਉਂ
—0—
ਦੁਨੀਆ ਤੋਂ ਲੈ ਪਾਰ ਗਿਉਂ
ਦੇਹ ਮੇਰੀ ਸ਼ੁੱਧ ਕਰ ਕੇ
ਦੀਵਾ ਸੱਚ ਦਾ ਬਾਲ ਗਿਉਂ

—0—
ਜੇ ਲੜਦੀਆਂ ਅੱਖੀਆਂ ਨਾ
ਰਹਿੰਦੀ ਮੈਂ ਨਰਕ ਭੋਗਦੀ
ਦੇਹ ਜਣਦੀ ਸੁੰਗਧੀਆਂ ਨਾ
—0—
ਤੇਰਾ ਪਿਆਰ ਹੀ ਰੱਬ ਲੱਗਦਾ
ਮੇਰੀ ਮੈਂ ਝੂਠੀ
ਤੂੰ ਤੇਰੀ 'ਚ ਸੱਚ ਵਸਦਾ
—0—
ਤੇਰੇ ਸੰਗ ਸੰਗ ਉਡਦੀ ਹਾਂ
ਮੈਂ ਉਹ ਬਹਾਰ ਸੋਹਣਿਆ
ਜੋ ਔੜਾ 'ਚ ਪੁੰਗਰਦੀ ਹਾਂ
—0—
ਇਸ਼ਕ ਨੇ ਖੰਭ ਲਾਏ
ਗਗਨਾਂ ਦੇ ਚੰਨ ਸੋਹਣਿਆ
ਕੱਚੇ ਘਰਾਂ ਦੇ ਦਰ ਆਏ
—0—
ਚੰਨ ਅੰਬਰੀ ਤਰਦਾ ਏ
ਦੀਵਾ ਆਲ਼ੇ ਦਾ
ਪਿਆ ਸੂਰਜ ਲੱਗਦਾ ਏ
—0—
ਤੇਰੇ ਪਿਆਰ ਵਿਖਾਇਆ ਏ
ਧਰਤੀ ਪੂਜਣ ਲਈ
ਵਿਹੜੇ ਅੰਬਰ ਆਇਆ ਏ
—0—
ਉੱਗ ਪੱਥਰਾਂ 'ਚੋਂ ਪਰ ਆਏ
ਸੂਰਜ ਅੰਬਰਾਂ ਦੇ
ਵਿਹੜੇ ਕੁੱਲੀਆਂ ਦੇ ਚੜ੍ਹ ਆਏ
—0—

ਕੀ ਦੀਵਾ ਜਗਾਇਆ ਹੈ
ਗਲ਼ੀਆਂ ਦੇ ਕੱਖਾਂ ਨੂੰ
ਪਲਕਾਂ ’ਤੇ ਬਿਠਾਇਆ ਹੈ
—0—
ਤੇਰੀ ਨਿਗਾਹ ’ਚ ਆਉਂਦੀ ਨਾ
ਮਿੱਟੀ ’ਚ ਰੁਲ਼ ਜਾਂਦੀ
ਲੋਅ ਚੰਨ ਦੀ ਕਰਾਉਂਦੀ ਨਾ
—0—
ਕਿੱਥੇ ਆਣ ਖਲੋਏ ਹਨ
ਪੱਥਰ ਹਨ ਲੋਕ ਨਹੀਂ
ਜਿਉਂਦੇ ਮੁਰਦੇ ਹੋਏ ਹਨ
—0—
ਬੂਟਾ ਅੰਬ ਦਾ ਲਾਇਆ ਹੈ
ਇਕ ਤੇਰੀ ਤੱਕਨੀ ਨੇ
ਰੱਬ ਬੁੱਤ ਨੂੰ ਬਣਾਇਆ ਹੈ
—0—
ਦੀਵਾ ਇਸ਼ਕੇ ਦਾ ਜਗਦਾ ਹੈ
ਪੱਥਰ ਵੀ ਜਾਣ ਪੂਜੇ
ਤੇਰੇ ਪਿਆਰ ਦਾ ਸਦਕਾ ਹੈ
—0—
ਅੱਖੀਆਂ ’ਚੋਂ ਬੋਲ ਪਿਆ
ਜ਼ਿੰਦ ਜਿਹਨੂੰ ਲੱਭਦੀ ਰਹੀ
ਵਸਦਾ ਦਿਲ ਕੋਲ ਰਿਹਾ
—0—
ਸੜਕਾਂ ਦੇ ਵਾਸੀ ਹਾਂ
ਆਪਣੇ ਹੀ ਘਰ ਅੰਦਰ
ਹੋਏ ਪ੍ਰਵਾਸੀ ਹਾਂ
—0—
ਰੰਗਾਂ ’ਤੇ ਡੁੱਲ੍ਹ ਗਏ ਹਾਂ

ਭੀੜਾਂ 'ਚ ਗੁਆਚ ਗਏ
ਰਾਹ ਘਰ ਦਾ ਭੁੱਲ ਗਏ ਹਾਂ
—0—
ਜਗ ਰੈਣ ਵਸੇਰਾ ਹੈ
ਮਿੱਟੀ ਦਾ ਘਰ ਮਿੱਟੀ
ਬੰਦਾ ਜੋਗੀ ਦਾ ਫੇਰਾ ਹੈ
—0—
ਮਿੱਟੀ ਅੰਤ ਵਸੇਰਾ ਹੈ
ਮਿੱਟੀ ਦੇ ਖਿਡਾਉਣਿਆਂ ਦਾ
ਮਿੱਟੀ ਬਿਨ ਕਿਹੜਾ ਹੈ
—0—
ਆਪਣੇ ਵਿੱਚ ਗੁੱਝ ਬਹਿੰਦੇ
ਮਨ ਵਿੱਚ ਵਸਦੇ ਦਾ
ਪਤਾ ਦੇਹ ਤੋਂ ਹੀ ਪੁੱਛ ਲੈਂਦੇ
—0—
ਹੋ ਪੱਥਰ ਉਦਾਸ ਗਏ
ਪੱਥਰਾਂ 'ਚੋਂ ਬੁੱਤ ਜਨਮੇ
ਪੱਥਰਾਂ 'ਚ ਗੁਆਚ ਗਏ
—0—
ਰਾਹ ਕਿਹੜੇ ਪੈ ਗਿਆ ਹੈ
ਘਰ ਵਿੱਚ ਵਸਦਾ ਵੀ
ਬੰਦਾ ਇੱਕਲਾ ਰਹਿ ਗਿਆ ਹੈ
—0—
ਪਤਾ ਆਪਣਾ ਨਾ ਦੱਸਦਾ ਉਹ
ਭੀੜਾ ਵਿੱਚ ਮੈਂ ਲੱਭਦੀ
ਮੇਰੇ ਦਿਲ ਵਿੱਚ ਵਸਦਾ ਉਹ
—0—
ਵਰ੍ਹ ਬੱਦਲਾ ਨਾ ਪੱਤਿਆਂ 'ਤੇ
ਨੰਗੀ ਫਿਰੇ ਰੁੱਤ ਅੱਗ ਦੀ

ਵਰ੍ਹ ਅੰਗਾਂ ਤੱਤਿਆਂ 'ਤੇ
—0—
ਰੁੱਖ ਸੁੱਕ ਕੇ ਰਾਖ ਹੋਇਆ
ਹਰਿਆਉਲ ਦਾ ਭਰਮ ਮੁੱਕਾ
ਸੱਚ ਦਾ ਅਹਿਸਾਸ ਹੋਇਆ
—0—
ਜਦ ਸ਼ੀਸ਼ੇ 'ਚੋਂ ਤੱਕਦੀ ਹਾਂ
ਆਪਣੇ ਹੀ ਚਿਹਰੇ ਨੂੰ
ਤੱਕ ਅਜਨਬੀ ਲਗਦੀ ਹਾਂ
—0—
ਨਦੀ ਟੁਰਦੀ ਜਾਂਦੀ ਹੈ
ਸਾਗਰ ਦੇ ਇਸ਼ਕੇ 'ਚ
ਕੰਢੇ ਭੁੱਲਦੀ ਜਾਂਦੀ ਹੈ
—0—
ਗਲ ਜੋਗੀ ਲਾਇਆ ਹੈ
ਕੰਜਰੀ ਬਣ ਬੈਠੀ
ਨੱਚ ਯਾਰ ਮਨਾਇਆ ਹੈ
—0—
ਅੰਗਿਆਰੇ ਮੱਘਦੇ ਨੇ
ਆਪਾ ਜਿਨ੍ਹਾਂ ਜਾਣ ਲਿਆ
ਸੂਰਜ ਬਣ ਚੜ੍ਹਦੇ ਨੇ
—0—
ਅੰਬੀਆਂ ਪੱਕੀਆਂ ਨੇ
ਮਾਹੀ ਦੀ ਦੀਦ ਲਈ
ਹੋਈਆਂ ਅੱਥਰੂ ਅੱਖੀਆਂ ਨੇ
—0—
ਬੱਦਲਾਂ 'ਚੋਂ ਲੋਅ ਪਈ ਕਿਰੇ
ਸਾਇਆ ਦੇ ਜੰਗਲ 'ਚੋਂ
ਕੋਈ ਆਪਾ ਲੱਭਦਾ ਫਿਰੇ

—0—
ਦਰਪਣ 'ਚ ਗੁਆਚ ਗਿਆ
ਨਜ਼ਰਾਂ ਚਿਹਰੇ ਨੂੰ
ਚਿਹਰਾ ਜ਼ਰਾ ਭਾਲ਼ ਰਿਹਾ
—0—
ਸਾਵਨ ਪਿਆ ਗਾਉਂਦਾ ਹੈ
ਬੀਜ 'ਚੋਂ ਰੁੱਖ ਉੱਗਦਾ
ਰੁੱਖ ਬੀਜ ਕਹਾਉਂਦਾ ਹੈ
—0—
ਪਈ ਰੂਪ ਨਿਹਾਰਾਂ ਮੈਂ
ਆਪੇ ਵਿੱਚ ਮੈਂ ਡੁੱਬ ਗਈ
ਸ਼ੀਸ਼ਾ ਡੁੱਬਦਾ ਤਾਰਾ ਮੈਂ
—0—
ਵਾਂਗ ਸੂਰਜ ਮਘਦੀ ਹਾਂ
ਸ਼ੀਸ਼ੇ ਵਿੱਚ ਮੈਂ ਤੱਕਦੀ
ਤੇਰੀ ਸੂਰਤ ਲੱਗਦੀ ਹਾਂ
—0—
ਮਾਂਗੀ ਸੰਧੂਰ ਪਿਆ
ਮਾਹੀ ਦਾ ਮੁਖ ਦਿਸਦਾ
ਭਾਵੇਂ ਜਗ ਤੋਂ ਦੂਰ ਗਿਆ
—0—
ਅਲਾਹੀ ਝਲਕ ਵਿਖਾਈ ਹੈ
ਆਪਣੇ ਹੀ ਪਿੰਡੇ 'ਚੋਂ
ਤੇਰੀ ਖੁਸ਼ਬੂ ਆਈ ਹੈ
—0—
ਮੁਖੜੇ 'ਤੇ ਧੁੱਪਾਂ ਨੇ
ਅੰਦਰੋਂ ਸ਼ੋਰ ਉਠਦਾ
ਨਜ਼ਰਾਂ ਵਿੱਚ ਚੁੱਪਾਂ ਨੇ
—0—

ਤੇਰੇ ਪਿਆਰ ਨੇ ਭੰਡਿਆ ਹੈ
ਸੂਰਜ ਕਿਰਨਾਂ 'ਚ
ਰੁੱਖ ਪੱਤਿਆਂ 'ਚ ਵੰਡਿਆ ਹੈ
—0—
ਦਿਸ਼ਾਵਾਂ ਪਾਟ ਗਈਆਂ
ਪੈਰਾਂ ਨੂੰ ਵਾਟਾਂ ਭੁੱਲੀਆਂ
ਪਾਂਧੀ ਮੰਜ਼ਿਲਾਂ ਵਿਸਾਰ ਗਈਆਂ
—0—
ਸਾਇਆ 'ਚ ਗੁਆਚ ਗਿਆ
ਲੱਭਿਆ ਨਾ ਲੱਭਿਆ
ਸੀ ਜੋ ਪਾਸ ਪਿਆ
—0—
ਆਪਣੇ ਸੰਗ ਬੋਲੇ ਨਾ
ਗੈਰਾਂ 'ਚ ਘਿਰੇ ਰਹੇ
ਦਰ ਆਪਣੇ ਖੋਲੇ ਨਾ
—0—
ਫਲ ਨੇ ਕਰਮਾਂ ਦੇ
ਮੈਂ ਵਿੱਚ ਤੂੰ ਸੱਚ ਵੇ
ਲੋਕੀਂ ਜੰਗਲ ਭਰਮਾਂ ਦੇ
—0—
ਸੱਚ ਰੁੱਖ ਦਾ ਪੁੱਗ ਗਿਆ
ਆਪਣੀ ਇੱਕਲ ਛੱਡ ਕੇ
ਜੰਗਲ ਵਿੱਚ ਉੱਗ ਪਿਆ
—0—
ਬੰਦਾ ਸੱਚ ਪਿਆ ਲੱਭਦਾ ਹੈ
ਆਪਣੀ ਹੋਂਦ ਲਈ
ਪੂਜਾ ਪੱਥਰਾਂ ਦੀ ਕਰਦਾ ਹੈ
—0—
ਰੰਗਾਂ 'ਚ ਗੁਆਚ ਗਏ

ਆਪਣਾ ਹੀ ਚਿਹਰਾ ਭੁੱਲ ਗਏ
ਆਪਣੇ ਹੀ ਨਾ ਪਾਸ ਰਹੇ
—0—
ਟੁਰ ਨਜ਼ਰਾਂ ਤੋਂ ਦੂਰ ਗਿਆ
ਚਿਹਰਾ ਤਾਂ ਰਿਹਾ ਸਾਬਤਾ
ਸ਼ੀਸ਼ਾ ਹੋ ਚੂਰ ਗਿਆ
—0—
ਧਰਤੀ ਅਸਮਾਨ ਨਹੀਂ
ਆਪਣੇ ਹੀ ਆਪੇ ਦੀ
ਮਨੁੱਖ ਨੂੰ ਪਹਿਚਾਣ ਨਹੀਂ
—0—
ਸ਼ੀਸ਼ਾ ਸੂਲ਼ੀ ਲਟਕ ਰਿਹਾ
ਖ਼ਾਤਿਰ ਚਿਹਰੇ ਦੀ
ਚਿਹਰਿਆਂ ਵਿੱਚ ਭਟਕ ਰਿਹਾ
—0—
ਸੱਚ ਦੁਨੀਆ ਦਾ ਜਾਣ ਲਏ
ਜੋਤ ਸਰੂਪ ਮਨ ਦਾ
ਜੋ ਬੰਦਾ ਪਹਿਚਾਣ ਲਏ
—0—
ਸਵਰਗ ਧਰਤ ਉਤਾਰ ਲਏ
ਦੁਨੀਆ ਖ਼ੁਦ ਸੁਧਰੇ
ਬੰਦਾ ਆਪਾ ਜੇ ਸੁਧਾਰ ਲਏ
—0—
ਜਨਮਨ ਦਾ ਸੱਚ ਜਾਣੇ
ਜੀਵਨ ਪ੍ਰਯੋਜਨ ਦੀ
ਬੰਦਾ ਰਮਜ਼ ਪਹਿਚਾਣੇ
—0—
ਰੁੱਖ ਸੂਲ਼ੀ ਲਟਕਦਾ ਹੈ
ਆਪਣਾ ਸੱਚ ਭਾਲਣ ਲਈ

ਜੰਗਲਾਂ ਵਿੱਚ ਭਟਕਦਾ ਹੈ
—0—
ਪੱਤਾ ਪੱਤਾ ਰੁੱਖ ਦੀ ਇਕਾਈ ਹੈ
ਸਾਗਰ ਹੋਂਦ ਹੈ ਬੂੰਦਾਂ ਦੀ
ਬੂੰਦ ਸਾਗਰ ਦੀ ਸੱਚਾਈ ਹੈ
—0—
ਆਪਣੇ ਹੱਡ ਹੀ ਹੈ ਬਾਲ ਰਿਹਾ
ਭੇਂਟ ਪਦਾਰਥ ਦੀ ਚੜ੍ਹਿਆ
ਆਪਣਾ ਆਪਾ ਭਾਲ ਰਿਹਾ
—0—
ਆਪਾ ਆਪੇ 'ਚ ਉਤਾਰਿਆ ਨਾ
ਆਪਣੇ ਹੀ ਸ਼ੀਸ਼ੇ 'ਚੋਂ
ਆਪਣਾ ਆਪ ਸੰਵਾਰਿਆ ਨਾ
—0—
ਬੁੱਲ੍ਹਾ ਪੌਣ ਦਾ ਵਗਦਾ ਹੈ
ਬੀਜ 'ਚੋਂ ਰੁੱਖ
ਰੁੱਖ 'ਚੋਂ ਬੀਜ ਪੁੰਗਰਦਾ ਹੈ
—0—
ਬਾਹਰੋਂ ਕੁੱਝ ਨਾ ਲੱਭਦਾ ਹੈ
ਆਪਾ ਫੋਲ ਜ਼ਰਾ
ਉਹ ਅੰਦਰ ਹੀ ਵਸਦਾ ਹੈ
—0—
ਸੱਚ ਪ੍ਰਾਣ ਦਾ ਜਾਣ ਜ਼ਰਾ
ਪੰਜ ਭੂਤੀ ਕ੍ਰਿਆ ਦਾ
ਕਰਤਾ ਪਹਿਚਾਣ ਜ਼ਰਾ
—0—
ਪ੍ਰਾਣ ਦੀ ਲੋਅ ਸਦਕਾ
ਤੇਰੀ ਖਾਮੋਸ਼ੀ 'ਚ
ਕੋਈ ਬੋਲ ਪਿਆ ਜਗਦਾ

—0—
ਜੋ ਜੀਵਨ ਦਾ ਮੰਤਵ ਜਾਣ ਗਿਆ
ਆਪਣੇ ਹੀ ਆਪੇ ਦਾ
ਉਹ ਸੱਚ ਪਹਿਚਾਣ ਗਿਆ
—0—
ਜੀਵਨ ਦੀ ਗੋਂਦ ਹੈ ਜੋ
ਮਨੁੱਖੀ ਸੱਚ ਦੀ
ਪ੍ਰਮਾਣਿਕ ਹੋਂਦ ਹੈ ਉਹ
—0—
ਸਵੈ ਨੂੰ ਜੇ ਜਾਣ ਲਏ
ਜਨਮ ਮਰਨ ਦਾ
ਬੰਦਾ ਰਹੱਸ ਪਹਿਚਾਣ ਲਏ
—0—
ਹਰ ਪਲ ਹੈ ਇਹ ਦੱਸਦਾ
ਮਨੁੱਖੀ ਹੋਂਦ ਦਾ ਸੱਚ
ਹਰ ਸਾਹ ਵਿੱਚ ਹੈ ਵਸਦਾ
—0—
ਮਨੁੱਖੀ ਹੋਂਦ ਦਾ ਸੱਚ ਕਿਹੜਾ
ਪੰਜ ਭੂਤੀ ਪੁਤਲੇ ਦੀ
ਚੇਤਨਾ ਦਾ ਸਵੈ ਜਿਹੜਾ
—0—
ਬੰਦਾ ਅਕਲੋਂ ਹੀਣਾ ਹੈ
ਆਪਣਾ ਸੱਚ ਜਾਣੇ ਬਿਨਾਂ
ਜੀਣਾ ਵੀ ਕੀ ਜੀਣਾ ਹੈ
—0—
ਗੀਤਾ ਦਾ ਮਹਾਤਮ ਹੈ
ਉਪਾਧੀ ਰਹਿਤ
ਆਤਮਾ ਸਰੂਪ ਹੀ ਪ੍ਰਮਾਤਮ ਹੈ
—0—

ਜੋਤ ਸਰੂਪ ਹੰਢਾਏ ਜੋ
ਆਪਣੇ ਮਸਤਕ 'ਚ
ਆਤਮ ਜੋਤ ਜਗਾਏ ਉਹ
—0—
ਜੀਂਦੇ ਜੀਅ ਜੋ ਧਿਆਉਂਦਾ ਹੈ
ਮਰਨ ਤੋਂ ਪਹਿਲਾਂ ਹੀ
ਆਪਣਾ ਸੱਚ ਪਾਉਂਦਾ ਹੈ
—0—
ਮੋਰ ਪੈਲਾਂ ਪਾਉਂਦਾ ਹੈ
ਕਾਦਰ 'ਚੋਂ ਕੁਦਰਤ
ਕੁਦਰਤ 'ਚੋਂ ਕਾਦਰ ਵਿਖਾਉਂਦਾ ਹੈ
—0—
ਜੋਗੀ ਫੇਰਾ ਪਾ ਗਿਆ ਹੈ
ਦੁਨੀਆ ਦਾ ਸੱਚ
ਲੋਕਾਂ ਨੂੰ ਸਮਝਾ ਗਿਆ ਹੈ
—0—
ਸਾਗਰ ਥਲ ਹੋਇਆ
ਲੱਭਦਾ ਜੜ ਆਪਣੀ
ਜੰਗਲ ਰੁੱਖ ਦਾ ਘਰ ਹੋਇਆ
—0—

# ਲੋਕ-ਟੱਪੇ

# ਪਿਆਰ ਅਨੁਭਵ

ਜੋਗੀ ਜੋਗ ਨੇ ਮੁੰਦਰਾਂ ਦੇ
ਹੱਸਦਿਆਂ ਨੈਣ ਲੜ ਗਏ
ਪਲ ਜ਼ਖ਼ਮੀ ਨੇ ਉਮਰਾਂ ਦੇ
—0—
ਭਰ ਖਾਲੀ ਥਾਂ ਜਾਵਾਂ
ਭਰੋਸਾ ਕੀ ਦਮ ਦਾ
ਜ਼ਿੰਦ ਤੇਰੇ ਨਾਂਅ ਲਾਵਾਂ
—0—
ਪਈਆਂ ਡੁੱਲ੍ਹ-ਡੁੱਲ੍ਹ ਪੈਂਦੀਆਂ ਨੇ
ਇਕ ਪ੍ਰਦੇਸ਼ੀ ਨੂੰ
ਅੱਖਾਂ ਆਪਣਾ ਕਹਿੰਦੀਆਂ ਨੇ
—0—
ਤੇਰਾ ਭਰ ਲਾ ਕਲਾਵਾਂ ਵੇ
ਘੋਲ ਕੇ ਪੀਅ ਜਾਵਾਂ
ਨਹੀਂ ਤੇ ਮਰ ਜਾਵਾਂ ਵੇ
—0—
ਸ਼ੀਸ਼ਾ ਪਈ ਤੱਕਦੀ ਹਾਂ
ਆਪਣਾ ਚਿਹਰਾ ਨਹੀਂ
ਤੇਰੀ ਸੂਰਤ ਲੱਗਦੀ ਹਾਂ
—0—
ਦਿਲ ਕਿਸੇ ਤੇ ਰੀਝ ਗਿਆ
ਦਿਲ ਵਿੱਚ ਵਸਦਾ ਸੀ
ਉਡੀਕਾਂ ਅੱਖੀਆਂ 'ਚ ਬੀਜ ਗਿਆ
—0—
ਹੰਝੂ ਬਣ ਵਰ ਗਏ ਹਾਂ
ਆਪਾ ਵਿਸਰ ਗਿਆ

ਤੇਰੇ ਦਰ ਆ ਖੜ ਗਏ ਹਾਂ
—0—
ਇਸ਼ਕੇ ਦਾ ਕ੍ਰਿਸਮਾ ਹੈ
ਜਿਸ ਪਾਸੇ ਤੱਕਦੀ ਹਾਂ
ਮੁਖ ਤੇਰਾ ਦਿੱਸਦਾ ਹੈ
—0—
ਤੇਰੀ ਕੀਤੀ ਪੂਜਾ ਹੈ
ਤੂੰ ਹੀ ਸਾਡਾ ਰੱਬ ਸੋਹਣਿਆ
ਕੋਈ ਹੋਰ ਨਾ ਦੂਜਾ ਹੈ
—0—
ਦੁਨੀਆ ਠੁਕਰਾਇਆ ਏ
ਤੇਰੇ ਤੋਂ ਮੈਂ ਵਾਰੀ
ਤੂੰ ਗਲ਼ ਨਾਲ ਲਾਇਆ ਹੈ
—0—
ਭਰੀ ਭਰਾਈ ਡੁੱਲ੍ਹ ਜਾਂਦੀ
ਅੱਖੀਆਂ ਦੀ ਲੱਗੀ
ਜੇ ਦਿਲ ਨੂੰ ਭੁੱਲ ਜਾਂਦੀ
—0—
ਚੰਬੇ ਦੀਆਂ ਕਲੀਆਂ ਨੇ
ਰੱਬੀ ਦਰਗਾਹ ਜਿਹੀਆਂ
ਮਿੱਤਰਾਂ ਦੀਆਂ ਗਲੀਆਂ ਨੇ
—0—
ਪੈਰ ਜਵਾਨੀ 'ਚ ਧਰਿਆ ਹੈ
ਬਖੀਏ ਉਧੜ ਗਏ
ਅੰਬਰ ਅੱਖੀਆਂ 'ਚ ਭਰਿਆ ਹੈ
—0—
ਤੈਨੂੰ ਸੂਰਮੇ ਦੀ ਥਾਂ ਪਾਵਾਂ
ਲੱਗੇ ਤੈਨੂੰ ਧੁੱਪ ਮਿੱਤਰਾਂ
ਮੈਂ ਛਾਂਵਾਂ 'ਚ ਸੜ ਜਾਵਾਂ

—0—
ਸਾਗਰ 'ਤੇ ਹਵਾ ਤਰਦੀ
ਦੀਵਾ ਬਾਲ਼ ਮਿੱਤਰਾਂ
ਤੇਰੀ ਕੁੱਲੀ ਦਾ ਮੂੰਹ ਕਰਦੀ
—0—
ਸਲਾਮਾਂ ਨੇ ਪਿਆਰਾਂ ਨੂੰ
ਪੱਥਰਾਂ 'ਚੋਂ ਗਤੀ ਜਨਮੀ
ਪੈਰ ਲੱਗ ਗਏ ਪਹਾੜਾਂ ਨੂੰ
—0—
ਪੱਤਿਆਂ 'ਚੋਂ ਹਵਾ ਵਗਦੀ
ਹਰ ਦਮ ਰਹੇ ਤੱਕਦਾ
ਦੱਸ ਤੇਰੀ ਮੈਂ ਕੀ ਲੱਗਦੀ
—0—
ਖੂਹੀਆਂ ਦੀਆਂ ਲੱਜਾਂ ਨੇ
ਨੈਣਾਂ ਵਿੱਚ ਰਹੂ ਵਸਦਾ
ਤੈਨੂੰ ਤੱਕਦੀ ਨਾ ਰੱਜਾਂ ਵੇ
—0—
ਕਿੱਤੇ ਮੌਸਮ ਬਣ ਆਵੇਂ
ਰੁੱਤ ਹੈ ਜਵਾਨੀ ਦੀ
ਇਸ ਹਵਾ ਨੂੰ ਗਲ ਲਾਵੇਂ
—0—
ਅੱਖਾਂ ਖੋਲ੍ਹੀਆਂ ਕਲੀਆਂ ਨੇ
ਜਿੱਥੇ ਸਾਡੇ ਨੈਣ ਮਿਲੇ
ਜੰਨਤ ਉਹ ਗਲੀਆਂ ਨੇ
—0—
ਤੇਰਾ ਖੜ੍ਹਨਾ ਮੋੜਾਂ 'ਤੇ
ਤੱਕਣਾਂ ਘੁੱਗੀਆਂ ਦਾ
ਮੋਰਾਂ ਦੀਆਂ ਟੋਰਾਂ ਵੇ
—0—

ਕਿੰਜ ਆਪੇ ਨੂੰ ਮੋੜਾਂ ਵੇ
ਤੇਰੇ ਵੱਲ ਜ਼ਿੰਦ ਭੱਜਦੀ
ਕਿੰਜ ਅੱਖੀਆਂ ਨੂੰ ਹੋੜਾਂ ਵੇ
—0—
ਤੇਰੀ ਪੋਚਵੀਂ ਪਗੜੀ ਵੇ
ਮੁੱਛ ਫੁੱਟ ਗੱਭਰੂਆਂ
ਸਾਨੂੰ ਸੋਹਣੀ ਲੱਗਦੀ ਵੇ
—0—
ਅੱਖੀਆਂ ਲੱਗੀਆਂ ਨੇ
ਘੁੱਟ ਤੇਰਾ ਭਰਨ ਲਈ
ਬੁੱਲ੍ਹੀਆਂ ਤਰਸੀਆਂ ਨੇ
—0—
ਬੁੱਲ੍ਹੀਂ ਮੱਲਿਆ ਦੰਦਾਸਾ ਵੇ
ਦਿਲ ਦਾ ਅੱਥਰੂ ਤੂੰ
ਅੱਖੀਆਂ ਦਾ ਹਾਸਾ ਵੇ
—0—
ਲਹਿਰਾ ਦਿਆਂ ਸ਼ੋਰਾਂ ਨੇ
ਗੱਭਰੂ ਦਾ ਦਿਲ ਲੁੱਟਿਆ
ਘੁੱਗੀ ਦੀਆਂ ਟੋਰਾਂ ਨੇ
—0—
ਤੈਨੂੰ ਆਪਣੇ 'ਚ ਢਾਲਣਾ ਏ
ਗਲੈਰੀਆ ਮੋਰਾ ਵੇ
ਤੇਰਾ ਅੱਖੀਆਂ 'ਚ ਆਲ੍ਹਣਾ ਵੇ
—0—
ਤੇਰੇ ਹੋ ਕੇ ਮਰ ਜਾਣਾ
ਜਿੱਥੇ ਚੰਨਾ ਤੂੰ ਨਾ ਵਸੇ
ਉਸ ਦੁਨੀਆ 'ਚ ਕੀ ਰਹਿਣਾ
—0—
ਤੇਰੇ ਨੈਣਾਂ ਪੱਟਿਆ ਹੈ

ਲੀਰੋ ਲੀਰ ਹੋਏ
ਕੀ ਪਿਆਰ 'ਚੋਂ ਖਟਿਆ ਹੈ
—0—
ਕੱਖਾਂ ਵਿੱਚ ਰੋਲ਼ ਗਿਉਂ
ਗੰਢਾਂ ਲੱਗੀਆਂ ਦੀਆਂ
ਸ਼ਰੀਕਾਂ ਵਿੱਚ ਖੋਲ੍ਹ ਗਿਉਂ
—0—
ਕਦੀ ਆ ਜਾ ਚੌਬਾਰੇ 'ਤੇ
ਜ਼ਿੰਦਗੀ 'ਚ ਚੰਨ ਚੜ੍ਹੇ
ਦਿਲ ਤਖ਼ਤ ਹਜ਼ਾਰੇ 'ਤੇ
—0—
ਤਾਰੇ ਅੰਬਰੀਂ ਸੌਂ ਗਏ ਨੇ
ਵਾਰੀ ਮੈਂ ਪੱਜਾਂ ਤੋਂ
ਕੌਲ ਦੇ ਕੇ ਭੌਂ ਗਏ ਨੇ
—0—
ਕਲੀਆਂ ਨੇ ਘੁੰਡ ਖੋਲ੍ਹੇ
ਕੋਈ ਚੀਨਾ ਕਬੂਤਰ ਨੀ
ਮੇਰੀ ਚੁੱਪ ਵਿੱਚ ਪਿਆ ਬੋਲੇ
—0—
ਇੱਕ ਜੋੜਾ ਮੋਰਾਂ ਦਾ
ਗਲ਼ੀ 'ਚ ਹਵਾ ਵਗਦੀ
ਝਾਉਲਾ ਤੇਰੀਆਂ ਟੋਰਾਂ ਦਾ
—0—
ਅੰਬਰ ਵਿੱਚ ਤਾਰੇ ਨੇ
ਦਿਲ ਦੀ ਧੜਕਣ ਤੂੰ
ਸਾਹ ਤੇਰੇ ਸਹਾਰੇ ਨੇ
—0—
ਸੂਲ਼ੀ 'ਤੇ ਟੰਗ ਗਿਉਂ ਤੂੰ
ਸਾਡੀਆਂ ਮੁੱਹਬਤਾਂ ਨੂੰ

ਸਾਡੇ ਲਹੂ ਵਿੱਚ ਰੰਗ ਗਿਉਂ ਤੂੰ
—0—
ਤਿੱਤਲੀ ਦੇ ਰੰਗ ਮਾਹੀਆ
ਹਾਸਾ ਤੇਰਾ ਸੋਹਣਾ ਲੱਗਦਾ
ਸੋਹਣੀ ਲੱਗਦੀ ਏ ਸੰਗ ਮਾਹੀਆ
—0—
ਕਸਤੂਰੀ ਦੀਆਂ ਪੁੜੀਆਂ ਨੇ
ਮਿਸ਼ਰੀ ਤੋਂ ਵੱਧ ਮਿੱਠੀਆਂ
ਯਾਦਾਂ ਤੇਰੇ ਨਾਲ ਜੁੜੀਆਂ ਨੇ
—0—
ਮੁਲਤਾਨੀ ਪੱਖੀਆਂ ਨੇ
ਬੋਲਾਂ ਨੇ ਚੁੱਪ ਸਾਧੀ
ਗੱਲਾਂ ਕਰਦੀਆਂ ਅੱਖੀਆਂ ਨੇ
—0—
ਮੀਂਹ ਪੈਂਦਾ ਏ ਕਾਨ੍ਹਿਆਂ 'ਤੇ
ਮਰ ਜਾਣ ਨੂੰ ਜੀਅ ਕਰਦੈ
ਚੰਨਾਂ ਤੇਰੇ ਬਹਾਨਿਆਂ 'ਤੇ
—0—
ਆਏ ਚੰਦਰੇ ਜ਼ਮਾਨੇ ਨੇ
ਜਗ ਸਾਰਾ ਵੈਰੀ ਹੋ ਗਿਆ
ਹੋਏ ਆਪਣੇ ਬੇਗਾਨੇ ਨੇ
—0—
ਧਰਤੀ 'ਤੇ ਤ੍ਰੇਲ ਪਈ
ਕਲੀਆਂ ਦੇ ਅੰਗ ਠਰ ਗਏ
ਜ਼ਿੰਦ ਫੁੱਲਾਂ ਦੀ ਸੁੱਕਣੇ ਪਈ
—0—
ਕੋਈ ਬੁਰਾ ਨਾ ਮਨਾਵੇ ਵੇ
ਰੱਬ ਦੀ ਥਾਂ ਤੈਨੂੰ ਪੂਜਦੀ
ਰੱਬ ਰੁੱਸ ਨਾ ਜਾਵੇ ਵੇ

—0—
ਸਾਗਰ ਵਿੱਚ ਰਾਤਾਂ ਨੇ
ਚੰਨਾਂ ਤੇਰੇ ਹਾਸਿਆਂ ਜਿਹੀਆਂ
ਸੂਰਜ ਦੀਆਂ ਬਾਤਾਂ ਨੇ
—0—
ਤੇਰੀ ਮੇਰੀ ਕਹਾਣੀ ਏ
ਫਿਜ਼ਾ ਵਿੱਚ ਮਹਿਕ ਗਈ
ਪੌਣਾਂ ਦੀ ਜ਼ੁਬਾਨੀ ਏ
—0—
ਸਾਗਰ ਦਾ ਕਿਨਾਰਾ ਏ
ਅੱਖੀਆਂ 'ਚ ਚੰਨ ਵੱਸਦਾ
ਕੇਹਾ ਰੱਬੀ ਨਜ਼ਾਰਾ ਏ
—0—
ਸਾਗਰ ਵਿੱਚ ਮੀਂਹ ਵਰ੍ਹਦਾ
ਬੁੱਕਲੇ ਚੰਨ ਚੜ੍ਹਿਆ
ਮਰ ਜਾਣ ਨੂੰ ਜੀਅ ਕਰਦਾ
—0—
ਰੁੱਤਾਂ ਕੋਲ ਇਕਰਾਰ ਦੀਆਂ
ਘੁੰਡ ਉਹਲੇ ਅੱਖੀਆਂ ਦੋ
ਤੈਨੂੰ ਵਾਜਾਂ ਮਾਰ ਦੀਆਂ
—0—
ਜਿਨ੍ਹੇ ਪਿਆਰ ਨਾ ਕੀਤਾ ਏ
ਰੱਬੀ ਰਹਿਮਤ ਦਾ
ਉਨ੍ਹੇ ਘੁੱਟ ਵੀ ਨਾ ਪੀਤਾ ਏ
—0—
ਜਾਨਵਰ ਇਨਸਾਨ ਬਣੇ
ਪਿਆਰ ਦੇ ਰਾਹ ਉੱਤੇ
ਜੇ ਕੋਈ ਵੀ ਪੈਰ ਧਰੇ
—0—

ਇੱਕ ਪਿਆਰ ਹੀ ਪੂਜਾ ਹੈ
ਬੰਦੇ ਨੂੰ ਖ਼ੁਦਾ ਜੋ ਕਰੇ
ਕੋਈ ਹੋਰ ਨਾ ਦੂਜਾ ਹੈ
—0—
ਕੋਇਲ ਪਈ ਕੂਕਦੀ ਏ
ਗਲੀ ਵਿੱਚ ਤੱਕ ਸੋਹਣਿਆ
ਕੋਈ ਪੌਣ ਪਈ ਸ਼ੂਕਦੀ ਏ
—0—
ਕਰੂੰਬਲਾਂ ਫੁੱਟੀਆਂ ਨੇ
ਤੇਰੀਆਂ ਨੁਹਾਰਾਂ ਸੋਹਣਿਆ
ਅੱਖੀਆਂ ਵਿੱਚ ਘੁੱਟੀਆਂ ਨੇ
—0—
ਤੇਰੇ ਇਸ਼ਕ ਨਿਚਾਇਆ ਏ
ਦਰ-ਦਰ ਮੰਗਦੀ ਫਿਰਾਂ
ਸੱਚ ਮਿੱਟੀ ਦਾ ਵਿਖਾਇਆ ਏ
—0—
ਕੁੱਝ ਪੱਲੇ ਨਾ ਛੱਡਿਆ ਏ
ਛੱਜ ਵਿੱਚ ਪਾ ਕੇ ਇਸ਼ਕੇ
ਦੁਨੀਆਂ ਵਿੱਚ ਛੱਟਿਆ ਏ
—0—
ਸੂਲ਼ੀ 'ਤੇ ਚਾੜ੍ਹ ਗਿਉਂ
ਤੱਖਤੋਂ ਉਤਾਰ ਸਾਨੂੰ
ਸੜਕਾਂ 'ਤੇ ਬਿਠਾਲ ਗਿਉਂ
—0—
ਇਹ ਦੁਨੀਆ ਗ਼ੈਰ ਹੋਈ
ਤੇਰਾ ਪਤਾ ਠਿਕਾਣਾ ਨਾ
ਸਿਰ ਸਿਖ਼ਰ ਦੁਪਹਿਰ ਹੋਈ
—0—
ਇਸ਼ਕੇ ਦੀਆਂ ਦਾਤਾਂ ਨੇ

ਕਾਲੀਆਂ ਰਾਤਾਂ ਵੀ
ਚਿੱਟੀਆਂ ਪ੍ਰਭਾਤਾਂ ਨੇ
—0—
ਝੱਖੜਾਂ ਵਿੱਚ ਬਲ਼ਦਾ ਏ
ਦੀਵਾ ਇਸ਼ਕੇ ਦਾ
ਕੱਚਿਆਂ ’ਤੇ ਵੀ ਤਰਦਾ ਏ
—0—
ਇਹ ਥਲਾਂ ’ਚ ਸੜ ਜਾਂਦੈ
ਇਹ ਜੀਉਂਦੇ ਮਰ ਜਾਂਦੈ
ਠੰਡੇ ਸੂਰਜ ਕਰ ਜਾਂਦੈ
—0—
ਕੋਈ ਚੀਰ ਪਹਾੜ ਗਿਆ
ਮੁੱਲ ਸ਼ੀਰੀ ਦੇ ਇਸ਼ਕੇ ਦਾ
ਹੱਡ ਬਾਲ ਕੇ ਤਾਰ ਗਿਆ
—0—
ਕੋਈ ਮੱਝੀਆਂ ਚਾਰ ਗਿਆ
ਬੇਲੇ ਦੇ ਮੱਥੇ ’ਚ
ਦੀਵਾ ਹੀਰ ਦਾ ਬਾਲ ਗਿਆ
—0—
ਕੋਈ ਜੰਡ ਹੇਠਾਂ ਮੋਇਆ ਹੈ
ਕਤਰੇ ਦੀ ਹਸਤੀ ਤੋਂ
ਸਾਗਰ ਹੋਇਆ ਹੈ
—0—
ਦੀਵਾਰਾਂ ਵਿੱਚ ਚਿਣਿਆ ਹੈ
ਕੱਦ ਮੁਹੱਬਤ ਦਾ
ਹਕੂਮਤ ਜਦ ਮਿਣਿਆ ਹੈ
—0—
ਸਾਗਰ ਵਿੱਚ ਛੱਲਾਂ ਨੇ
ਕਿਨਾਰਿਆਂ ’ਤੇ ਉੱਗ ਆਈਆਂ

ਜੋ ਦਿਲ ਦੀਆਂ ਗੱਲਾਂ ਨੇ
—0—
ਸਿਰ ਤਲ਼ੀ ਜੋ ਧਰ ਲੈਂਦੇ
ਉਹ ਆਪਾ ਹਰ ਕੇ ਵੀ
ਫਤਹਿ ਦੁਨੀਆ ਕਰ ਲੈਂਦੇ
—0—
ਹਵਾ ਵਗਦੀ ਸਮੁੰਦਰਾਂ ’ਤੇ
ਪਲ ਦੀਆਂ ਲਗੀਆਂ ਨੇ
ਪਰ ਅੱਥਰੂ ਉਮਰਾਂ ਦੇ
—0—
ਦੋ ਗੁੱਤਾਂ ਪਈ ਕਰਨੀ ਆਂ
ਮੁਖ ਦੀ ਕਿਤਾਬ ਸੋਹਣਿਆ
ਪਈ ਸ਼ੀਸ਼ੇ ’ਚ ਪੜ੍ਹਨੀ ਆਂ
—0—
ਸੂਰਜ ਅੱਜ ਚੜ੍ਹਿਆ ਏ
ਦੀਵਾ ਤੇਰੇ ਮੁਖੜੇ ਦਾ
ਮਨ ਵਿੱਚ ਜਗਿਆ ਏ
—0—
ਤੂੰ ਬੋਤਲ ਦਾਰੂ ਦੀ
ਇਸ਼ਕੇ ਦੇ ਸਿਰ ਨੂੰ ਚੜ੍ਹੀ
ਹਨੇਰੀ ਥਲ ਮਾਰੂ ਦੀ
—0—
ਕੰਨਾਂ ਦੀਆਂ ਮੁੰਦਰਾਂ ਨੇ
ਕਿਨਾਰੇ ਤੇ ਡੁੱਬ ਨੀ ਗਏ
ਤਾਰੂ ਜੋ ਸਮੁੰਦਰਾਂ ਦੇ
—0—
ਦੁੱਧ ਕੜਦਾ ਕੁੰਨੀਆਂ ’ਚ
ਲਾਅ ਨੀ ਬਹਾਰ ਗਿਆ
ਲੰਘ ਗਲੀਆਂ ਸੁੰਨੀਆਂ ’ਚ

—0—
ਦਰਿਆ ਵਿੱਚ ਹੜ੍ਹ ਆਇਆ
ਗੁਆਢਣ ਨਦੀ ਦਾ ਪਾਣੀ
ਕੰਢਿਆਂ 'ਤੇ ਚੜ੍ਹ ਆਇਆ
—0—
ਪੈਰਾਂ ਵਿੱਚ ਘਾਹ ਹਰਿਆ
ਤੇਰੇ ਹੀ ਸਹਾਰੇ ਅਸਾਂ
ਅੱਗ ਦਾ ਦਰਿਆ ਤਰਿਆ
—0—
ਚੰਨ ਪਾਣੀ 'ਚ ਟੁਰਦਾ ਏ
ਅੱਥਰੂ ਨੈਣਾਂ 'ਚ
ਦਿਲ ਸ਼ੀਸ਼ੇ ਦਾ ਧੁੱਖਦਾ ਏ
—0—
ਕੁੱਝ ਜ਼ਖ਼ਮ ਬਹਾਰਾਂ ਦੇ
ਚਿਹਰੇ 'ਤੇ ਦਿੱਸਦੇ ਨੇ
ਪੰਜ ਫੁੱਟੀਆਂ ਤਲਵਾਰਾਂ ਦੇ
—0—
ਹਰ ਪਾਸੇ ਤਕਸੀਮਾਂ ਜ਼ਰਬਾਂ ਨੇ
ਜ਼ਿੰਦਗੀ ਲਈ ਰਾਹ ਨਹੀਂ ਕੋਈ
ਹਰ ਪਾਸੇ ਕਬਰਾਂ ਨੇ
—0—
ਤਨ ਤਪਦਾ ਤੰਦੂਰ ਪਿਆ
ਰੋਟੀਆਂ ਲਾਹ ਕੇ ਪਿੰਡੇ ਤੋਂ
ਸੱਜਣ ਟੁਰ ਦੂਰ ਗਿਆ
—0—
ਚਰਖੀ ਸੰਗ ਘੂਕ ਪਈ
ਅੱਖੀਆਂ 'ਚ ਅੱਗ ਮਚਦੀ
ਸਾਡਾ ਪਿੰਡਾ ਫੂਕ ਗਈ
—0—

ਸਾਡੇ ਨੈਣ ਅੰਗਾਰੇ ਨੇ
ਚਿਣਗਾਂ ਪਿੰਡੇ ਦੀਆਂ
ਕਈ ਸੂਰਜ ਠਾਰੇ ਨੇ
—0—
ਅੰਬਰੀਂ ਤਾਰੇ ਨੇ
ਇਕ ਤੇਰੀ ਦੀਦ ਬਿਨਾ
ਬੁੱਝ ਗਏ ਸਾਰੇ ਨੇ
—0—
ਇੱਕ ਬੱਦਲੀ ਵਰ੍ਹਦੀ ਏ
ਭਿਜ-ਭਿਜ ਦੇਹ੍ਹ ਚੰਦਰੀ
ਅੱਗ ਵਾਂਗੂ ਮਚਦੀ ਏ
—0—
ਉੱਡ ਬਨੇਰੇ ਤੋਂ ਕਾਵਾਂ
ਠਿਕਾਣਾ ਦੱਸ ਨਾ ਗਿਆ
ਕਿੱਥੇ ਲੱਭਣ ਮੈਂ ਜਾਵਾਂ
—0—
ਪਾਣੀ ਸੁੱਕ ਗਏ ਸਮੁੰਦਰਾਂ ਦੇ
ਅੱਖੀਆਂ 'ਚ ਥਲ ਉੱਗਿਆ
ਪੈਂਡੇ ਲੰਬੇ ਉਮਰਾਂ ਦੇ
—0—
ਪੰਛੀ ਅਸਮਾਨਾਂ 'ਚ
ਉਜੜੀ ਮੈਂ ਸੋਹਣਿਆ
ਤੇਰੇ ਵਸਦੇ ਜ਼ਹਾਨਾਂ 'ਚ
—0—
ਰੁੱਖਾਂ 'ਚੋਂ ਹਵਾ ਲੰਘਦੀ
ਕਬਰਾਂ 'ਚ ਸੁੱਤੀ ਵੀ
ਤੇਰਾ ਹੀ ਰਾਹ ਤੱਕਦੀ
—0—
ਜਲ ਥਲ ਦਾ ਵਾਸਾ ਹੈ

ਪਿਆਸ ਬੁਝਾਵੇ ਕੀ
ਖ਼ੁਦ ਹੀ ਜੋ ਪਿਆਸਾ ਹੈ
—0—
ਮੇਰੇ ਸਿਰ ’ਤੇ ਗਾਗਰ ਨੀ
ਲੱਗੀ ਦੀ ਅੱਗ ਨਾ ਬੁਝੀ
ਮੈਂ ਪੀਅ ਗਈ ਸਾਗਰ ਨੀ
—0—
ਤੇਰਾ ਬਿਰਹਾ ਗਾਵਾਂ ਮੈਂ
ਸੁਰਮੇ ਦੀ ਥਾਂ ਸੋਹਣਿਆ
ਤੈਨੂੰ ਅੱਖੀਆਂ ’ਚੋਂ ਪਾਵਾਂ ਮੈਂ
—0—
ਸਾਨੂੰ ਭਰੋਸਾ ਤੇਰੇ ’ਤੇ
ਇੱਕ ਤੇਰੀ ਦੀਦ ਲਈ
ਦੀਵੇ ਰੱਖਦੀ ਬਨ੍ਹੇਰੇ ’ਤੇ
—0—
ਸਾਡੇ ਸੱਖਣੇ ਵਿਹੜੇ ਨੇ
ਲੱਗੀਆਂ ਨਿਭਾਉਣ ਲਈ
ਅਸੀਂ ਪਰਬਤ ਚੀਰੇ ਨੇ
—0—
ਸਾਗਰ ਕਰ ਪਾਰ ਗਏ
ਅਸੀਂ ਡੁੱਬਦੇ ਤਰ ਗਏ ਹਾਂ
ਤੇਰੇ ਹੋ ਦੀਦਾਰ ਗਏ
—0—
ਇਸ਼ਕੇ ਦਾ ਮੁੱਲ ਪਾਇਆ
ਥਲ ਸੜਦਾ ਚੀਰ ਕੇ ਨੀ
ਸਾਨੂੰ ਸੱਜਣਾਂ ਗਲ਼ ਲਾਇਆ
—0—
ਕੰਧ ਉਹਲੇ ਚੰਨ ਚੜ੍ਹਿਆ
ਸੰਗਦੀ ਮੈਂ ਮਰ ਗਈ

ਮਾਹੀ ਵਿਹੜੇ ਆ ਵੜਿਆ
—0—
ਗੋਰੀ ਗੱਲ੍ਹ ’ਤੇ ਤਿਲ ਚੰਨ ਵੇ
ਚੋਬਾਰੇ ’ਚੋਂ ਮੈਂ ਉਤਰਾਂ
ਤੂੰ ਗਲ਼ੀ ’ਚ ਮਿਲ ਚੰਨ ਵੇ
—0—
ਵੈਰੀ ਹੋਇਆ ਜ਼ਮਾਨਾ ਏ
ਮਿਲਣਾ ਸੀ ਤੈਨੂੰ ਸੋਹਣਿਆ
ਮੰਦਿਰ ਦਾ ਬਹਾਨਾ ਏ
—0—
ਰਾਤਾਂ ਦਾ ਦੀਵਾ ਬਲ਼ੇ
ਅੱਖੀਆਂ ’ਚ ਦਿਨ ਚੜ੍ਹਿਆ
ਬੂਹੇ ਸੂਰਜ ਸਿਜਦੇ ਕਰੇ
—0—
ਸਾਏ ਰੁੱਖਾਂ ਦੇ ਢਲ਼ ਗਏ ਨੇ
ਮਿਲਣੇ ਦਾ ਵਾਅਦਾ ਸੀ
ਨੈਣ ਤੱਕਦੇ ਥੱਕ ਗਏ ਨੇ
—0—
ਸੂਰਜ ਤੇ ਕਿਰਨਾਂ ਨੇ
ਯੁੱਗਾਂ ਦੇ ਵਿਛੜਿਆ
ਰੱਬ ਜਾਣੇ ਕਦ ਮਿਲਣਾ ਹੈ
—0—
ਪਲਕਾਂ ਦੀਆਂ ਛਾਵਾਂ ਵੇ
ਜੁਲਫ਼ਾਂ ਦੀ ਕਰ ਛੱਤਰੀ
ਤੈਨੂੰ ਦਿਲ ’ਚ ਬਿਠਾਵਾਂ ਮੈਂ
—0—
ਅੰਬਰਾਂ ਤੋਂ ਮੀਂਹ ਵਰ੍ਹਦਾ
ਔੜਾਂ ਦੀ ਮਾਰੀ ਦਾ
ਭਿਜ–ਭਿਜ ਮਰਨ ਨੂੰ ਜੀਅ ਕਰਦਾ

—0—
ਧੂੰਆਂ ਦਿਲ 'ਚ ਉਠਦਾ ਏ
ਤੇਰੀਆਂ ਜੁਦਾਈਆਂ 'ਚ
ਰੁੱਖ ਦੇਹ ਦਾ ਧੁਖਦਾ ਏ
—0—
ਇਕ ਵਾਰੀ ਮਿਲ ਆ ਕੇ
ਆਪਾ ਭੁੱਲ ਜਾਵਾਂ
ਤੈਨੂੰ ਆਪਣੇ ਗਲ ਲਾ ਕੇ
—0—
ਚੰਨ ਦੀਆਂ ਰਿਸ਼ਮਾਂ ਨੇ
ਪਤਾ ਨਹੀਂ ਸਵਾਸਾਂ ਦਾ
ਕਦ ਵਿਛੜਿਆਂ ਮਿਲਣਾ ਏ
—0—
ਚਾਂਦੀ ਦਾ ਦਿਨ ਚੜ੍ਹਿਆ
ਦੁਨੀਆ ਵੇਖਦੀ ਏ
ਤੂੰ ਸੁਫ਼ਨੇ 'ਚ ਮਿਲ ਅੜਿਆ
—0—
ਰੁੱਖਾਂ ਦੀਆਂ ਛਾਂਵਾਂ ਨੇ
ਲੋਕਾਂ ਦੇ ਪਹਿਰੇ ਨੇ
ਤੇਰੇ ਮੁਖ 'ਤੇ ਨਿਗਾਹਾਂ ਨੇ
—0—
ਕੱਚੇ ਘੜੇ 'ਤੇ ਕੋਈ ਤਰਿਆ
ਸੂਰਜ ਅੰਬਰਾਂ 'ਚੋਂ
ਚੰਨ ਧਰਤੀ 'ਚੋਂ ਚੜ੍ਹਿਆ
—0—
ਥਲ ਹਰਿਆ ਕਰ ਗਏ ਆਂ
ਸਿਰ ਦੇ ਕੇ ਸੱਜਣਾਂ ਲਈ
ਬਣ ਬੱਦਲ ਵਰ੍ਹ ਗਏ ਆਂ
—0—

ਸਿਰ ਸੂਰਜ ਜਰਨਾ ਏ
ਥਲਾਂ ਵਿੱਚ ਸੜ ਕੇ ਹੀ
ਦਰਿਆ ਇਸ਼ਕ ਦਾ ਤਰਨਾ ਏ
—0—
ਗ਼ਮ ਦੁਨੀਆ ਦੇ ਪੀਤੇ ਨੇ
ਫੁੱਲਾਂ ਵਿੱਚ ਰੰਗ ਭਰਿਆ
ਜੀਵਤ ਮੁਰਦੇ ਕੀਤੇ ਨੇ
—0—
ਪੰਧ ਮੁੱਕ ਗਏ ਮੰਜ਼ਿਲਾਂ ਦੇ
ਆਸ਼ਕ ਆ ਬੈਠੇ
ਦਰ ਕੂਲੀਆਂ ਗੰਦਲ਼ਾਂ ਦੇ
—0—
ਗਲ ਗਾਨੀ ਚਾਂਦੀ ਦੀ
ਫੋਟੋ ਖਿੱਚ ਮਿੱਤਰਾਂ
ਮੇਰੀ ਸੁਰਮਾ ਪਾਉਂਦੀ ਦੀ
—0—
ਖਿੜਿਆ ਚੰਬਾ ਹੈ
ਕਦਮਾਂ 'ਚ ਸੱਜਣਾਂ ਦੇ
ਵਗਦੀ ਗੰਗਾ ਹੈ
—0—
ਇਕ ਨਜ਼ਰ ਜੇ ਪਾ ਜਾਵੇ
ਟੁਰਨਾ ਰੁੱਖਾਂ ਨੂੰ
ਬੁੱਤਾਂ ਨੂੰ ਰੱਬ ਬਣਨਾ ਆ ਜਾਵੇ
—0—
ਮੋਰ ਪੈਲਾਂ ਪਾਉਂਦਾ ਹੈ
ਹਰ ਪਾਸੇ ਮੁੱਖ ਸੋਹਣਿਆਂ
ਤੇਰਾ ਨਜ਼ਰੀਂ ਆਉਂਦਾ ਹੈ
—0—
ਇਕ ਤੇਰੀ ਨਜ਼ਰ ਪਈ

ਪੱਥਰ ਦੀ ਸਿੱਲ ਸੋਹਣਿਆ
ਹੋ ਪੂਜਨ ਯੋਗ ਗਈ
—0—
ਕੋਈ ਅੱਥਰੂ ਦੇ ਗਿਆ ਹੈ
ਹੱਸਣਾ ਦਿਲ ਭੁੱਲਿਆ
ਬੁੱਤ ਹੱਡੀਆਂ ਦਾ ਰਹਿ ਗਿਆ ਹੈ
—0—
ਸਾਹ ਪੌਣਾਂ ਦੇ ਰੁੱਕ ਗਏ ਨੇ
ਤੂੰ ਕੀ ਮੂੰਹ ਫੇਰਿਆ
ਰੁੱਖ ਜੰਗਲ ਦੇ ਸੁੱਕ ਗਏ ਨੇ
—0—
ਗਾਗਰ ਪਾਣੀ ਦੀ
ਤਿਪ-ਤਿਪ 'ਚੋ ਵੇ ਗਈ
ਸਾਡੀ ਮਟਕ ਜਵਾਨੀ ਦੀ
—0—
ਸਾਗਰ ਹੋ ਸਹਿਰਾ ਗਿਆ
ਫੁੱਲਾਂ ਜਿਹਾ ਲੱਗਦਾ ਸੀ
ਹੋ ਜ਼ਖ਼ਮਾਂ ਤੋਂ ਗਹਿਰਾ ਗਿਆ
—0—
ਲਾਈਆਂ ਨਿਭੀਆਂ ਨਾ
ਨਿਭੀਆਂ ਜੋ ਲਾਈਆਂ ਨਾ
ਤੈਨੂੰ ਦੋਵੇਂ ਵਿਸਰੀਆਂ ਚੇਤੇ ਆਈਆਂ ਨਾ
—0—
ਖ਼ੁਸ਼ਬੂ ਬਹਾਰਾਂ ਨੇ
ਅੱਖੀਆਂ ਨੇ ਪੁੱਟ ਸੁੱਟਿਆ
ਸੂਲ਼ੀ ਟੰਗਿਆ ਇਕਰਾਰਾਂ ਨੇ
—0—
ਦੋ ਕਿੱਲੀਆਂ ਚੰਦਨ ਦੀਆਂ
ਕਿੱਥੇ ਤੇਰਾ ਬੁੱਤ ਰੱਖਦੀ

ਥਾਂਵਾਂ ਮੈਲ਼ੀਆਂ ਅੰਦਰ ਦੀਆਂ
—0—
ਹੋਇਆ ਚੰਨ ਜਿਹਾ ਚਿਹਰਾ ਹੈ
ਕੰਡਿਆਂ 'ਚ ਨਿਖ਼ਰ ਗਿਆ
ਜੋਬਨ ਫੁੱਲ ਮੇਰਾ ਵੇ
—0—
ਕਦੀ ਸੁਫ਼ਨੇ 'ਚ ਆ ਚੰਨ ਵੇ
ਅੱਖੀਆਂ ਉਡੀਕ ਦੀਆਂ
ਕਦੀ ਹੱਸਕੇ ਬੁਲਾ ਚੰਨ ਵੇ
—0—
ਮੋਰਾਂ ਪੈਲਾਂ ਪਾਈਆਂ ਨੇ
ਯਾਦਾਂ ਸੱਜਣਾਂ ਦੀਆਂ
ਅੱਥਰੂ ਬਣ ਆਈਆਂ ਨੇ
—0—
ਦਿਲ ਬਿਰਹਾ 'ਚ ਤੜਪਦਾ ਹੈ
ਪੈਰ ਜੇ ਪੁੱਟਦੀ ਹਾਂ
ਕੋਈ ਦਿਲ ਵਿੱਚ ਧੜਕਦਾ ਹੈ
—0—
ਸਾਨੂੰ ਲੁੱਟ ਲਿਆ ਹਾਸੇ ਨੇ
ਨਖ਼ਰੇ ਨੇ ਪੁੱਟ ਸੁੱਟਿਆ
ਚਿੱਥ ਲਿਆ ਏ ਦੰਦਾਸੇ ਨੇ
—0—
ਤੇਰਾ ਚਿਹਰਾ ਰੂਹਾਨੀ ਏ
ਸਰੂ ਜਿਹਾ ਕੱਦ ਸੋਹਣਿਆ
ਮਹਿਕਾ ਜਿਹੀ ਜਵਾਨੀ ਏ
—0—
ਕਦੀ ਵਿਹੜੇ ਆ ਚੰਨ ਵੇ
ਦਿਲ ਦੇ ਹਨੇਰੇ ਵਿੱਚ
ਦੀਵਾ ਆਪਣਾ ਜਗਾ ਚੰਨ ਵੇ

—0—
ਸਾਡੀ ਗਲੀਏ ਆ ਸੋਹਣਿਆ
ਅੱਖੀਆਂ ਉਡੀਕ ਦੀਆਂ
ਮੁਖ ਆਪਣਾ ਵਿਖਾ ਸੋਹਣਿਆ
—0—
ਮੱਥੇ ਚਾਨਣ ਤੇਰਾ ਹੈ
ਲਹੂ ਵਿੱਚ ਤੂੰ ਟੁਰਦਾ
ਤੇਰਾ ਦਿਲ 'ਚ ਵਸੇਰਾ ਹੈ
—0—
ਰਮਜ਼ਾਂ ਪਹਿਚਾਣ ਦੀਆਂ
ਮੁਹੱਬਤਾਂ ਦੇ ਦਾਗ਼ ਸੋਹਣਿਆ
ਚਿਹਰੇ ਤੋਂ ਸਿਆਣ ਦੀਆਂ
—0—

# ਲੋਕ-ਟੱਪੇ

# ਵਿਛੋੜਾ ਅਨੁਭਵ

ਵੱਸ ਭੀੜਾਂ ਦੇ ਪੈ ਗਏ ਹਾਂ
ਖੁਸ਼ੀਆਂ ਨੁਚੜ ਗਈਆਂ
ਇਕੱਲੇ ਰਹਿ ਗਏ ਹਾਂ
—0—
ਅੰਗ ਮੱਘਦੇ ਅੰਗਾਰੇ ਨੇ
ਵਰ੍ਹਦੇ ਸਾਵਨ 'ਚ
ਹੰਝੂਆਂ ਨਾਲ ਠਾਰੇ ਨੇ
—0—
ਦਿਲ ਤੋੜ ਕੇ ਟੁਰ ਗਏ ਉਹ
ਮੁਖੜਾ ਜ਼ਿੰਦਗੀ ਤੋਂ
ਮੋੜ ਕੇ ਟੁਰ ਗਏ ਉਹ
—0—
ਸਾਵਨ ਦਾ ਮਹੀਨਾ ਏ
ਕੁੜਤੀ 'ਚੋਂ ਅੱਗ ਸਿੰਮਦੀ
ਮਰ-ਮਰ ਕੇ ਜੀਣਾ ਏ
—0—
ਸੱਸੀ ਥਲਾਂ 'ਚ ਖੋਹ ਗਈ ਹੈ
ਪੁਨੂੰ ਨਾ ਮਿਲਿਆ
ਤੱਤੀ ਥਲਾਂ ਦੀ ਹੋ ਗਈ ਹੈ
—0—
ਦੁਨੀਆ ਨੇ ਨਿਚੋੜ ਲਿਆ
ਇੱਕ ਤੇਰਾ ਆਸਰਾ ਸੀ
ਤੂੰ ਵੀ ਪਾਸਾ ਮੋੜ ਲਿਆ
—0—
ਅੰਬੀਆਂ ਨੂੰ ਬੂਰ ਪਿਆ
ਸਾਵਨ ਸਿਰ ਚੜ੍ਹਿਆ

ਉੱਡ ਦਿਲ ਦਾ ਭੌਰ ਗਿਆ

—0—

ਚੰਨਾਂ ਤਾਰਿਆਂ ਦੀ ਲੋਅ ਮਾਹੀਆ
ਅੱਖੀਆਂ ਉਡੀਕ ਦੀਆਂ
ਜ਼ਰਾ ਸਾਹਮਣੇ ਤਾਂ ਹੋ ਮਾਹੀਆ

—0—

ਚੰਦਨ ਦੀਆਂ ਥੰਮ੍ਹੀਆਂ ਨੀ
ਧੁਖ ਧੁਖ ਬਲ਼ ਵੇ ਗਈਆਂ
ਕਲਮਕੱਲੀਆਂ ਹੀ

—0—

ਤੇਰੇ ਇਸ਼ਕ 'ਚ ਝੱਲੇ ਹਾਂ
ਆਪਾ ਸਾਨੂੰ ਵਿਸਰ ਗਿਆ
ਭੀੜਾਂ 'ਚ ਇੱਕਲੇ ਹਾਂ

—0—

ਗੱਡੀ ਰੁੱਕ-ਰੁੱਕ ਚਲਦੀ ਏ
ਉਡੀਕਾਂ ਵਿੱਚ ਦਿਲ ਧੁਖਦਾ
ਜ਼ਿੰਦ ਅੱਗ ਵਾਂਗੂ ਬਲਦੀ ਏ

—0—

ਸੂਲ਼ਾਂ 'ਤੇ ਟੋਰ ਗਿਉਂ
ਪਲਕੀ ਬਿਠਾਉਣ ਵਾਲਿਆਂ
ਕਾਹਨੂੰ ਮੁਖੜਾ ਮੋੜ ਗਿਉਂ

—0—

ਅੰਬਰਾਂ 'ਤੇ ਪੀਂਘ ਪਈ
ਸਿਲ ਤੇਰੇ ਰਾਹਾਂ ਦੀ
ਛੋਹ ਪੈਰਾਂ ਦੀ ਉਡੀਕ ਰਹੀ

—0—

ਕੋਈ ਖ਼ਬਰ ਨਾ ਸਾਰ ਲਈ
ਸ਼ੋਰ ਮਚਾ ਕੇ ਅੰਬਰੀਂ
ਚੁੱਪ ਕਬਰਾਂ ਦੀ ਧਾਰ ਲਈ

—0—
ਸੁੱਕ ਸਾਗਰ ਥਲ ਹੋਇਆ
ਝੂਠੇ ਸੱਜਣਾਂ ਦਾ
ਅੱਜ ਪ੍ਰਗਟ ਸੱਚ ਹੋਇਆ
—0—
ਪਾਣੀ ਖੂਹੀ ਤੋਂ ਪਈ ਭਰਨੀ ਆਂ
ਡੋਲ੍ਹ ਡੋਲ੍ਹ ਘੜਿਆਂ ਨੂੰ
ਅੱਗ ਠੰਡੀ ਪਈ ਕਰਨੀ ਆਂ
—0—
ਕਦੀ ਸੁਫ਼ਨੇ 'ਚ ਆ ਚੰਨ ਵੇ
ਬਲਦਿਆਂ ਅੰਗਾਂ ਦਾ
ਸੇਕ ਹੰਢਾਅ ਚੰਨ ਵੇ
—0—
ਬੱਦਲੀ ਕੋਈ ਵਰ੍ਹ ਗਈ ਏ
ਇਸ਼ਕੇ 'ਚ ਪਈ ਸੁੱਕਣੇ
ਦੇਹ ਕੋਲੇ ਕਰ ਗਈ ਏ
—0—
ਪਸੀਨੇ ਕਲੀਆਂ ਨੂੰ ਆ ਗਏ ਨੇ
ਸਾਉਣ ਦੇ ਸ਼ਰਾਟੇ ਸੋਹਣਿਆ
ਅੱਗ ਪਾਣੀ ਨੂੰ ਲਾ ਗਏ ਨੇ
—0—
ਨਾ ਦਿਲ ਦੇ ਪਾਸ ਰਿਹਾ
ਸਾਹਾਂ ਵਿੱਚ ਵਸਦਾ ਸੀ
ਨਜ਼ਰਾਂ 'ਚ ਗੁਆਚ ਗਿਆ
—0—
ਤੇਰੇ ਇਸ਼ਕ ਸ਼ੁਦਾਈ ਕੀਤਾ
ਘਰ ਦਾ ਰਾਹ ਭੁੱਲ ਗਈ
ਆਪਣੇ ਤੋਂ ਪਰਾਈ ਕੀਤਾ
—0—

ਲਗੀਆਂ ਬਰਸਾਤਾਂ ਨੇ
ਧੁਖਦੇ ਦਿਨ ਸੋਹਣਿਆਂ
ਪਈਆਂ ਬਲ਼ਦੀਆਂ ਰਾਤਾਂ ਨੇ
—0—
ਸੁੱਕਣੇ ਖੇਸ ਪਿਆ
ਨੈਣਾਂ ਦੇ ਅੰਗਾਰੇ ਛੱਡ ਕੇ
ਬੁੱਝੀ ਅੱਗਣੀ ਸੇਕ ਰਿਹਾ
—0—
ਚੰਨ ਟੁਰ ਗਿਆ ਵਾਂਢੇ ਨੀ
ਚੌਂਕੇ ਵਿੱਚ ਖਿਲਰ ਗਏ
ਮੇਰੇ ਦਾਜ ਦੇ ਭਾਂਡੇ ਨੀ
—0—
ਗਲੀਆਂ ਦੇ ਕੱਖ ਸੱਜਣਾਂ
ਕਾਹਨੂੰ ਸਾਨੂੰ ਮਿਲਣਾ ਸੀ
ਜੇ ਹੋਣਾ ਸੀ ਵੱਖ ਸੱਜਣਾਂ
—0—
ਭਾਰੇ ਗ਼ਮ ਰੁਜ਼ਗਾਰਾਂ ਦੇ
ਦੋ ਦਿਲ ਵਿਛੜ ਗਏ
ਸਿਵੇ ਬਲ਼ ਗਏ ਬਹਾਰਾਂ ਦੇ
—0—
ਚਿਹਰਾ ਤੱਕਦੀ ਹਾਂ ਸ਼ੀਸ਼ੇ 'ਚੋਂ
ਤੱਕ-ਤੱਕ ਨੈਣ ਨਾ ਰੱਜੇ
ਤੇਰੀ ਫੋਟੋ ਖੀਸੇ 'ਚੋਂ
—0—
ਕਿਸੇ ਬੰਨਿਆ ਸਿਹਰੇ ਨੂੰ
ਭੀੜਾ 'ਚ ਗੁਆਚ ਗਈ
ਲੱਭਦੀ ਤੇਰੇ ਚਿਹਰੇ ਨੂੰ
—0—
ਮਾਹੀ ਟੁਰ ਪ੍ਰਦੇਸ ਗਿਆ

ਕਲੀਆਂ ਦਿਆਂ ਨੈਣਾਂ 'ਚ
ਚਿਹਰੇ ਕੰਡਿਆਂ ਦੇ ਬੀਜ ਗਿਆ
—0—
ਠੰਡ ਚੰਨ ਦੀਆਂ ਰਿਸ਼ਮਾਂ ਦੀ
ਸਾਗਰ ਡੀਕ ਗਈ
ਅੱਗ ਬੁੱਝੀ ਨਾ ਹਿਜਰਾਂ ਦੀ
—0—
ਕਣਕਾਂ ਨੂੰ ਬੂਰ ਪਿਆ
ਪੱਕੀਆਂ ਜਦ ਤੱਤੀਆਂ
ਉੱਡ ਕਲੀਆਂ ਤੋਂ ਭੌਰ ਗਿਆ
—0—
ਰੁੱਖਾਂ ਦੀਆਂ ਛਾਂਵਾਂ ਨੇ
ਮਾਹੀਆ ਚੇਤੇ ਰਹਿ ਗਿਆ
ਭੁੱਲ ਗਿਆ ਸਿਰਨਾਵਾਂ ਏ
—0—
ਸੱਜਣਾਂ ਦੀਆਂ ਬਾਤਾਂ ਦਾ
ਹੁੰਗਾਰਾ ਨਾ ਮਿਲਿਆ
ਅੱਖੀਆਂ ਕਮਜਾਤਾਂ ਦਾ
—0—
ਹਵਾ ਦੀਆਂ ਸ਼ੂਕਾਂ ਨੇ
ਯਾਰ ਉਡੀਕ ਦੀਆਂ
ਹੋਈਆਂ ਕੰਧਾਂ ਮਾਸ਼ੂਕਾਂ ਨੇ
—0—
ਮੰਜੀ ਛਾਂਵੇਂ ਡਾਨੀਂ ਆਂ
ਪਲਕਾਂ ਦੀਆਂ ਝੱਲ ਪੱਖੀਆਂ
ਅੱਗ ਪਿੰਡੇ ਦੀ ਬੁਝਾਨੀਂ ਆਂ
—0—
ਕੀ ਤੇਰੀ ਲੱਗਦੀ ਮੈਂ
ਜੀਂਦੇ ਜੀਅ ਬੁਝਾ ਵੇ ਗਿਉਂ

ਕੀ ਮਰਕੇ ਜਗਦੀ ਮੈਂ
—0—
ਫੱਟ ਦਿਲ ਦੇ ਸੀਂਦੀ ਹਾਂ
ਜੀਂਦੀ ਨੂੰ ਮਾਰ ਗਿਉਂ
ਪਈ ਮਰਕੇ ਜੀਂਦੀ ਹਾਂ
—0—
ਨਦੀਆਂ ਸੁੱਕੀਆਂ ਨੇ
ਦਰਿਆਵਾਂ ਨੇ ਮੁਖ ਮੋੜ ਲਏ
ਟੁੱਟ ਗਈਆਂ ਲਗੀਆਂ ਨੇ
—0—
ਤੈਨੂੰ ਰੱਬ ਦੀਆਂ ਰੱਖਾਂ ਨੇ
ਗਲੀ ਵਿੱਚੋਂ ਲੰਘ ਸੋਹਣਿਆ
ਸਾਡਾ ਬੂਹਾ ਹੀ ਅੱਖਾਂ ਨੇ
—0—
ਸੂਰਮੇ ਦੀ ਧਾਰੀ ਵੇ
ਅੱਖਾਂ 'ਚ ਗੁਆਚ ਗਈ
ਲੱਭਦੀ ਰਹੀ ਉਮਰਾਂ ਸਾਰੀ ਵੇ
—0—
ਧੁੱਪੇ ਸੜੀਆਂ ਛਾਂਵਾਂ ਨੇ
ਪੁੱਤਾਂ ਨੂੰ ਉਡੀਕ ਦੀਆਂ
ਹੋਈਆਂ ਕਬਰਾਂ ਮਾਂਵਾਂ ਨੇ
—0—
ਕੂੰਜਾ ਅਸਮਾਨੀ ਨੇ
ਨਦੀਆਂ ਵਿਸਾਰ ਦਿੱਤੀਆਂ
ਨਦੀਆਂ ਦੇ ਪਾਣੀ ਨੇ
—0—
ਪਿੱਪਲਾਂ ਦੀਆਂ ਛਾਂਵਾਂ ਨੇ
ਦੂਰ ਤੇਰਾ ਪਿੰਡ ਪੁੰਨਣਾ
ਥਲ ਹੋਈਆ ਰਾਹਵਾਂ ਨੇ

—0—
ਕੋਈ ਟੁਰ ਪ੍ਰਦੇਸ ਗਿਆ
ਸ਼ੀਸ਼ਾ ਚਿਹਰੇ ਦਾ
ਸੱਖਣਾਪਣ ਵੇਖ ਰਿਹਾ
—0—
ਡਾਢੇ ਦੁੱਖ ਨੇ ਮਿੱਤਰਾਂ ਨੂੰ
ਆਲ੍ਹਣੇ ਨੂੰ ਬੋਟ ਭੁੱਲ ਗਏ
ਭੁੱਲੇ ਪੰਛੀ ਬ੍ਰਿਖਾਂ ਨੂੰ
—0—
ਸਾਨੂੰ ਛੱਡ ਕੇ ਟੁਰ ਗਏ ਨੇ
ਦੀਵੇ ਨੈਣਾਂ ਦੇ
ਜਗ ਜਗ ਕੇ ਬੁੱਝ ਗਏ ਨੇ
—0—
ਦਿਲ ਦੇ ਨੇ ਵਹਿਣ ਕੁੜੇ
ਕੱਢ ਕੇ ਕਲੇਜਾ ਲੈ ਗਏ
ਜੋਗੀ ਦੇ ਨੈਣ ਕੁੜੇ
—0—
ਰੁੱਤਾਂ ਨੇ ਟਹਿਕ ਦੀਆਂ
ਮਹਿਕਾਂ ਕਲੀਆਂ ਦੀਆਂ
ਭਵਰੇ ਲਈ ਸਹਿਕ ਦੀਆਂ
—0—
ਅੱਗ ਦਿਲ ਦੀ ਭਟਕੀ ਹੈ
ਸਾਗਰ ਸੁੱਕ ਨੀ ਗਿਆ
ਬੁੱਝੀ ਪਿਆਸ ਨਾ ਜਲ ਦੀ ਹੈ
—0—
ਬ੍ਰਿਹਾ ਦਿਆਂ ਬੋਲਾਂ ਵੇ
ਸੜ ਕੇ ਸਵਾਹ ਹੋਈਆਂ
ਬਾਗ਼ਾਂ ਦੀਆਂ ਕੋਇਲਾਂ ਵੇ
—0—

ਦੀਵੇ ਦੀਆਂ ਬੱਤੀਆਂ ਨੇ
ਰਾਤਾਂ ਜਾਗਦਿਆਂ
ਤੇਰੇ ਹਿਜ਼ਰ 'ਚ ਕਟੀਆਂ ਨੇ
—0—
ਛਾਂਅ ਰੁੱਖਾਂ ਦੀ ਗੁੰਮ ਗਈ
ਰੌਣਕ ਅੱਖੀਆਂ ਦੀ
ਅੱਖੀਆਂ ਨਾਲ ਰੁਸ ਗਈ
—0—
ਕਪਾਹ ਦੀਆਂ ਫੁੱਟੀਆਂ ਨੇ
ਲੱਗੀਆਂ ਉਮਰਾਂ ਦੀਆਂ
ਪਲਾਂ 'ਚ ਟੁੱਟੀਆਂ ਨੇ
—0—
ਅੰਬੀਆਂ ਨੂੰ ਬੂਰ ਪਿਆ
ਰੇਸ਼ਮੀ ਗੁੱਡੀਆਂ ਦਾ
ਲੰਘ ਕੋਲੋਂ ਪੂਰ ਗਿਆ
—0—

# ਲੋਕ-ਟੱਪੇ
# ਉੱਡੀਕ ਅਨੁਭਵ

ਜ਼ਿੰਦ ਵਾਰਾਂ ਤੇਰੇ ’ਤੇ
ਗਲ਼ੀ ਕਿਤੇ ਭੁੱਲ ਨਾ ਜਾਵੇ
ਬਾਲ਼ਾਂ ਦੀਵਾ ਬਨ੍ਹੇਰੇ ’ਤੇ
—0—
ਇਕ ਝਾਤੀ ਪਾ ਅੜਿਆ
ਮਿੱਟੀ ਦੇ ਖਿਡਾਉਣੇ ਨੂੰ
ਬੋਲਣ ਲਾ ਅੜਿਆ
—0—
ਹੁਣ ਪਰਦਾ ਉੱਠਾ ਸੋਹਣਿਆ
ਉਧਰੀ ਮੈਂ ਫਿਰਦੀ
ਭੌਰਾ ਬਣ ਮੰਡਲਾ ਸੋਹਣਿਆ
—0—
ਤੰਦਾਂ ਰੇਸ਼ਮ ਬਰੀਕ ਦੀਆਂ
ਦਰ ਤੇਰਾ ਰਾਹ ਤੱਕਦਾ
ਵਿਹੜਾ ਕੰਧਾਂ ਉੱਡੀਕ ਦੀਆਂ
—0—
ਕਾਹਨੂੰ ਭੁੱਲ ਗਿਉਂ ਲੱਗੀਆਂ ਵੇ
ਤਨ ਦਾ ਤੰਦੂਰ ਤੱਪਦਾ
ਝੱਲਾਂ ਅੱਗ ਨੂੰ ਪੱਖੀਆਂ ਵੇ
—0—
ਸੌਂ ਚਲੀਆਂ ਗਲੀਆਂ ਨੇ
ਤੇਰਾ ਨਾ ਮੁਖ ਦਿਸਦਾ
ਅੱਖਾਂ ਰਾਹਾਂ ਵਿੱਚ ਬਲੀਆਂ ਨੇ
—0—
ਕਿਉਂ ਨਦੀ ਨੂੰ ਵਿਸਰ ਗਿਉਂ
ਦਰਿਆ ਦੇ ਪਾਣੀਆਂ ਵੇ

ਰੁੱਤ ਖੇੜੇ ਦੀ ਕਿੱਧਰ ਗਿਉਂ
—0—
ਪਾਵਾਂ ਚੂਰੀ ਕਾਂਵਾਂ ਨੂੰ
ਅੱਖੀਆਂ ਦੀ ਜੋਤ ਬੁਝ ਗਈ
ਤੱਕਦੀ ਤੇਰੇ ਰਾਹਾਂ ਨੂੰ
—0—
ਅੱਗ ਲੱਗ ਗਈ ਪਾਣੀ 'ਤੇ
ਅੱਜ ਨਾ ਜੇ ਆਇਉ ਵੈਰੀਆਂ
ਪਾਣੀ ਫਿਰ ਜਾਊ ਜਵਾਨੀ 'ਤੇ
—0—
ਅਸਮਾਨੀ ਤਾਰੇ ਨੇ
ਕਬਰਾਂ ਦੀ ਚੁੱਪ ਨੂੰ ਬੀਬਾ
ਤੇਰੇ ਬੋਲ ਪਿਆਰੇ ਨੇ
—0—
ਪਈ ਉੱਠ ਉੱਠ ਭੱਜ ਨੀ ਆਂ
ਗਲ਼ੀ ਵਿੱਚੋਂ ਲੰਘ ਨਾ ਜਾਏ
ਆ ਬੂਹੇ 'ਤੇ ਖੜ੍ਹ ਨੀ ਆਂ
—0—
ਬਾਲ਼ਾਂ ਦੀਵੇ ਬਨ੍ਹੇਰੇ 'ਤੇ
ਭੁੱਲੇ ਨਾ ਘਰ ਸੋਹਣਿਆ
ਗਲ਼ੀਆਂ 'ਚ ਹਨੇਰੇ ਨੇ
—0—
ਦੁੱਧ ਪਈ ਰਿੜਕਾਂ ਵੇ
ਗਲੀ ਵਿੱਚੋਂ ਕਦੋਂ ਲੰਘਦਾ
ਫਿਰਾਂ ਲੈਂਦੀ ਬਿੜਕਾਂ ਵੇ
—0—
ਕੁੱਲੀ ਯਾਰ ਦੀ ਦੀਵਾ ਏ
ਹਨੇਰੇ 'ਚ ਜਗਦਾ ਪਿਆ
ਸਿਰਨਾਵਾਂ ਤੇਰਾ ਹੈ

—0—
ਕਦੀ ਸੁਫ਼ਨੇ ’ਚ ਆ ਚੰਨ ਵੇ
ਨੀਂਦਰ ਦੀ ਬੁੱਕਲ ’ਚ
ਚੰਨ ਬਣ ਚੜ੍ਹ ਜਾ ਚੰਨ ਵੇ
—0—
ਤੇਰਾ ਰਾਹ ਪਈ ਤੱਕਦੀ ਆਂ
ਦਿਲ ਵਿੱਚ ਯਾਦ ਤੇਰੀ
ਅੱਖਾਂ ਬੂਹੇ ’ਤੇ ਰੱਖਦੀ ਆਂ
—0—
ਚੁਲ੍ਹੇ ਵਿੱਚ ਅੱਗ ਬਲ਼ਦੀ
ਸਾਹਵੇਂ ਬੈਠੀ ਮੈਂ ਪਿਘਲਾ
ਜ਼ਿੰਦ ਠੰਡੇ ਸਾਹ ਭਰਦੀ
—0—
ਬਾਗੀਂ ਜਾਮਣਾਂ ਪੱਕੀਆਂ ਨੇ
ਸੁਗਾਤਾਂ ਰੂਪ ਦੀਆਂ
ਸਾਂਭ ਤੇਰੇ ਲਈ ਰੱਖੀਆਂ ਨੇ
—0—
ਸਾਨੂੰ ਲਾਰੇ ਨਾ ਲਾ ਚੰਨ ਵੇ
ਨੈਣਾਂ ਦੇ ਚਿਰਾਗ ਬੁਝ ਗਏ
ਨਾ ਦੀਵਾ ਦਿਲ ਦਾ ਬੁਝਾ ਚੰਨ ਵੇ
—0—
ਸਾਡੀ ਭਰੀ ਜਵਾਨੀ
ਤੇਰੇ ਤੋਂ ਸ਼ੁਰੂ ਹੋ ਕੇ
ਤੇਰੇ ਤੇ ਹੀ ਮੁੱਕ ਜਾਣੀ
—0—
ਉੱਚੇ ਕੱਦ ਨੇ ਪਹਾੜਾਂ ਦੇ
ਜੱਗ ਤੋਂ ਬਚਾਲੈ ਸੋਹਣਿਆ
ਜੌਬਨ ਗੰਦਲੀ ਮੁਟਿਆਰਾਂ ਦੇ
—0—

ਫੈਲੀ ਖ਼ੁਸ਼ਬੂ ਸਾਡੀ ਏ
ਚੰਨਾਂ ਤੇਰੇ ਮਿਲਣੇ ਲਈ
ਪਾਈ ਪੌਣਾਂ ’ਤੇ ਕਾਠੀ ਏ
—0—
ਕਲੀਆਂ ਦੀਆਂ ਸੰਗਾਂ ਵੇ
ਵੀਣੀਂ ਤਰਸ ਗਈ
ਆ ਵੇਚਣ ਵੰਗਾਂ ਵੇ
—0—
ਝੱਲਦੀ ਆਂ ਪੱਖੀਆਂ ਵੇ
ਮੁੜ੍ਹਕੇ ’ਚੋਂ ਰੰਗ ’ਚੋਂ ਗਿਆ
ਭਰ ਆਈਆਂ ਅੱਖੀਆਂ ਵੇ
—0—
ਹਰੀਆਂ ਵੇਲਾਂ ਨੇ
ਛੁੱਟੀ ਲੈ ਕੇ ਆਜਾ ਸੋਹਣਿਆ
ਅੱਗਾਂ ਹੋਈਆਂ ਤ੍ਰੇਲਾਂ ਨੇ
—0—
ਹਿਰਨਾਂ ਦੀਆਂ ਡਾਰਾਂ ਨੇ
ਕਸਤੂਰੀ ਭਾਲ਼ਦਿਆਂ
ਆ ਗਈਆਂ ਉਜਾੜਾਂ ਨੇ
—0—
ਅਸਾਂ ਸਾਗਰ ਤਰਿਆ ਹੈ
ਅੰਬੀਆਂ ਪੱਕ ਵੇ ਗਈਆਂ
ਜੋਬਨ ਰਸ ਭਰਿਆ ਹੈ
—0—
ਚੁੱਲ੍ਹਾ–ਚੌਂਕਾ ਕਰਦੀ ਹਾਂ
ਹਵਾ ਸੰਗ ਬੂਹਾ ਖੜਕੇ
ਉੱਠ ਬੂਹੇ ਵਲ ਭਜਦੀ ਹਏ
—0—
ਰਾਤਾਂ ਢਲ ਚਲੀਆਂ ਨੇ

ਤੇਰਾ ਨਾ ਮੁਖ ਤੱਕਿਆ
ਸੌਂ ਗਈਆਂ ਗਲੀਆਂ ਨੇ
—0—
ਪਾਣੀ ਸੁੱਕ ਗਏ ਖੂਹਾਂ ਦੇ
ਸਮੁੰਦਰ ਥਲ ਹੋ ਗਿਆ
ਖੜੀ ਪਿਆਸ ਬਰੂਹਾਂ ਤੇ
—0—
ਠੰਡੀ ਚੰਨ ਦੀ ਚਾਂਦਨੀ ਏ
ਦੁਨੀਆ ਦਾ ਡਰ ਕੋਈ ਨਾ
ਅਸਾਂ ਜ਼ਿੰਦਗੀ ਮਾਣਨੀ ਏ
—0—
ਸਾਗਰ ਵਿੱਚ ਤਾਰੇ ਨੇ
ਚੰਨ ਲਹਿਰਾਂ ’ਤੇ ਪਾ ਕਾਠੀ
ਪੌਣਾਂ ਦੇ ਸਹਾਰੇ ਨੇ
—0—
ਰਾਤਾਂ ਢਲ਼ੀਆਂ ਨੇ
ਜੋਤਾਂ ਨੈਣਾਂ ਦੀਆਂ
ਅੱਥਰੂ ਬਣ ਜਗੀਆਂ ਨੇ
—0—
ਸਾਗਰ ਦੇ ਉਛਾਲੇ ਨੇ
ਡੁੱਬਦੀਆਂ ਬੇੜੀਆਂ ਨੂੰ
ਤੂਫ਼ਾਨਾਂ ਦੇ ਸਹਾਰੇ ਨੇ
—0—
ਰੋਟੀ ਤਵੇ ’ਤੇ ਪਾਨੀ ਆਂ
ਕੋਲੇ ਦਿਲ ਦੇ ਬੁਝਾਨੀ ਆਂ
—0—
ਸੱਜਣ ਪ੍ਰਦੇਸ ਗਏ
ਗੁੱਤਾਂ ਕਰਦੀ ਦੇ
ਆਪੇ ਖੁੱਲ੍ਹ ਕੇਸ ਗਏ

—0—

ਅੰਗ ਦੇਹ ਦੇ ਤਪਦੇ ਨੇ
ਤੇਰੀਆਂ ਉੱਡੀਕਾਂ ਵਿੱਚ
ਦੀਵੇ ਨੈਣਾਂ ਦੇ ਬਲ਼ਦੇ ਨੇ

—0—

ਨਦੀ ਜਲ ਤੋਂ ਅੱਗ ਹੋਈ
ਹਿਜਰਾਂ ਵਿੱਚ ਸੜਦੀ
ਸਾਗਰ ਦਾ ਥਲ ਹੋਈ

—0—

# ਲੋਕ-ਟੱਪੇ

# ਕਿੱਤਾ ਅਨੁਭਵ

ਲਾਈ ਪਗੜੀ ਨੂੰ ਮਾਂਡੀ ਏ
ਗਹਿਣੇ ਮਾਹੀਏ ਦੇ
ਸਾਡੀ ਤੇਸੀ ਕਾਂਡੀ ਏ
—0—
ਤੰਦ ਧਾਗੇ ਬਰੀਕ ਦੀ ਏ
ਪਤਨੀ ਡਰਾਇਵਰ ਦੀ
ਕੰਘੀ ਕਰਕੇ ਉੱਡੀਕਦੀ ਏ
—0—
ਬੱਦਲ ਪਏ ਵਰ੍ਹਦੇ ਨੇ
ਦੇਸ਼ ਦੀ ਭੁੱਖ ਖਾਤਿਰ
ਲੋਕੀਂ ਖੇਤੀ ਕਰਦੇ ਨੇ
—0—
ਮੁੰਡਾ ਪਿੰਡ ਬਾਦਲ ਦਾ
ਦਿਲ ਵਿੱਚ ਵਸਦਾ ਹੈ
ਪ੍ਰੋਫ਼ੈਸਰ ਕਾਲਜ਼ ਦਾ
—0—
ਛੰਨਾਂ ਭਰਿਆ ਸ਼ਰਬਤ ਦਾ
ਸਿਰ ਦਾ ਸਾਂਈ ਮੇਰਾ
ਇਕ ਬਾਬੂ ਦਫ਼ਤਰ ਦਾ
—0—
ਖੂਹ ਮਿੱਠੇ ਪਾਣੀ ਦਾ
ਝਲਿਆ ਨਾ ਰੋਹਬ ਜਾਏ
ਅਫ਼ਸਰ ਦੀ ਜ਼ਨਾਨੀ ਦਾ
—0—
ਦਰਿਆ ਵਿੱਚ ਰੇਤਾਂ ਏ
ਕੱਢ ਕੇ ਹਿੱਕ ਟੁਰਦੀ

ਸਾਂਈ ਸਿਰ ਦਾ ਨੇਤਾ ਏ
—0—
ਧੋਬੀ ਕੱਪੜੇ ਸੁਕਾਂਦਾ ਏ
ਮਾਹੀ ਮੇਰਾ ਸੋਹਣਾ ਜਿਹਾ
ਸ਼ਹਿਰ ਬੱਸ ਚਲਾਉਂਦਾ ਏ
—0—
ਅਸੀਂ ਸੁਰਮਾ ਨਾ ਪਾਇਆ ਏ
ਚੰਨ ਸਾਡਾ ਸੁਬ੍ਹਾ ਦਾ ਗਿਆ
ਅਜੇ ਹੱਟੀਉਂ ਨਾ ਆਇਆ ਹੈ
—0—
ਰੇਸ਼ਮੀ ਬਸਤਰ ਏ
ਲੜ ਲੱਗੀ ਜਿਸ ਦੇ ਮੈਂ
ਉਹ ਸਕੂਲ ਦਾ ਮਾਸਟਰ ਏ
—0—
ਦੀਵਾ ਕੁੱਲੀ ਦਾ ਬਲਦਾ ਏ
ਕੱਪੜੇ ਮੈਂ ਸੀਂਦੀ
ਉਹ ਮਜ਼ਦੂਰੀ ਕਰਦਾ ਏ
—0—
ਭੱਠੀ ਭੱਠਿਆਰੇ ਦੀ
ਲਿਸ਼ਕੀ ਪੁਸ਼ਕੀ ਨੀ
ਵਹੁਟੀ ਸੁਨਿਆਰੇ ਦੀ
—0—
ਬੜੀ ਚਮਕ ਹੈ ਛੱਲੇ ਦੀ
ਬੋਚ ਬੋਚ ਪੈਰ ਰੱਖਦੀ
ਇਹ ਨੈਣ ਮੁੱਹਲੇ ਦੀ
—0—
ਮੁੰਡਾ ਸੁਸ਼ੀਲ ਕੋਈ
ਦਿਲ ਸਾਡਾ ਲੈ ਨੀ ਗਿਆ
ਕਚਹਿਰੀ ਦਾ ਵਕੀਲ ਕੋਈ

—0—
ਦੁੱਧ ਖਾਲਿਸ ਡਾਇਰੀ ਦਾ
ਤੇਰਾ ਦੱਸ ਕੀ ਲੱਗਦਾ
ਮੁਨਸ਼ੀ ਉਹ ਕਚਹਿਰੀ ਦਾ
—0—
ਰੁੱਤ ਬਸੰਤ ਬਹਾਰ ਦੀ ਏ
ਪਿੰਡ ਵਿੱਚ ਰੋਹਬ ਰੱਖਦੀ
ਰੰਨ ਥਾਨੇਦਾਰ ਦੀ ਏ
—0—
ਲੰਬੀ ਗਰਦਨ ਸ਼ੀਸ਼ੀ ਦੀ
ਧਰਤੀ ’ਤੇ ਪੈਰ ਨਾ ਧਰੇ
ਪਤਨੀ ਡੀਸੀ ਦੀ
—0—
ਗੱਡੀ ਮੇਲ ਤੂਫ਼ਾਨ ਦੀ ਏ
ਬਣ ਬਣ ਜੱਜ ਬਹਿੰਦੀ
ਵਹੁਟੀ ਕਪਤਾਨ ਦੀ ਏ
—0—
ਖੱਲ ਵਾਲ਼ੋਂ ਉਤਾਰਦੀ ਏ
ਪਤਨੀ ਪਤੰਗ ਵਰਗੀ
ਤੀਵੀਂ ਸੂਬੇਦਾਰ ਦੀ ਏ
—0—
ਕੋਈ ਦੀਵਾ ਜਗਾਉਂਦਾ ਹੈ
ਸਾਡਾ ਵੀ ਹੈ ਚੁੱਲ੍ਹਾ ਬਲ਼ਦਾ
ਭਾਵੇਂ ਰੇੜੀ ਲਾਉਂਦਾ ਹੈ
—0—
ਕੀ ਮੜਕ ਕੁਆਰੀ ਦੀ
ਸੂਟ ਪਾ ਕੇ ਸੱਤ ਰੰਗੀਆ
ਰੰਨ ਫਿਰਦੀ ਲਲਾਰੀ ਦੀ
—0—

ਰੱਬ ਦਾ ਭਾਣਾ ਏ
ਪੁੱਤ ਧੀ ਸਕੂਲੇ ਪੜ੍ਹ ਦੇ
ਸਾਡਾ ਕੰਮ ਤਰਖਾਣਾ ਏ
—0—
ਸਾਨੂੰ ਲੱਗਦਾ ਪਿਆਰਾ ਏ
ਲੋਹੇ ਦੇ ਹਾਂ ਸੰਦ ਘੜਦੇ
ਸਾਡਾ ਕਿੱਤਾ ਲੋਹਾਰਾ ਏ
—0—
ਜ਼ਿੰਦਗੀ ਦਾ ਦਮ ਲੋਕੋ
ਸਾਡੀ ਨਹੀਂ ਦਿਹਾੜੀ ਟੁੱਟਦੀ
ਸਾਡਾ ਆਪਣਾ ਹੈ ਕੰਮ ਲੋਕੋ
—0—
ਹੱਟ ਪੰਸਾਰੀ ਦੀ
ਮਰਲੇ ਮਿਣਦੀ ਫਿਰੇ
ਰੰਨ ਪਟਵਾਰੀ ਦੀ
—0—
ਗੱਲ ਵੱਡੇ ਹੈਂਸਰ ਦੀ
ਨਾ ਹੱਟੀਉਂ ਉਧਾਰ ਮੰਗਦੀ
ਰੰਨ ਬੈਂਕ ਦੇ ਮੈਨੇਜਰ ਦੀ
—0—
ਹਨੇਰੀ ਕਹਿਰ ਦੀ ਹੈ
ਸੁਥਣ ਨੂੰ ਟਾਂਕੇ ਲਾਉਂਦੀ
ਪਤਨੀ ਉਹ ਸ਼ਾਇਰ ਦੀ ਹੈ
—0—
ਅੱਗ ਚੁੱਲ੍ਹੇ ਬਲ਼ਦੀ ਏ
ਧੁੱਪੇ ਮਾਹੀ ਕੰਮ ਕਰਦਾ
ਜ਼ਿੰਦ ਮੇਰੀ ਸੜਦੀ ਏ
—0—
ਡਿੱਗੀ ਏ ਸਕੂਟਰ ਦੀ

ਗਿਣ ਦੀ ਉਂਗਲਾਂ 'ਤੇ
ਸ਼ੌਂਕਣ ਕੰਪਿਊਟਰ ਦੀ
—0—
ਪੁੱਤ ਸਾਡਾ ਗੋਲੂ ਏ
ਮੈਂ ਰੰਨ ਤੇਲੀ ਦੀ
ਸਾਡਾ ਘਰ ਦਾ ਕੋਹਲੂ ਏ
—0—
ਬੁੱਤ ਰੱਬ ਦਾ ਬਣਾਇਆ ਏ
ਪੇਂਜਾ ਸਾਡਾ ਘਰ ਵਾਲਾ
ਸਾਡਾ ਕੰਮ ਜੁਲਾਹਿਆ ਏ
—0—
ਅੰਬਰਾਂ 'ਤੇ ਤਾਰਾ ਏ
ਭਾਂਡੇ ਮੈਂ ਥੱਪ ਦੀ
ਸਾਡਾ ਕੰਮ ਘੁਮਿਆਰਾ ਏ
—0—
ਹਵਾ ਦਾ ਗੁਬਾਰਾ ਏ
ਜੁੱਤੀਆਂ ਅਸੀਂ ਗੰਢਦੇ
ਸਾਡਾ ਕਿੱਤਾ ਚਮਿਆਰਾ ਏ
—0—
ਸੁਖ ਮੰਗਾਂ ਰਾਸ਼ਟਰ ਦੀ
ਦੁੱਖੀਆਂ ਦੇ ਦੁੱਖ ਹਰਦੇ
ਪਤਨੀ ਮੈਂ ਡਾਕਟਰ ਦੀ
—0—
ਘੜੀ ਮੇਰੇ ਮਨ ਦੀ ਹੈ
ਗੋਹਾ ਕੂੜਾ ਕੰਮ ਸਾਡਾ
ਜਾਤੀ ਹਰੀਜਨ ਦੀ ਹੈ
—0—
ਹੀਰੋਇਨ ਸੀਅਰਲ ਦੀ
ਪੁਰਜੇ ਇਕੱਠੇ ਕਰਦੀ

ਮੈਂ ਰੰਨ ਇੰਜਨੀਅਰ ਦੀ
—0—
ਲੱਸੀ ਏ ਚਾਟੀ ਦੀ
ਕੰਮ ਸਾਡਾ ਸੇਵਾ ਕਰਨੀ
ਮੈਂ ਰੰਨ  ਚਪੜਾਸੀ ਦੀ
—0—
ਚੁੰਨੀ ਹੈ ਜਾਲੀ ਦੀ
ਦੇਖ ਰੇਖ ਬੂਟਿਆਂ ਦੀ
ਘਰ ਵਾਲੀ ਮੈਂ ਮਾਲੀ ਦੀ
—0—
ਮੇਰੀ ਟੁੱਟ ਗਈ ਲੱਗਦੀ ਕੀ
ਨੰਗਿਆ ਦਾ ਤਨ ਢੱਕਣਾ
ਪਤਨੀ ਮੈਂ ਦਰਜ਼ੀ ਦੀ
—0—
ਤੱਕ ਚਾਲ ਕੁਆਰੀ ਦੀ
ਲੂਣ ਤੇਲ ਵੇਚਦੇ ਹਾਂ
ਸਾਡੀ ਹੱਟ ਪੰਸਾਰੀ ਦੀ
—0—
ਕੀ ਦੁਨੀਆ 'ਚੋਂ ਤੱਕਦੇ ਹਾਂ
ਕੰਮ ਸਾਰੇ ਬੰਦਿਆਂ ਦੇ
ਬੰਦੇ ਸਭ ਰੱਬ ਦੇ ਹਾਂ
—0—
ਕਿਨਾਰੀ ਦਾ ਗੋਟਾ ਏ
ਕੋਈ ਕੰਮ ਮਾੜਾ ਨਹੀਂ
ਕੰਮ ਵੱਡਾ ਨਾ ਛੋਟਾ ਏ
—0—